# PUNJAB VIDHAN SABHA

*Tuesday, the 9th March, 2021*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Rana Kanwar Pal Singh) in the Chair.*

---

## POSTPONED STARRED QUESTIONS AND ANSWERS

**ਮਾਨਯੋਗ ਸਪੀਕਰ** : ਸਭ ਤੋਂ ਪਹਿਲਾਂ ਮੁਲਤਵੀ ਕੀਤੇ ਗਏ ਪ੍ਰਸ਼ਨ ਲਏ ਜਾਣਗੇ। ਸ਼੍ਰੀ ਰਜਿੰਦਰ ਬੇਰੀ।

**ਨਿਸ਼ਾਨ ਵਾਲਾ ਪ੍ਰਸ਼ਨ ਨੰ: 3030**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

**Minister for Sports and Youth Services (Rana Gurmeet Singh Sodhi)**: Speaker Sahib, what would you advise ? ਜੇਕਰ ਉਹ ਐਬਸੈਂਟ ਹਨ because it is my question.

**ਮਾਨਯੋਗ ਸਪੀਕਰ** : ਇਸ ਬਾਰੇ ਮੈਂ ਤੁਹਾਨੂੰ ਦੱਸ ਦਿੰਦਾ ਹਾਂ। ਸਾਰੇ ਹਾਊਸ ਨੂੰ ਵਿਸ਼ਵਾਸ ਵਿੱਚ ਲੈ ਕੇ ਇਸ ਨੂੰ ਬਿਜ਼ਨਸ ਐਡਵਾਈਜ਼ਰੀ ਕਮੇਟੀ ਵਿੱਚ ਰੱਖਾਂਗੇ। ਇਹ ਬਹੁਤ ਵਾਰ ਹੋ ਰਿਹਾ ਹੈ ਕਿ ਵਜ਼ੀਰ ਸਾਹਿਬ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਹੋ ਕੇ ਆਉਂਦੇ ਹਨ ਅਤੇ ਮੈਂਬਰ ਸਾਹਿਬ ਸਵਾਲ ਲਗਾ ਕੇ ਫੇਰ ਨਹੀਂ ਆਉਂਦੇ। ਇਸ ਬਾਰੇ ਸਾਨੂੰ ਕੁਝ ਨਾ ਕੁਝ ਮੈਕੇਨਿਜ਼ਮ ਬਣਾਉਣਾ ਪਵੇਗਾ। ਇਸ ਸੈਸ਼ਨ ਵਿੱਚ ਤਾਂ ਨਹੀਂ ਲੇਕਿਨ ਅਗਲੇ ਸੈਸ਼ਨ ਤੋਂ ਪਹਿਲਾਂ ਅਸੀਂ ਇਸ ਮੈਕੇਨਿਜ਼ਮ ਨੂੰ ਲਾਗੂ ਕਰਾਂਗੇ।

**Minister for Sports and Youth Services** : Sir, now am I supposed to answer or it is gone?

**Mr. Speaker** : No, no. It is gone.

**ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ)** : ਸਪੀਕਰ ਸਾਹਿਬ, ਲਾਸਟ ਟਰਮ ਵਿੱਚ ਇਹ ਸੀ ਕਿ ਜਿਹੜਾ ਵਜ਼ੀਰ ਹੁੰਦਾ ਸੀ, ਉਹ ਆਪਣਾ ਜਵਾਬ ਦੇ ਦਿੰਦਾ ਸੀ ਭਾਵੇਂ ਮੈਂਬਰ ਐਬਸੈਂਟ ਹੁੰਦਾ ਸੀ। ਤੁਸੀਂ ਇਹ ਕਰਵਾ ਦਿਓ ਤਾਂ ਜ਼ਿਆਦਾ ਵਧੀਆ ਹੋ ਜਾਵੇਗਾ।

**ਮਾਨਯੋਗ ਸਪੀਕਰ** : ਇਸ ਤੇ ਵਿਚਾਰ ਕਰਾਂਗੇ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ** : ਸਪੀਕਰ ਸਾਹਿਬ, ਸਾਲ 2014 ਵਾਲੀ ਟਰਮ ਵਿੱਚ ਅਜਿਹਾ ਹੁੰਦਾ ਸੀ।

**ਮਾਨਯੋਗ ਸਪੀਕਰ** : ਇਸ ਤੇ ਵਿਚਾਰ ਕਰਾਂਗੇ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 3038**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

***3147. ਉੱਤਰ ਵਲੋਂ ਤਕਨੀਕੀ ਸਿੱਖਿਆ ਮੰਤਰੀ – ਪੰਜਾਬੀ ਵਿਚ**

**ਸਰਦਾਰ ਰਣਦੀਪ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਦਾ ਸ਼ੁਕਰਗੁਜ਼ਾਰ ਵੀ ਹਾਂ ਕਿ ਇਨ੍ਹਾਂ ਨੇ ਆਪਣੇ ਜਵਾਬ ਵਿੱਚ ਲਿਖਿਆ ਹੈ ਕਿ ਨਵਾਂ ITI ਅਮਲੋਹ ਦੇ ਭਗਵਾਨਪੁਰਾ ਵਿੱਚ ਸੈੱਟ ਕੀਤਾ ਜਾਵੇਗਾ। ਮੇਰੇ ਕੋਲ 15 ਅਗਸਤ, 2019 ਦੇ ਕਾਗਜ਼ ਪਏ ਹਨ, ਜਦੋਂ ਇਹ ਜ਼ਿਲ੍ਹੇ ਵਿੱਚ ਬਤੌਰ ਮੁੱਖ ਮਹਿਮਾਨ ਗਏ ਸਨ ਅਤੇ ਤਿੰਨ ITIs ਬਾਰੇ ਅਨਾਊਂਸ ਕੀਤਾ ਸੀ। ਜਿਹੜਾ ਇਨ੍ਹਾਂ ਨੇ ਸਾਲ 2020 ਵਿੱਚ ਜਵਾਬ ਦਿੱਤਾ ਸੀ ਕਿ ਇਹ ITI Punjab Police Housing Corporation ਬਣਾ ਰਹੀ ਹੈ ਅਤੇ ਇਸ ਦੇ ਕੰਮ ਸਬੰਧੀ ਟੈਂਡਰ 1 ਮਾਰਚ, 2021 ਨੂੰ ਐਲੋਕੇਟ ਕੀਤਾ ਗਿਆ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਜਿਹੜਾ ਸਮਾਂ ਇਨ੍ਹਾਂ ਨੇ ਨਿਸ਼ਚਿਤ ਕੀਤਾ ਹੈ, ਕੀ ਉਸ 9 ਮਹੀਨੇ ਦੇ ਅੰਦਰ ਇਸ ਨੂੰ ਕੰਪਲੀਟ ਕੀਤਾ ਜਾਵੇਗਾ? ਕੀ ਕਾਂਟ੍ਰੈਕਟ ਦੇ ਅਧੀਨ ਕੋਈ ਪੈਨਲਟੀ ਰੱਖੀ ਗਈ ਹੈ ਜੇਕਰ ਉਹ 9 ਮਹੀਨੇ ਦੇ ਅੰਦਰ ਅੰਦਰ ਇਸ ਨੂੰ ਕੰਪਲੀਟ ਨਹੀਂ ਕਰਦਾ? ਦੂਜੀ ਬੇਨਤੀ ਇਹ ਹੈ ਕਿ 50:50 ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਅਤੇ ਆਈ.ਕੇ.ਜੀ ਪੀ.ਟੀ.ਯੂ ਕਪੂਰਥਲਾ ਇਸ ਦਾ ਪੈਸਾ ਦੇਣਗੇ, ਇਸ ਦਾ ਕਿਰਪਾ ਕਰਕੇ ਮੈਨੂੰ ਵੇਰਵਾ ਦੇ ਦੇਣਗੇ? ਜਿਹੜੀ ਪੈਨਲਟੀ ਕਲਾਜ਼

ਰੱਖੀ ਗਈ ਹੈ ਕਿ ਜੇਕਰ 9 ਮਹੀਨਿਆਂ ਵਿੱਚ ਪੂਰਾ ਨਹੀਂ ਹੁੰਦਾ ਤਾਂ ਠੇਕੇਦਾਰ ਵਿਰੁੱਧ ਪੈਨਲਟੀ ਕਲਾਜ਼ ਅਧੀਨ ਕੀ ਕਾਰਵਾਈ ਕੀਤੀ ਜਾਵੇਗੀ?

**ਮਾਨਯੋਗ ਸਪੀਕਰ** : ਜਵਾਬ ਆਉਣ ਦਿਓ, ਜਵਾਬ ਆਉਣ ਦਿਓ।(ਵਿਘਨ...ਸ਼ੋਰ)

**ਮੰਤਰੀ** : ਮਾਨਯੋਗ ਸਪੀਕਰ, ਅਸੀਂ ਪੰਜਾਬ ਵਿੱਚ 19 ਨਵੀਆਂ ITIs ਖੋਲ੍ਹ ਰਹੇ ਹਾਂ, ਇਕ ਹੋਰ ITI ਸੀ.ਐਮ ਸਾਹਿਬ ਨੇ ਭੇਜੀ ਹੈ, ਜਿਸ ਨੂੰ ਮਿਲਾ ਕੇ 20 ਨਵੀਆਂ ITIs ਪੰਜਾਬ ਵਿੱਚ ਖੋਲ੍ਹੀਆਂ ਜਾ ਰਹੀਆਂ ਹਨ। ਇਹ ਪਹਿਲੀ ਵਾਰ ਹੈ ਕਿ ਇੰਨੀ ਵੱਡੀ ਗਿਣਤੀ ਵਿੱਚ ITIs ਅਤੇ ਕਾਲਜ ਪੰਜਾਬ ਵਿੱਚ ਸਥਾਪਤ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ 11 ਹੋਰ ਪਾਈਪਲਾਈਨ ਵਿੱਚ ਹਨ। ਪੰਜਾਬ ਵਿੱਚ ਟੈਕਨੀਕਲ ਐਜੂਕੇਸ਼ਨ ਵਾਸਤੇ ITIs ਦਾ ਬਹੁਤ ਜ਼ਿਆਦਾ ਰੁਝਾਨ ਬਣਿਆ ਹੈ। ਪਿਛਲੀ ਵਾਰ 22,000 ਦੀ ਐਡਮਿਸ਼ਨ ਸੀ। ਸਾਡੇ ਕੋਲ ਕੁੱਲ ਸੀਟਾਂ 23,000 ਹਨ। ਇਸ ਵਾਰ ਇਨ੍ਹਾਂ ਵਿੱਚ 100% ਐਡਮਿਸ਼ਨ ਹੋਈ ਹੈ, ਜਿਸ ਕਾਰਨ ਅਸੀਂ ਸੀਟਾਂ ਵਧਾ ਕੇ 37,000 ਕੀਤੀਆਂ ਹਨ। 37000 ਸੀਟਾਂ ਵੀ ਸਾਡੀਆਂ ਸਾਰੀਆਂ ਭਰ ਗਈਆਂ ਹਨ। ਸਾਨੂੰ 17000 ਬੱਚੇ ਵਾਪਸ ਮੋੜਨੇ ਪਏ ਹਨ ਜਿਨ੍ਹਾਂ ਨੂੰ ਸਾਡੇ ਕੋਲ ਜਗ੍ਹਾ ਨਾ ਹੋਣ ਕਰਕੇ ਅਸੀਂ ਐਡਮਿਸ਼ਨ ਨਹੀਂ ਦੇ ਸਕੇ। ਸਰ, ਇਸ ਸਰਕਾਰ ਦੇ ਚਾਰ ਸਾਲਾਂ ਦੇ ਵਿੱਚ ਇੰਨੀ ਐਡਮਿਸ਼ਨ ਹੋਈ ਹੈ। ਪਹਿਲਾਂ ਪੌਲੀਟੈਕਨਿਕ ਕਾਲਜਾਂ ਵਿੱਚ 40% ਐਡਮਿਸ਼ਨ ਹੀ ਹੁੰਦੀ ਸੀ। ਇਸ ਸਾਲ 87% ਐਡਮਿਸ਼ਨਜ਼ ਹੋਈਆਂ ਹਨ।

**ਮਾਨਯੋਗ ਸਪੀਕਰ:** ਮੰਤਰੀ ਜੀ, ਤੁਸੀਂ ਇਸ ਦੇ ਬਾਰੇ ਦੱਸੋ ਜੋ ਨਾਭਾ ਜੀ ਨੇ ਸਵਾਲ ਪੁੱਛਿਆ ਹੈ।

**ਮੰਤਰੀ:** ਸਰ, ਇਸ ਬਾਰੇ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਤਹਿਤ ਤੁਹਾਡੇ ਹਲਕੇ ਵਿੱਚ ਵੀ ਇੱਕ ਆਈ.ਟੀ.ਆਈ. ਵੀ ਬਣ ਰਹੀ ਹੈ।

**ਮਾਨਯੋਗ ਸਪੀਕਰ:** ਉਹ ਵੀ ਸ਼ੁਰੂ ਨਹੀਂ ਹੋ ਰਹੀ।

**ਮੰਤਰੀ:** ਸਪੀਕਰ ਸਾਹਿਬ, ਮੈਂ ਇਸੇ ਕਰਕੇ ਜਵਾਬ ਦੇ ਰਿਹਾ ਹਾਂ। ਅਸੀਂ ਤਿੰਨ ਆਈ.ਟੀ.ਆਈਜ਼ ਪੁਲਿਸ ਕਾਰਪੋਰੇਸ਼ਨ ਨੂੰ ਦਿੱਤੀਆਂ ਸੀ। ਉਸ ਦੇ ਵਿੱਚ ਸਾਨੂੰ ਇੱਕ ਅੜਚਨ ਆ ਗਈ ਕਿ ਅਸੀਂ ਟੈਕਨੀਕਲ ਐਜੂਕੇਸ਼ਨ ਬੋਰਡ ਤੋਂ ਪੈਸੇ ਲੈਣੇ ਹਨ, ਉਨ੍ਹਾਂ ਨੇ ਸਾਨੂੰ ਕਿਹਾ ਕਿ ਉਹ ਤਾਂ ਪੀ.ਡਬਲਿਊ.ਡੀ. ਨੂੰ ਹੀ ਪੈਸੇ ਦੇ ਸਕਦੇ ਹਾਂ। ਉਨ੍ਹਾਂ ਦੀ ਇਸ ਸਬੰਧ ਵਿੱਚ ਕੋਈ ਪਹਿਲਾਂ ਦੀ ਹਿਡਨ ਪ੍ਰੋਵੀਜ਼ਨ ਸੀ। ਸਾਨੂੰ ਉਸ ਦਾ ਪਤਾ ਨਹੀਂ ਸੀ। ਫਿਰ ਅਸੀਂ ਉਨ੍ਹਾਂ ਤੋਂ ਮਤਾ ਪਾਸ ਕਰਵਾਇਆ ਕਿ ਇਨ੍ਹਾਂ ਤਿੰਨ ਆਈ.ਟੀ.ਆਈਜ਼ ਦੇ ਜਿਹੜੇ 50% ਪੈਸੇ ਉਨ੍ਹਾਂ ਨੇ ਦੇਣੇ ਹਨ, ਤੁਹਾਡੀ ਪੁਲਿਸ ਕਾਰਪੋਰੇਸ਼ਨ ਨੂੰ ਵੀ ਦੇ

ਦਿੱਤੇ ਜਾਣ। ਸਰ, ਉਨ੍ਹਾਂ ਨੇ ਰੈਜੋਲਿਊਸ਼ਨ ਇਸ ਸਬੰਧੀ ਪਾ ਦਿੱਤਾ ਹੈ, ਸਿਰਫ ਫਾਈਨਾਂਸ ਡਿਪਾਰਟਮੈਂਟ ਦੇ ਜਿਹੜੇ ਸੈਕਟਰੀ ਹਨ, ਉਨ੍ਹਾਂ ਵੱਲੋਂ ਇਸ ਨੂੰ ਡਿੱਟੋ ਕਰਨਾ ਬਾਕੀ ਹੈ। ਮੈਂ ਕੱਲ੍ਹ ਵੀ ਐਫ.ਐਮ. ਸਾਹਿਬ ਨੂੰ ਰਿਕੁਐਸਟ ਕੀਤੀ ਸੀ ਕਿ ਇਹ ਕਰਵਾ ਦਿਉ। ਅਸੀਂ ਇਸ ਦੀ ਐਡਮਨਿਸਟ੍ਰੇਟਿਵ ਅਪਰੂਵਲ ਦੇ ਚੁੱਕੇ ਹਾਂ। ਜਿਹੜੀ ਕੀਰਤਪੁਰ ਆਈ.ਟੀ.ਆਈ. ਖੋਲਣੀ ਹੈ, ਉਸ ਦਾ ਵੀ, ਜਿਹੜੀ ਐਮ.ਐਲ.ਏ. ਸਾਹਿਬ ਦੇ ਹਲਕੇ ਵਿੱਚ ਖੋਲਣੀ ਹੈ, ਉਸ ਦਾ ਵੀ, ਸਾਡੇ ਵੱਲੋਂ ਐਡਮਨਿਸਟ੍ਰੇਟਿਵ ਅਪਰੂਵਲ ਦੇ ਕੇ ਟੈਂਡਰ ਲੱਗ ਚੁੱਕਾ ਹੈ। ਸਰ, ਅਸੀਂ ਬੜੀ ਛੇਤੀ ਉਹ ਟੈਂਡਰ ’ਤੇ ਕੰਮ ਸ਼ੁਰੂ ਕਰਨ ਲੱਗੇ ਹਾਂ।

ਪਰ ਮੈਂ ਇਸ ਦੇ ਨਾਲ ਇੱਕ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਇਹ 19 ਦੀਆਂ 19 ਆਈ.ਟੀ.ਆਈਜ਼ ਅਸੀਂ ਇਸ ਸਾਲ, ਇਸੇ ਆਉਣ ਵਾਲੇ ਸੈਸ਼ਨ ਤੋਂ ਸ਼ੁਰੂ ਕਰ ਦੇਣੀਆਂ ਹਨ। ਉਸ ਦੇ ਵਾਸਤੇ ਅਸੀਂ ਅਲਟਰਨੇਟਿਵ ਜਗ੍ਹਾ ਲੱਭ ਰਹੇ ਹਾਂ ਜਿੱਥੇ ਅਸੀਂ ਕਲਾਸਾਂ ਸ਼ੁਰੂ ਕਰ ਦੇਈਏ। ਇਸ ਕਰਕੇ ਮੈਂ ਐਮ.ਐਲ.ਏ. ਸਾਹਿਬ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਜੋ ਅਸੀਂ ਆਈ.ਟੀ.ਆਈਜ਼ ਖੋਲਣ ਦੀ ਤਜਵੀਜ਼ ਰੱਖ ਕੇ ਮੁੱਖ ਮੰਤਰੀ ਸਾਹਿਬ ਨੇ ਫਾਈਨਲ ਕੀਤਾ ਹੈ, ਇਸੇ ਸਾਲ ਇਨ੍ਹਾਂ ਸਾਰੀਆਂ ਦੀਆਂ ਕਲਾਸਾਂ ਸ਼ੁਰੂ ਹੋ ਜਾਣਗੀਆਂ। ਬਿਲਡਿੰਗ ਬਾਅਦ ਵਿੱਚ ਵੀ ਬਣਦੀ ਰਹੇਗੀ, ਅਸੀਂ ਉਥੇ ਕੋਈ ਖਾਲੀ ਬਿਲਡਿੰਗ ਦੇਖ ਕੇ ਆਈ.ਟੀ.ਆਈਜ਼ ਸ਼ੁਰੂ ਕਰ ਦੇਵਾਂਗੇ। ਧੰਨਵਾਦ ਜੀ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਨਾਭਾ ਜੀ, ਕੀ ਕੋਈ ਪੁਆਇੰਟ ਰਹਿ ਗਿਆ ਹੈ?

**ਸਰਦਾਰ ਰਣਦੀਪ ਸਿੰਘ:** ਹਾਂ ਜੀ, ਸਪੀਕਰ ਸਾਹਿਬ। ਸਰ, ਮੇਰੀ ਬੇਨਤੀ ਹੈ, ਮੈਂ ਤੁਹਾਡੇ ਮਾਧਿਅਮ ਰਾਹੀਂ ਦੋ ਸਪੈਸੇਫਿਕ ਸਵਾਲ ਪੁੱਛੇ ਸੀ। ਵੈਸੇ ਤਾਂ ਅੱਛੀ ਗੱਲ ਹੈ ਜਿਹੜਾ ਮੇਰੇ ਸਤਿਕਾਰਯੋਗ ਵੱਡੇ ਭਰਾ ਵਜ਼ੀਰ ਸਾਹਿਬ ਚੰਗਾ ਉਪਰਾਲਾ ਕਰ ਰਹੇ ਹਨ। ਐਫ.ਐਮ. ਸਾਹਿਬ ਨੇ ਵੀ ਬਕਾਇਦਾ ਐਜੂਕੇਸ਼ਨ ਮਨਿਸਟਰ ਤੇ ਟੈਕਨੀਕਲ ਐਜੂਕੇਸ਼ਨ ਮਨਿਸਟਰ ਸਾਹਿਬ ਦੀ ਤਾਰੀਫ ਕੀਤੀ ਹੈ। ਜਿੱਥੇ ਤੱਕ ਸਵਾਲ ਹੈ, ਮੈਂ ਸਪੈਸੇਫਿਕਲੀ ਇਹ ਪੁੱਛਿਆ ਸੀ, ਇਨ੍ਹਾਂ ਨੇ ਜ਼ਿਕਰ ਕੀਤਾ ਹੈ, ਜਿਹੜਾ ਜਵਾਬ ਹੈ, ਇਹ ਤੁਹਾਡੇ ਸਾਹਮਣੇ ਵੀ ਪਿਆ ਹੈ ਕਿ 9 ਮਹੀਨੇ ਦੇ ਤਹਿਤ ਇਹ ਕੰਮ ਮੁਕੰਮਲ ਕੀਤਾ ਜਾਵੇਗਾ। ਹੁਣੇ ਹੀ ਇਨ੍ਹਾਂ ਨੇ ਕਿਹਾ ਹੈ ਕਿ ਸਾਲ ਦੇ ਦਰਮਿਆਨ ਕਰ ਦੇਵਾਂਗੇ। ਇੱਕ ਤਾਂ ਕੰਟਰੇਰੀ ਇਹ ਹੈ। ਦੂਜੀ, ਗੱਲ ਮੈਂ ਸਪੈਸੇਫਿਕਲੀ ਪੈਨਲਟੀ ਕਲਾਜ਼ ਬਾਰੇ ਪੁੱਛਿਆ ਸੀ ਕਿ.....

**ਮਾਨਯੋਗ ਸਪੀਕਰ:** ਨਾਭਾ ਸਾਹਿਬ, ਤੁਸੀਂ ਇਹ ਪੁੱਛਿਆ ਹੈ ਕਿ ਜੇ 9 ਮਹੀਨੇ ਦੇ ਵਿੱਚ ਵਿੱਚ ਕੰਮ ਨਾ ਹੋਵੇ ਤਾਂ ਕੀ ਪੈਨਲਟੀ ਕਲਾਜ਼ ਲੱਗੇਗੀ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਤਾਂ ਹਰ ਕੰਟਰੈਕਟ ਵਿੱਚ ਜ਼ਰੂਰੀ ਹੁੰਦਾ ਹੈ ਕਿ ਜੇ ਕੰਮ ਟਾਈਮ ਸਿਰ ਨਾ ਹੋਵੇ ਤਾਂ ਉਸ ਨੂੰ ਪੈਨੇਲਾਈਜ ਕਰਨਾ ਹੁੰਦਾ ਹੈ। ਮੇਰਾ ਖਿਆਲ ਹੈ ਕਿ ਇਹ ਸਵਾਲ ਤਾਂ ਨਹੀਂ ਬਣਦਾ।

**ਸਰਦਾਰ ਰਣਦੀਪ ਸਿੰਘ:** ਸਪੀਕਰ ਸਾਹਿਬ, ਹਾਂ ਜੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਬੱਸ ਪੈਨਲਟੀ ਕਲਾਜ਼ ਤਾਂ ਲਗਾਈ ਜਾਂਦੀ ਹੈ...

**ਮਾਨਯੋਗ ਸਪੀਕਰ:** ਫਿਰ ਇਸ ਬਾਰੇ ਮੰਤਰੀ ਜੀ ਕਹਿ ਦੇਣਗੇ । ਵੈਸੇ ਹਰ ਠੇਕੇ ਦੇ ਵਿੱਚ ਇਹ ਕਲਾਜ਼ ਹੁੰਦੀ ਹੈ।

**ਸਰਦਾਰ ਰਣਦੀਪ ਸਿੰਘ:** ਸਰ, ਮੈਂ ਦੂਜੀ ਗੱਲ ਵੀ ਪੁੱਛੀ ਸੀ। ਮੈਂ ਨਾਲ ਇਹ ਵੀ ਪੁੱਛਿਆ ਸੀ ਕਿ ਇਸ ਦੀ ਟੋਟਲ ਕੌਸਟਿੰਗ ਕਿੰਨੀ ਆਉਣੀ ਹੈ, ਟੋਟਲ ਖਰਚਾ ਕਿੰਨਾ ਆਉਣਾ ਹੈ? ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੈਂ ਇਹੀ ਰਿਕੁਐਸਟ ਕੀਤੀ ਹੈ।

**ਮਾਨਯੋਗ ਸਪੀਕਰ:** ਚੰਨੀ ਜੀ, ਇੱਕ ਤਾਂ ਕਾਸਟ ਬਾਰੇ ਦੱਸ ਦਿਉ। ਜੇ ਤੁਹਾਡੇ ਕੋਲ ਤਿਆਰ ਹੈ।

**ਮੰਤਰੀ:** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਟੈਂਡਰ ਹੈ, ਇਸ ਦਾ 6 ਕਰੋੜ, 8 ਲੱਖ, 23, 717 ਰੁਪਏ ਦਾ ਕੰਮ ਠੇਕੇਦਾਰ ਨੂੰ ਅਲਾਟ ਕੀਤਾ ਗਿਆ ਹੈ। ਮੈਂ ਇਨ੍ਹਾਂ ਨੂੰ ਇਹ ਨਹੀਂ ਕਿਹਾ ਕਿ ਇਹ ਇੱਕ ਸਾਲ ਵਿੱਚ ਕੰਪਲੀਟ ਹੋਵੇਗਾ, 9 ਮਹੀਨੇ ਵਿੱਚ ਨਹੀਂ ਹੋਵੇਗਾ। ਮੈਂ ਐਮ.ਐਲ.ਏ. ਸਾਹਿਬ ਨੂੰ ਇਹ ਕਿਹਾ ਹੈ ਕਿ ਇਸੇ ਸਾਲ...

**ਮਾਨਯੋਗ ਸਪੀਕਰ:** ਕਲਾਸਾਂ ਇਸੇ ਸਾਲ ਸ਼ੁਰੂ ਹੋ ਜਾਣਗੀਆਂ।

**ਮੰਤਰੀ:** ਇਸੇ ਸਾਲ ਜੁਲਾਈ ਵਿੱਚ ਅਸੀਂ ਇਨ੍ਹਾਂ ਦੇ ਹਲਕੇ ਵਿੱਚ ਸ਼ੁਰੂ ਕਰ ਦੇਵਾਂਗੇ। ਇਹ ਸਾਡੀ ਜ਼ਿੰਮੇਵਾਰੀ ਹੈ, ਸਾਡੀ ਗਾਰੰਟੀ ਹੈ। ਨਾਲ ਹੀ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਕਲਾਜ਼ ਦੀ ਗੱਲ ਕਰ ਰਹੇ ਹਨ, ਇਹ ਵੈਸੇ ਪੀ.ਡਬਲਿਊ.ਡੀ. ਦਾ ਕੰਮ ਹੈ, ਮੇਰਾ ਕੰਮ ਨਹੀਂ ਹੈ ਜੀ ਕਿ ਜੇ ਕੋਈ ਠੇਕੇਦਾਰ ਕੰਮ ਲੇਟ ਕਰ ਦਿੰਦਾ ਹੈ...

**ਮਾਨਯੋਗ ਸਪੀਕਰ:** ਉਸ ਵਿੱਚ ਕਲਾਜ਼ ਤਾਂ ਇਸ ਸਬੰਧ ਵਿੱਚ ਹੁੰਦੀ ਹੈ।

**ਮੰਤਰੀ:** ਸਪੀਕਰ ਸਾਹਿਬ, ਇਸ ਬਾਰੇ ਵੈਸੇ ਹੀ ਪ੍ਰੋਵੀਜ਼ਨ ਹੈ ਕਿ ਜੇ ਕੋਈ ਕੰਮ ਲੇਟ ਕਰਦਾ ਹੈ ਤਾਂ ਉਸ ਨੂੰ ਪੈਨਲਟੀ ਲਗਦੀ ਹੈ, ਉਹ ਪੀ.ਡਬਲਿਊ.ਡੀ. ਲਗਾਵੇਗਾ।

**ਸਰਦਾਰ ਨਵਤੇਜ ਸਿੰਘ ਚੀਮਾ:** ਸਪੀਕਰ ਸਾਹਿਬ, ਆਈ.ਟੀ.ਆਈ. ਦੀ ਗੱਲ ਚੱਲ ਰਹੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਮਨਾ ਕੇ ਹਟੇ ਹਾਂ। ਮੇਰੇ ਹਲਕੇ ਵਿੱਚ ਪੰਜਾਬ ਦੀ ਪਹਿਲੀ ਟ੍ਰਿਪਲ ਆਈ.ਟੀ.ਆਈ. ਬਣਾਉਣ ਦਾ ਵਾਅਦਾ ਮਾਨਯੋਗ ਮੰਤਰੀ ਸਾਹਿਬ ਨੇ ਕੀਤਾ ਸੀ, ਉਸ ਵਿੱਚ ਮਸ਼ੀਨਰੀ ਵਗੈਰਾ ਸਭ ਕੁਝ ਆ ਗਿਆ ਹੈ ਪਰ ਹਾਲੇ ਤੱਕ ਕਲਾਸਾਂ ਸ਼ੁਰੂ ਨਹੀਂ ਹੋਈਆਂ। ਉਸ ਤੇ ਇੰਨਾ ਪੈਸਾ ਲੱਗਿਆ ਹੈ, ਇਸ ਬਾਰੇ ਜ਼ਰੂਰ ਦੱਸ ਦੇਣ ਕਿ ਕਦੋਂ ਤੱਕ ਕਲਾਸਾਂ ਸ਼ੁਰੂ ਕਰਵਾ ਦੇਣਗੇ?

**ਮਾਨਯੋਗ ਸਪੀਕਰ:** ਵੈਸੇ ਵੱਖਰਾ ਸਵਾਲ ਬਣਦਾ ਹੈ। ਜੇ ਤੁਸੀਂ ਦੱਸ ਸਕੋ ਤਾਂ ਵੇਖ ਲਵੋ।

**ਮੰਤਰੀ:** ਸਪੀਕਰ ਸਾਹਿਬ, ਮੈਂ ਹਾਊਸ ਦੀ ਜਾਣਕਾਰੀ ਲਈ ਦੱਸ ਵੀ ਦੇਣਾ ਚਾਹੁੰਦਾ ਹਾਂ ਕਿ ਤ੍ਰਿਪੜੀ, ਰਸੂਲਪੁਰ, ਗੰਡੀਪਿੰਡ, ਭਗੜਾਣਾ, ਬਲਾਚੌਰ, ਦੀਨਾ ਨਗਰ, ਰਾਏਕੋਟ, ਸ੍ਰੀ ਹਰਗੋਬਿੰਦਪੁਰ, ਅੰਮ੍ਰਿਤਸਰ, ਮਮਦੋਟ, ਭਿੱਖੀ, ਕੀਰਤਪੁਰ ਸਾਹਿਬ, ਅਮਲੋਹ, ਮਾਛੀਵਾੜਾ, ਘਨੌਰ, ਭਗਰਾਣਾ, ਜਲੰਧਰ, ਬਠਿੰਡਾ ਅਤੇ ਲਾਡੋਵਾਲ ਵਿਚ ਅਸੀਂ ਆਈ.ਟੀ.ਆਈਜ਼ ਖੋਲ ਰਹੇ ਹਾਂ। ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ ਉਹ ਪੀ.ਟੀ.ਯੂ. ਦਾ ਕੰਸਟੀਚੁਐਂਟ ਕਾਲਜ ਹੈ। ਅਸੀਂ ਉਸ ਨੂੰ ਟਾਟਾ ਇੰਸਟੀਚਿਊਟ ਦੇ ਨਾਲ ਮਿਲ ਕੇ ਸੁਲਤਾਨਪੁਰ ਲੋਧੀ ਵਿਚ ਗੁਰੂ ਨਾਨਕ ਸਾਹਿਬ ਦੇ ਜਨਮ ਦਿਹਾੜੇ ਤੇ ਸਥਾਪਿਤ ਕੀਤਾ ਹੈ। ਉਸ ਤੇ 400 ਕਰੋੜ ਰੁਪਿਆ ਟਾਟਾ ਇੰਸਟੀਚਿਊਟ ਲਗਾ ਰਿਹਾ ਹੈ ਅਤੇ ਇਸ ਸਾਲ ਅਸੀਂ ਉਸ ਦੀਆਂ ਕਲਾਸਾਂ ਸ਼ੁਰੂ ਕਰ ਰਹੇ ਹਾਂ।

**ਸਰਦਾਰ ਪਿਰਮਲ ਸਿੰਘ ਧੌਲਾ:**ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੈਂ ਪਿਛਲੇ ਚਾਰ ਸਾਲਾਂ ਤੋਂ ਮੰਤਰੀ ਜੀ ਨੂੰ ਮਿਲ ਕੇ ਦਰਖਾਸਤਾਂ ਦੇ ਰਿਹਾ ਹਾਂ। ਇਨ੍ਹਾਂ ਨੇ ਮੇਰੇ ਹਲਕੇ ਦੇ ਪਿੰਡ ਸੈਣਾ ਵਿਚ ਆਈ.ਟੀ.ਆਈ. ਬਣਾਉਣ ਦਾ ਵਾਅਦਾ ਕੀਤਾ ਸੀ ਪਰ ਹਾਲੇ ਤੱਕ ਉਸ ਦਾ ਕੋਈ ਜਵਾਬ ਨਹੀਂ ਆਇਆ।

**ਮਾਨਯੋਗ ਸਪੀਕਰ:** ਪਿਰਮਲ ਸਿੰਘ ਜੀ, ਇਹ ਵੱਖਰਾ ਸਵਾਲ ਬਣਦਾ ਹੈ। ਮੰਤਰੀ ਸਾਹਿਬ, ਜੇਕਰ ਚਾਹੁਣ ਤਾਂ ਜਵਾਬ ਦੇ ਦੇਣ ਪਰ ਇਹ ਵੱਖਰਾ ਸਵਾਲ ਬਣਦਾ ਹੈ।

**ਮੰਤਰੀ:** ਸਪੀਕਰ ਸਾਹਿਬ, ਸਤਿਕਾਰਯੋਗ ਐਮ.ਐਲ.ਏ. ਸਾਹਿਬ ਨੇ ਮੈਨੂੰ ਸਰਪੰਚ ਵੀ ਮਿਲਾਏ ਸੀ। ਮੈਂ ਸਾਡੇ ਭੈਣ ਜੀ (ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ ਵੱਲ ਇਸ਼ਾਰਾ) ਨੂੰ ਵੀ ਆਸ਼ਵਾਸਨ ਦਿੱਤਾ ਸੀ।ਜੀਰਾ ਸਾਹਿਬ ਦਾ ਵੀ ਹੈ। ਸਾਡੇ ਡਿਪਟੀ ਸਪੀਕਰ ਸਾਹਿਬ ਦੇ ਮਲੋਟ ਵਿਚ ਵੀ ਆਈ.ਟੀ.ਆਈ. ਖੋਲਣੀ ਹੈ। ਇਹ ਸਾਰੀਆਂ ਆਈ.ਟੀ.ਆਈਜ਼ ਸਾਡੀ ਪਾਈਪਲਾਈਨ ਵਿਚ ਹਨ। ਖਾਸ ਤੌਰ ਤੇ ਗੁਰੂ ਹਰਸਹਾਇ ਵਿਚ ਵੀ ਖੋਲਣੀ ਹੈ ਕਿਉਂਕਿ ਇਹ (ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ ਵੱਲ ਇਸ਼ਾਰਾ) ਮੇਰੇ ਜ਼ਿਆਦਾ ਨੇੜੇ ਬੈਠੇ ਹਨ। ਇਥੋਂ ਘਸੁੰਨ ਵੀ ਛੇਤੀ ਵੱਜ ਜਾਂਦਾ ਹੈ ਜੀ। (ਹਾਸਾ) ਅਸੀਂ ਇਸ ਕੇਸ ਵਿੱਤ ਮੰਤਰੀ ਜੀ ਕੋਲ ਭੇਜਿਆ ਹੋਇਆ ਹੈ, ਜਦੋਂ ਵੀ ਇਨ੍ਹਾਂ ਵਾਸਤੇ ਪੈਸੇ ਮੰਨਜ਼ੂਰ ਹੋ ਗਏ ਅਸੀਂ ਇਹ ਆਈ.ਟੀ.ਆਈਜ਼ ਬਣਾਉਣ ਦਾ ਕੰਮ ਸ਼ੁਰੂ ਕਰ ਦਿਆਂਗੇ।

**ਸਰਦਾਰ ਸੁਰਜੀਤ ਸਿੰਘ ਧੀਮਾਨ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਅਮਰਗੜ੍ਹ ਵਿਖੇ 2020 ਵਿਚ ਇਕ ਆਈ.ਟੀ.ਆਈ. ਦਾ ਐਲਾਨ ਹੋਇਆ ਸੀ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਸ ਵਾਸਤੇ ਜਿੰਨੀ ਜ਼ਮੀਨ ਚਾਹੀਦੀ ਸੀ, ਉਸ ਦਾ ਮਤਾ ਅਸੀਂ 04.09.2020 ਨੂੰ ਪਾ ਕੇ ਦੇ ਦਿੱਤਾ ਸੀ। ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਖੁੱਲ ਜਾਵੇਗੀ?

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਹੈ ਜੀ। ਇਹ ਨਹੀਂ ਬਣਦਾ।

---

***3218 ਜਵਾਬ ਵੱਲੋਂ ਸ਼੍ਰੀਮਤੀ ਅਰੁਨਾ ਚੌਧਰੀ (ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ) ਪੰਜਾਬੀ ਵਿਚ**

**ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ:** ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿਉਂਕਿ ਮੈਂ ਤਕਰੀਬਨ 35-36 ਸਵਾਲ ਲਗਾਏ ਸੀ ਜਿਸ ਵਿਚੋਂ ਮੇਰਾ ਇਕ ਪ੍ਰਸ਼ਨ ਲੱਗ ਗਿਆ ਹੈ। ਦੂਜਾ ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਅੱਜ ਪ੍ਰਸ਼ਨ ਲੱਗਣ ਤੋਂ ਚਾਰ ਦਿਨ ਪਹਿਲਾਂ ਹੀ ਸਾਡਾ ਇਹ ਕੰਮ ਠੀਕ ਹੋਇਆ ਹੈ। ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਪਿੰਡ ਮੇਹਰਨਾ ਕਲ੍ਹਾਂ ਵਿਚ ਵੀ ਅਜਿਹੀ ਹੀ ਸਥਿਤੀ ਹੈ, ਉਹ ਕੰਮ ਵੀ ਠੀਕ ਕਰਵਾਇਆ ਜਾਵੇ ਜੀ।

**ਮੰਤਰੀ :** ਸਪੀਕਰ ਸਾਹਿਬ, ਮੈਂ ਐਕਸਪਲੇਨ ਕਰ ਦਿਆਂ ਜੀ?

**ਮਾਨਯੋਗ ਸਪੀਕਰ:** ਨਹੀਂ ਜੀ। ਥੈਂਕਿਊ ਜੀ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 3292**

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋ ਸਕਿਆ।)

---

***3266 ਜਵਾਬ ਵੱਲੋਂ ਸਥਾਨਕ ਸਰਕਾਰ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) ਪੰਜਾਬੀ**

**ਸਰਦਾਰ ਪਿਰਮਲ ਸਿੰਘ ਧੌਲਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦਾ ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ ਪਰ ਨਾਲ ਨਾਲ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਦੀ ਕੋਈ ਸਮਾਂ ਸੀਮਾ ਤੈਅ ਕਰ ਦਿਓ, ਇਸ ਨੂੰ ਟਾਈਮ ਬਾਉਂਡ ਕਰ ਦਿਓ ਜੀ।

**ਮਾਨਯੋਗ ਸਪੀਕਰ:** ਮੰਤਰੀ ਜੀ, ਕੋਈ ਟਾਈਮ ਲਿਮਟ ਦੱਸ ਸਕਦੇ ਹੋ?

**ਮੰਤਰੀ:** ਹਾਂ ਜੀ, ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਫਾਇਰ ਸਟੇਸ਼ਨ ਵਾਸਤੇ ਬੜੇ Keen ਹਨ ਕਿਉਂਕਿ ਪੰਜਾਬ ਵਿਚ ਛੋਟੀਆਂ ਮੋਟੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ। ਇਸ ਕਰਕੇ ਉਨ੍ਹਾਂ ਦੀ ਹਦਾਇਤ ਹੈ ਕਿ ਜਿੱਥੇ ਵੀ ਕੋਈ ਡਿਮਾਂਡ ਆਉਂਦੀ ਹੈ, ਉਸ ਨੂੰ ਪੂਰਾ ਕਰੋ ਜਾਂ ਜਿੱਥੇ ਵੀ ਲਗਦਾ ਹੈ ਕਿ ਕੋਈ ਪਰੋਨ ਏਰੀਆ ਹੈ ਤਾਂ ਉਥੇ ਪ੍ਰਾਇਰਟੀ ਬੇਸਿਜ਼ ਤੇ ਸਾਨੂੰ ਇਹ ਕਰਨ ਦੇ ਹੁਕਮ ਹਨ। ਸੋ, ਮੈਂ ਉਹੀ ਕਰਾਂਗਾ ਜੀ। ਐਮ.ਐਲ.ਏ. ਸਾਹਿਬ, ਅਸੀਂ ਕਰਾਂਗੇ।

---

## STARRED QUESTIONS AND ANSWERS

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ।

***3059 ਸਹਿਕਾਰਤਾ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ):** ਐਮ.ਐਲ.ਏ ਸਾਹਿਬਾ ਨੇ ਜਿਹੜਾ ਕੁਐਸਚਨ ਕੀਤਾ ਹੈ, ਜਗਰਾਓਂ ਮਿਲਕ ਪਲਾਂਟ ਵਾਲਾ, ਇਹ ਸਾਡਾ ਕੋਆਪਰੇਟਿਵ ਜਾਂ ਮਿਲਕਫੈੱਡ ਦਾ ਪਲਾਂਟ ਨਹੀਂ ਹੈ। ਇਹ ਇੱਕ ਪ੍ਰਾਈਵੇਟ ਕੰਪਨੀ ਨੇ ਪਲਾਂਟ ਲਗਾਇਆ ਹੈ। 2-3

ਵਾਰੀ ਉਸ ਦੀ ਸੇਲ ਵੀ ਹੋ ਚੁੱਕੀ ਹੈ। ਇਸ ਕਰਕੇ ਇਹ ਕੋਆਪਰੇਟਿਵ ਡਿਪਾਰਟਮੈਂਟ ਦੇ ਨਾਲ ਇਸ ਦਾ ਕੋਈ ਲੈਣ ਦੇਣ ਨਹੀਂ ਹੈ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਰ, ਮੈਂ ਪਹਿਲਾਂ ਵੀ ਮੰਤਰੀ ਸਾਹਿਬ ਤੋਂ ਇਹ ਸਵਾਲ ਪੁੱਛਿਆ ਸੀ। ਮੇਰੇ ਹਲਕੇ ਦੇ ਵਿੱਚ ਕੋਈ ਨਾ ਕੋਈ ਸਰਕਾਰੀ ਇੰਡਸਟਰੀ ਆਈ ਨਾ ਕੋਈ ਮਿਲਕ ਪਲਾਂਟ ਨਾ ਕੁਝ ਹੋਰ ਆਇਆ ਹੈ। ਇਹ ਜਿਹੜਾ ਨਿੱਜੀ ਖੇਤਰ ਦੇ ਵਿੱਚ ਮਿਲਕ ਪਲਾਂਟ ਲੱਗਿਆ ਹੈ, ਇਨ੍ਹਾਂ ਨੇ ਘੱਟ ਰੇਟ ਤੇ ਜਗ੍ਹਾ ਵੀ ਲੈ ਲਈ ਹੈ, ਮਸ਼ੀਨਰੀ ਤੇ ਸਬਸਿਡੀਜ਼ ਵੀ ਲੈ ਲਈਆਂ, ਆਪਣੇ ਨਿੱਜੀ ਹਿੱਤਾਂ ਲਈ ਤਿੰਨ ਥਾਵਾਂ ਤੇ ਵੇਚ ਵੀ ਦਿੱਤਾ। ਸਭ ਤੋਂ ਪਹਿਲਾਂ ਜਦੋਂ ਵੀ ਪੰਜਾਬ ਦੇ ਵਿੱਚ ਕੋਈ ਇਸ ਤਰ੍ਹਾਂ ਦੀ ਇੰਡਸਟਰੀ ਲੱਗਦੀ ਹੈ ਤਾਂ ਸਰਕਾਰ ਦਾ ਉਸ ਤੇ ਚੈੱਕ ਹੋਣਾ ਚਾਹੀਦਾ ਹੈ।

**ਮਾਨਯੋਗ ਸਪੀਕਰ:** ਇੱਕ ਮਿੰਟ ਮਾਣੂਕੇ ਜੀ। ਰੰਧਾਵਾ ਜੀ, ਤੁਹਾਡੇ ਨਾਲ ਇਸ ਦਾ ਤਾਲੁੱਕ ਨਹੀਂ ਹੈ ਕਿਉਂਕਿ ਇਹ ਪ੍ਰਾਈਵੇਟ ਹੈ, ਕੋਆਪਰੇਟਿਵ ਦਾ ਨਹੀਂ ਹੈ। ਇਸ ਦੇ ਵਿਚ ਸੁਜੈਸਟ ਕਰੋ, ਮਦਦ ਕਰੋ ਚੇਅਰ ਦੀ ਕਿ ਇਹ ਕਿਸ ਦਾ ਦਰਵਾਜ਼ਾ ਖੜਕਾਉਣ, ਇਹ ਇਸ ਦੇ ਵਿੱਚ ਕੀ ਕਰਨ? ਮੈਂਬਰ ਨੂੰ ਗਾਈਡ ਕਰਨਾ ਹੈ, ਇਨ੍ਹਾਂ ਨੂੰ ਰਸਤਾ ਦੱਸਣਾ ਹੈ।

**ਮੰਤਰੀ:** ਸਪੀਕਰ ਸਾਹਿਬ, ਤੁਹਾਡੀ ਗੱਲ ਬਿਲਕੁਲ ਠੀਕ ਹੈ ਜੀ। ਜਿਹੜੇ ਬਾਹਰੋਂ ਇਥੇ ਸਬਸਿਡੀ ਲੈਣ ਲਈ ਆਉਂਦੇ ਹਨ, ਇਸ ਦਾ ਕੋਈ ਸਿਸਟਮ ਬਣਾਉਣਾ ਚਾਹੀਦਾ ਹੈ। ਇੱਕ ਚੀਜ਼ ਸਰਕਾਰ ਨੂੰ ਕਰਨੀ ਪਏਗੀ ਕਿ ਇਨ੍ਹਾਂ ਨੂੰ ਐਪਰੂਵਲ ਦੇਣੀ ਹੈ ਕਿ ਨਹੀਂ ਦੇਣੀ ਹੈ। ਜੇ ਇਸ ਨੂੰ discourage ਕਰਾਂਗੇ ਤਾਂ ਪੰਜਾਬ ਦਾ ਜਿਹੜਾ Milkfed Department ਹੈ ਉਸ ਨੂੰ ਆਪਾਂ encourage ਕਰਾਂਗੇ, ਕੋਆਪਰੇਟਿਵ ਸੈਕਟਰ ਨੂੰ encourage ਕਰਾਂਗੇ। ਇਨ੍ਹਾਂ ਨੇ ਜੋ ਕੁਐਸ਼ਚਨ ਕੀਤਾ ਹੈ, ਇਹ ਪਹਿਲਾਂ ਮੈਨੂੰ ਮਿਲੇ ਵੀ ਹਨ, ਜਦੋਂ ਮੈਂ ਪਹਿਲਾਂ ਆਇਆ ਤਾਂ ਮੈਂ ਇਨ੍ਹਾਂ ਨੂੰ ਕਿਹਾ ਕਿ ਤੁਹਾਡੇ ਜਿਹੜੇ ਡੇਅਰੀ ਫਾਰਮਰਜ਼ ਨੇ ਉਹ ਖਰਾਬ ਨਾ ਹੋਣ। ਮੈਂ ਇਨ੍ਹਾਂ ਨੂੰ ਕਿਹਾ ਹੈ ਕਿ ਤੁਸੀਂ ਆਪਣੇ ਏਰੀਏ ਦੀ ਮੈਨੂੰ ਲਿਸਟ ਦੇ ਦਿਓ ਕਿ ਕਿਹੜੇ ਕਿਹੜੇ ਪਿੰਡਾਂ ਵਿੱਚ ਤੁਸੀਂ BMC (Bulk Milk Cooler) ਲਗਾਉਣਾ ਚਾਹੁੰਦੇ ਹੋ। ਤੁਹਾਡੀ ਇਹ ਪ੍ਰਾਬਲਮ ਸਾਲਵ ਕਰ ਦਿਆਂਗੇ। ਤੁਹਾਡੇ ਕਿਸੇ ਵੀ ਫਾਰਮਰ ਦਾ ਦੁੱਧ ਸਾਡਾ ਕੋਆਪਰੇਟਿਵ ਡਿਪਾਰਟਮੈਂਟ ਚੱਕੇਗਾ ਅਤੇ ਜਿਹੜੇ ਵੀ ਪਿੰਡ ਤੁਸੀਂ ਕਹੋਗੇ ਉਥੇ ਅਸੀਂ ਬੀ.ਐਮ.ਸੀ ਲਗਵਾ ਦਿਆਂਗੇ।

**ਮਾਨਯੋਗ ਸਪੀਕਰ:** ਦੋ ਚੀਜ਼ਾਂ ਹੋ ਗਈਆਂ ਹਨ, ਇੱਕ ਤਾਂ ਜਿਹੜਾ ਕਿਸਾਨ ਦਾ ਦੁੱਧ ਹੈ, ਗਲਤ ਨਾ ਜਾਵੇ ਤੁਸੀਂ ਬੀ.ਐਮ.ਸੀ ਲਗਾ ਦਿਓਗੇ, ਤੁਸੀਂ ਲਿਖ ਕੇ ਦੇ ਦਿਓ । ਦੂਜਾ, ਸ਼੍ਰੀ ਬ੍ਰਹਮ ਮਹਿੰਦਰਾ ਜੀ, ਮੈਂ

ਤੁਹਾਨੂੰ ਇਹ ਪ੍ਰਾਰਥਨਾ ਕਰਦਾ ਹਾਂ ਕਿ ਇਸ ਚੀਜ਼ ਨੂੰ ਗੌਰਮਿੰਟ ਰੈਗੂਲੇਟ ਕਰੇ ਕਿ ਜਿਹੜੇ ਬਾਹਰ ਵਾਲੇ ਬੰਦੇ ਆ ਕੇ ਮਿਲਕ ਪਲਾਂਟ ਲਗਾ ਲੈਂਦੇ ਹਨ, ਉਨ੍ਹਾਂ ਤੇ ਰੈਗੂਲੈਸ਼ਨ ਕੋਈ ਨਹੀਂ ਹੈ ਤੇ ਲੁੱਟ ਖੋ ਕਰਕੇ ਸਬਸਿਡੀ ਖਾ ਕੇ ਚਲੇ ਜਾਣ, ਇਸ ਦੇ ਵਿੱਚ ਗੌਰਮਿੰਟ ਦੀ ਕੋਈ ਨਾ ਕੋਈ ਦਖਲਅੰਦਾਜ਼ੀ ਹੋਣੀ ਚਾਹੀਦੀ ਹੈ। ਇਸ ਨੂੰ ਗੌਰਮਿੰਟ ਕੰਸੀਡਰ ਕਰੇ।

**ਸਥਾਨਕ ਸਰਕਾਰ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ, ਮੈਂ ਤੁਹਾਨੂੰ ਐਸ਼ਿਓਰ ਕਰਦਾ ਹਾਂ ਕਿ we will just look into the matter.

**ਮਾਨਯੋਗ ਸਪੀਕਰ:** ਇਸ ਨੂੰ ਗੌਰਮਿੰਟ ਦੇ ਜ਼ੇਰੇ-ਏ-ਗੌਰ ਰੱਖਿਆ ਜਾਵੇ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਸਪੀਕਰ ਸਾਹਿਬ, ਇਕੱਲਾ ਇਹ ਹੀ ਮਿਲਕਫੈੱਡ ਨਹੀਂ ਹੈ, ਹੋਰ ਵੀ ਹਨ। ਜਿਹੜੇ ਪ੍ਰਾਈਵੇਟ ਇੰਜੀਨੀਅਰਿੰਗ ਕਾਲਜ ਹਨ ਜਾਂ ਨਰਸਿੰਗ ਕਾਲਜ ਹਨ, ਸਾਡੇ ਕੋਲ ਕੋਈ ਅਥਾਰਿਟੀ ਤਾਂ ਹੋਵੇ ਕਿ ਅਸੀਂ ਚੈੱਕ ਕਰ ਸਕੀਏ।ਲੋਕਾਂ ਨੂੰ ਪੂਰਾ ਇਨਸਾਫ ਮਿਲ ਸਕੇ।

**ਮਾਨਯੋਗ ਸਪੀਕਰ:** ਕੋਈ ਰੈਗੂਲੇਟਰੀ ਅਥਾਰਿਟੀ ਬਣਾਈ ਜਾਵੇ।

**ਸਹਿਕਾਰਤਾ ਮੰਤਰੀ:** ਹੈਲਥ ਮਨਿਸਟਰ ਸਾਹਿਬ ਉਠੇ ਹਨ, ਮੈਂ ਇਹ ਵੀ ਹਾਊਸ ਨੂੰ ਕਹਾਂਗਾ ਕਿ ਫੂਡ ਕੰਟ੍ਰੋਲ ਜਿਸ ਨੇ ਸਾਰਾ ਕੁਝ ਦੇਖਣਾ ਹੈ, ਉਸ ਨੂੰ ਵੀ ਥੋੜਾ ਜਿਹਾ strengthen ਕਰੀਏ ਕਿ ਪੰਜਾਬ ਦੇ ਵਿੱਚ spurious milk ਜਾਂ ਜਿਹੜੇ milk product ਹਨ ਇਹੋ ਜਿਹਾ ਉਸ ਤੇ ਸਖਤ ਲਾਅ ਬਣਨਾ ਚਾਹੀਦਾ ਹੈ ਤਾਂ ਜੋ ਇਹ ਚੀਜ਼ਾਂ ਰੁੱਕ ਸਕਣ ਅਤੇ ਚੰਗੇ ਮਿਲਕ ਪਲਾਂਟ ਤੇ ਚੰਗੇ ਲੋਕ ਹੀ ਹੋਣ।

**ਮਾਨਯੋਗ ਸਪੀਕਰ:** ਇਸ ਮੈਟਰ ਨੂੰ ਕੈਬਨਿਟ ਵਿੱਚ ਰੱਖੋ, ਮੈਂ ਤੁਹਾਨੂੰ ਰਿਕੁਐਸਟ ਕੀਤੀ ਹੈ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ:** ਅਸੀਂ ਸਾਰੇ ਪੰਜਾਬ ਵਿੱਚ ਤਕਰੀਬਨ ਛਾਪੇ ਮਾਰਦੇ ਹਾਂ। ਹੁਣ ਅਸੀਂ ਇੱਕ ਬੜੀ ਮੱਛੀ ਫੜਨ ਜਾ ਰਹੇ ਹਾਂ ਜਿਹੜੀ ਕਿ ਸਾਰੇ ਪੰਜਾਬ ਵਿੱਚ ਪਨੀਰ ਸਪਲਾਈ ਕਰਦੀ ਹੈ। 2-4 ਦਿਨ ਵਿੱਚ ਫੜੀ ਜਾਣੀ ਹੈ। ਪਰ ਇਹ ਕੰਮ ਵਿਚ ਵਿਚ ਬੰਦ ਹੋ ਜਾਂਦਾ ਹੈ। ਜੇ ਸਾਨੂੰ ਅਜਿਹੇ ਮਿਲਕਪਲਾਂਟ ਦੱਸੀ ਜਾਣਗੇ ਤਾਂ ਅਸੀਂ ਛਾਪੇ ਮਾਰੀ ਜਾਵਾਂਗੇ।

**ਮਾਨਯੋਗ ਸਪੀਕਰ:** ਮਾਣੂਕੇ ਜੀ, ਤੁਹਾਡੇ ਸਾਰੇ ਜਵਾਬ ਆ ਗਏ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਧੰਨਵਾਦ ਸਪੀਕਰ ਸਾਹਿਬ।

---

***3187 ਜਵਾਬ ਵੱਲੋਂ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ)**

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸਪੀਕਰ ਸਾਹਿਬ, ਇਸ ਪ੍ਰਾਜੈਕਟ ਲਈ ਪਿਛਲੇ ਸਾਲ ਫਾਈਨਾਂਸ ਡਿਪਾਰਟਮੈਂਟ ਕੋਲੋਂ ਪੈਸੇ ਮੰਗੇ ਸਨ, ਪੈਸੇ ਨਹੀਂ ਮਿਲ ਸਕੇ। ਇਸ ਸਾਲ ਸਾਨੂੰ ਆਸ ਹੈ ਕਿ 10 ਕਰੋੜ ਰੁਪਿਆ ਮਿਲ ਜਾਏਗਾ। ਲੈਂਡ ਐਕੁਈਜ਼ੀਸ਼ਨ ਸ਼ੁਰੂ ਹੋ ਜਾਏਗੀ ਅਤੇ ਜਿਹੜੇ ਬਾਕੀ ਪੈਸੇ ਬਚਣਗੇ, ਉਸ ਨਾਲ ਪ੍ਰਾਜੈਕਟ ਸ਼ੁਰੂ ਕਰ ਦਿੱਤਾ ਜਾਵੇਗਾ।

**ਸ਼੍ਰੀ ਰਮਿੰਦਰ ਸਿੰਘ ਆਵਲਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਕਣਕ ਦਾ ਸੀਜ਼ਨ ਖਤਮ ਹੋ ਗਿਆ ਹੈ, ਜਲਦੀ ਪੈਸੇ ਦੇ ਦਿਉ ਤਾਂ ਜੋ ਕਣਕ ਵੱਢਣ ਤੋਂ ਬਾਅਦ ਸਾਨੂੰ ਜ਼ਮੀਨ ਸੌਖੇ ਤਰੀਕੇ ਨਾਲ ਮਿਲ ਸਕੇ। ਇਹ ਵੀ ਇਨਸ਼ੋਅਰ ਕਰੋ ਕਿ ਇਸ ਸੀਜ਼ਨ ਵਿੱਚ ਆਪਾਂ ਲੈਂਡ ਐਕੁਜ਼ੀਸ਼ਨ ਲਈ ਪੈਸੇ ਦੇ ਦੇਈਏ।

**ਮਾਨਯੋਗ ਸਪੀਕਰ** : ਬਾਜਵਾ ਸਾਹਿਬ, ਇਹ ਕਹਿੰਦੇ ਹਨ ਕਿ ਜਲਦੀ ਕਲਿਆਣ ਕਰ ਦਿਉ।

**ਮੰਤਰੀ** : ਠੀਕ ਹੈ ਜੀ। ਅਸੀਂ ਮਨਪ੍ਰੀਤ ਜੀ ਨੂੰ ਮਿਲ ਕੇ ਜਲਦੀ ਪੈਸੇ ਲੈ ਲਵਾਂਗੇ।

**ਸਰਦਾਰ ਕੁਲਤਾਰ ਸਿੰਘ ਸੰਧਵਾਂ** : ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕਿਸੇ ਵੀ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਲਈ ਮੁਲਾਜ਼ਮਾਂ ਦੀ ਲੋੜ ਹੁੰਦੀ ਹੈ। ਉਹ ਮੁਲਾਜ਼ਮ ਤਨਖਾਹ ਚਾਹੁੰਦੇ ਹੁੰਦੇ ਹਨ। 6 ਮਹੀਨਿਆਂ ਤੋਂ ਪੰਚਾਇਤ ਸੈਕਟਰੀ ਫਰੀਦਕੋਟ ਵਿਖੇ ਧਰਨੇ ਤੇ ਬੈਠੇ ਹਨ। ਉਨ੍ਹਾਂ ਨੂੰ ਤਨਖਾਹ ਤਾਂ ਦਿੱਤੀ ਨਹੀਂ। ਉਨ੍ਹਾਂ ਨੂੰ ਤਨਖਾਹ ਕਦੋਂ ਦੇ ਦੇਣਗੇ?

**ਮਾਨਯੋਗ ਸਪੀਕਰ** : ਇਹ ਸਵਾਲ ਇਰੀਗੇਸ਼ਨ ਮਹਿਕਮੇ ਦਾ ਹੈ, ਪੰਚਾਇਤੀ ਰਾਜ ਦਾ ਸਵਾਲ ਨਹੀਂ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ** : ਨਹੀਂ ਜੀ, ਮੰਤਰੀ ਤਾਂ ਪੰਚਾਇਤੀ ਰਾਜ ਦਾ ਹੀ ਹੈ।

**ਮਾਨਯੋਗ ਸਪੀਕਰ** : ਨਹੀਂ, ਨਹੀਂ। ਮੰਤਰੀ ਤਾਂ ਸਾਰਾ ਦਿਨ ਇੱਥੇ ਹੀ ਰਹਿੰਦੇ ਹਨ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ *3306**

**ਮਾਨਯੋਗ ਸ**ਪੀਕਰ: ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ, ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ *2995**

***2995 ਸ਼੍ਰੀ ਬੁੱਧ ਰਾਮ, ਐਮ.ਐਲ.ਏ. :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੋਹਾ ਅਤੇ ਬਰੇਟਾ ਸਰਕਾਰੀ ਹਸਪਤਾਲਾਂ ਵਿਖੇ ਪਿਛਲੇ 4 ਸਾਲਾਂ ਤੋਂ ਸਪੈਸ਼ਲਿਸਟ ਡਾਕਟਰਾਂ ਦੀ ਤਾਇਨਾਤੀ ਨਹੀਂ ਕੀਤੀ ਗਈ ਅਤੇ ਨਾ ਹੀ ਮੈਡੀਕਲ ਅਫ਼ਸਰ ਨਿਯੁਕਤ ਕੀਤੇ ਜਾਂਦੇ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਕਦੋਂ ਤੱਕ ਇੱਥੇ ਡਾਕਟਰਾਂ ਅਤੇ ਹੋਰ ਅਮਲੇ ਦੀ ਨਿਯੁਕਤੀ ਕੀਤੀ ਜਾਵੇਗੀ?

**ਸਰਦਾਰ ਬਲਬੀਰ ਸਿੰਘ ਸਿੱਧੂ** : ਸ਼੍ਰੀਮਾਨ ਜੀ, ਕਮਿਊਨਿਟੀ ਹੈਲਥ ਸੈਂਟਰ, ਬਰੇਟਾ ਵਿਖੇ ਮੈਡੀਕਲ ਅਫ਼ਸਰ (ਜਨਰਲ ਅਤੇ ਸਪੈਸ਼ਲਿਸਟ) ਦੀਆਂ ਕੁੱਲ 6 ਆਸਾਮੀਆਂ ਮਨਜ਼ੂਰਸ਼ੁਦਾ ਹਨ, ਜਿਨ੍ਹਾਂ ਵਿੱਚੋਂ 2 ਆਸਾਮੀਆਂ ਭਰੀਆਂ ਅਤੇ 4 ਖਾਲੀ ਹਨ। ਪ੍ਰਾਇਮਰੀ ਹੈਲਥ ਸੈਂਟਰ, ਬੋਹਾ ਵਿਖੇ ਮੈਡੀਕਲ ਅਫ਼ਸਰ ਦੀ ਕੁੱਲ 1 ਆਸਾਮੀ ਮਨਜ਼ੂਰਸ਼ੁਦਾ ਹੈ ਜੋ ਕਿ ਭਰੀ ਹੋਈ ਹੈ।

ਸਾਲ 2020 ਦੌਰਾਨ ਮੈਡੀਕਲ ਅਫ਼ਸਰ (ਸਪੈਸ਼ਲਿਸਟ ਅਤੇ ਜਨਰਲ) ਦੀਆਂ ਖਾਲੀ ਆਸਾਮੀਆਂ ਨੂੰ ਭਰਨ ਲਈ 349 ਮਾਹਿਰ ਡਾਕਟਰਾਂ ਅਤੇ 498 ਐਮ.ਬੀ.ਬੀ.ਐਸ. ਡਾਕਟਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ 200 ਮੈਡੀਕਲ ਅਫ਼ਸਰ (ਜਨਰਲ) ਅਤੇ 800 ਮੈਡੀਕਲ ਅਫ਼ਸਰ (ਸਪੈਸ਼ਲਿਸਟ) ਦੀਆਂ ਖਾਲੀ ਆਸਾਮੀਆਂ ਭਰਨ ਦੀ ਪ੍ਰਕਿਰਿਆ ਜਾਰੀ ਹੈ।

**ਸ਼੍ਰੀ ਬੁੱਧ ਰਾਮ** : ਸਰ, ਗੱਲ ਇਹ ਹੈ ਕਿ ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਬਰੇਟਾ ਅਤੇ ਬੋਹਾ ਸਬੰਧੀ ਪ੍ਰਸ਼ਨ ਲਗਵਾਉਂਦੇ ਨੂੰ ਚਾਰ ਸਾਲ ਹੋ ਗਏ ਹਨ। ਹਰ ਵਾਰ ਮੰਤਰੀ ਜੀ ਇਹੋ ਕਹਿ ਦਿੰਦੇ ਹਨ ਕਿ ਅਸੀਂ ਬੰਦੇ ਰੱਖਾਂਗੇ, ਇੰਨੇ ਬੰਦੇ ਆ ਰਹੇ ਹਨ, ਅਸੀਂ ਰਿਕਰੂਟ ਕਰ ਰਹੇ ਹਾਂ, ਤੁਹਾਨੂੰ ਭੇਜ ਦਿਆਂਗੇ। ਸਰ, ਸ਼ਨਿੱਚਰਵਾਰ ਨੂੰ ਬਰੇਟਾ ਹਸਪਤਾਲ ਦੇ ਗੇਟ ਦੇ ਬਿਲਕੁਲ ਸਾਹਮਣੇ ਇੱਕ ਪਿਉ ਪੁੱਤ ਜ਼ਿਮੀਂਦਾਰ, ਜੋ ਕਿ ਸੀਮਾਂਤ ਕਿਸਾਨ ਸੀ, ਉਨ੍ਹਾਂ ਦਾ ਟਰੱਕ ਨਾਲ ਐਕਸੀਡੈਂਟ ਹੋ ਗਿਆ। ਉੱਥੇ ਹਸਪਤਾਲ ਵਿੱਚ ਨਾ ਕੋਈ ਐਸ.ਐਮ.ਓ. ਸੀ, ਨਾ ਹੀ ਕੋਈ ਮੈਡੀਕਲ ਡਾਕਟਰ ਸੀ।

ਉੱਥੋਂ ਦੇ ਬੰਦੇ ਉਨ੍ਹਾਂ ਨੂੰ ਚੁੱਕ ਕੇ ਲੈ ਗਏ। ਉਨ੍ਹਾਂ ਨੂੰ ਬੁਢਲਾਡਾ ਲੈ ਗਏ, ਫਿਰ ਡੀ.ਐਮ.ਸੀ. ਲੈ ਗਏ। ਡੀ.ਐਮ.ਸੀ. ਤੱਕ ਜਾਂਦੇ ਜਾਂਦੇ ਉਹ ਰਾਹ ਵਿੱਚ ਮਰ ਗਏ। ਸੋ, ਗੱਲ ਇਹ ਹੈ ਕਿ ਉੱਥੇ ਡਾਕਟਰ ਹੈ ਹੀ ਨਹੀਂ। ਜੇਕਰ ਉਨ੍ਹਾਂ ਨੂੰ ਸਮੇਂ ਸਿਰ ਇਲਾਜ ਮਿਲ ਜਾਂਦਾ ਤਾਂ ਲਾਜ਼ਮੀ ਉਹ ਠੀਕ ਹੋ ਜਾਣੇ ਸਨ। ਬਰੇਟੇ ਵਿੱਚ ਹਸਪਤਾਲ ਦੀ ਬਿਲਡਿੰਗ ਬਹੁਤ ਸੋਹਣੀ ਬਣੀ ਹੋਈ ਹੈ, 40 ਪਿੰਡ ਲੱਗਦੇ ਹਨ। ਬਹੁਤ ਵਧੀਆ ਬਿਲਡਿੰਗ ਬਣੀ ਹੈ, ਪਰ ਡਾਕਟਰ ਕੋਈ ਹੈ ਨਹੀਂ। ਇਸੇ ਤਰ੍ਹਾਂ ਬੋਹਾ ਨੂੰ ਵੀ 40-45 ਪਿੰਡ ਲੱਗਦੇ ਹਨ....

**ਮਾਨਯੋਗ ਸਪੀਕਰ** : ਬੁੱਧ ਰਾਮ ਜੀ... ਬੁੱਧ ਰਾਮ ਜੀ.... ਬੈਠੋ ਜ਼ਰਾ।

**ਸ਼੍ਰੀ ਬੁੱਧ ਰਾਮ** : ਪੈਰਾ ਮੈਡੀਕਲ ਸਟਾਫ ਵੀ ਬਹੁਤ ਘੱਟ ਹੈ। ਸਪੈਸ਼ਲਿਸਟ ਦੀਆਂ ਚਾਰ ਪੋਸਟਾਂ ਹਨ, ਇੱਕ ਵੀ ਭਰੀ ਹੋਈ ਨਹੀਂ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਇਸ ਨੂੰ ਕਦੋਂ ਤੱਕ ਭਰ ਦਿਉਗੇ?

**ਮਾਨਯੋਗ ਸਪੀਕਰ :** ਬੈਠੋ। ਬੈਠ ਜਾਉ ਨਾ। ਮੰਤਰੀ ਜੀ, ਇਨ੍ਹਾਂ ਦਾ ਸਵਾਲ ਬੜਾ ਪੁਰਾਣਾ ਹੋ ਗਿਆ ਹੈ।

**ਮੰਤਰੀ** : ਸਰ, ਮੈਂ ਤਾਂ ਇਸ ਗੱਲ ਪ੍ਰਤੀ ਆਪ ਬਹੁਤ ਚਿੰਤਿਤ ਹਾਂ। ਜਿਹੜੀ ਪਹਿਲਾਂ 10 ਸਾਲ ਸਰਕਾਰ ਰਹੀ ਹੈ, ਉਨ੍ਹਾਂ ਨੇ ਇੱਕ ਵੀ ਡਾਕਟਰ ਭਰਤੀ ਨਹੀਂ ਕੀਤਾ। ਜਿਹੜੇ ਭਰਤੀ ਕੀਤੇ ਸੀ, ਉਨ੍ਹਾਂ ਨੂੰ 15 ਹਜ਼ਾਰ ਤਨਖਾਹ ਦੇ ਰਹੇ ਸੀ। ਹੁਣ ਪਹਿਲੀ ਵਾਰ ਹੋਇਆ ਹੈ ਕਿ ਅਸੀਂ ਉਹ ਪੀ.ਪੀ.ਐਸ.ਸੀ. ਤੋਂ ਬਾਹਰ ਕੱਢੇ ਹਨ ਅਤੇ ਅਸੀਂ ਡਾਇਰੈਕਟ ਭਰਤੀ ਕੀਤੇ ਹਨ। ਇਸ ਤੋਂ ਇਲਾਵਾ ਅਸੀਂ ਤਨਖਾਹ 53000-56000 ਤੋਂ ਸਟਾਰਟ ਕੀਤੀ ਹੈ। 80000 ਤੋਂ ਸਪੈਸ਼ਲਿਸਟ ਸਟਾਰਟ ਕੀਤਾ ਹੈ। ਹੁਣ ਡਾਕਟਰ ਆਉਣੇ ਸ਼ੁਰੂ ਹੋਏ ਹਨ। ਹਾਲੇ ਵੀ ਤਨਖਾਹਾਂ ਘੱਟ ਹਨ। ਮੈਂ ਆਪਣੇ ਐਫ.ਐਮ. ਸਾਹਿਬ ਨਾਲ ਗੱਲ ਕਰਾਂਗਾ ਜਾਂ ਕੈਬਨਿਟ ਵਿੱਚ ਇਹ ਮਸਲਾ ਰੱਖਾਂਗਾ ਕਿ ਜੇਕਰ ਅਸੀਂ ਡਾਕਟਰਾਂ ਤੋਂ ਪ੍ਰਾਪਰ ਸਰਵਿਸਿਜ ਲੈਣੀਆਂ ਹਨ ਤਾਂ ਸਾਨੂੰ ਤਨਖਾਹ ਹੋਰ ਵਧਾਉਣੀ ਪਵੇਗੀ। ਇਹ ਡਾਕਟਰ ਜਲਦੀ ਜੁਆਇਨ ਕਰ ਜਾਣਗੇ ਅਤੇ ਤੁਹਾਡੀਆਂ ਆਸਾਮੀਆਂ ਜਲਦੀ ਭਰ ਜਾਣਗੀਆਂ।

**ਸ਼੍ਰੀ ਬੁੱਧ ਰਾਮ** : ਮੈਂ ਇਨ੍ਹਾਂ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ ਜੀ। ਮੰਤਰੀ ਜੀ, ਤੁਹਾਡਾ ਬਹੁਤ ਧੰਨਵਾਦ ਹੈ ਕਿ ਤੁਸੀਂ ਪਿਛਲੇ ਸਾਲ ਜੱਚਾ ਬੱਚਾ ਕੇਂਦਰ ਸਟਾਰਟ ਕੀਤਾ ਸੀ। ਤੁਸੀਂ ਆਪ ਆ ਕੇ ਉਸ

ਦਾ ਉਦਘਾਟਨ ਵੀ ਕੀਤਾ ਸੀ। ਉਸ ਦਾ ਕੰਮ ਚੱਲ ਰਿਹਾ ਹੈ, ਉਹ ਕੰਮ ਰੁਕਣ ਨਾ ਦਿਉ। ਹੁਣ ਸਾਡੇ ਤੋਂ ਇਹ ਵੀ ਧੰਨਵਾਦ ਕਰਵਾ ਦਿਉ ਕਿ ਸਾਡੀਆਂ ਪੋਸਟਾਂ ਭਰ ਦਿਉ। ਬੁਢਲਾਡਾ ਲਈ ਡਾਕਟਰ ਦੀ ਪੋਸਟ ਮੈਂ ਤੁਹਾਨੂੰ ਲਿਆ ਦਿੰਦਾ ਹਾਂ। ਸਾਡੇ ਬਰੇਟਾ ਪਿੰਡ ਦਾ ਇੱਕ ਮੁੰਡਾ ਬਾਹਰ ਲੱਗਾ ਹੋਇਆ ਹੈ, ਉਸ ਦੀ ਬਦਲੀ ਕਰ ਦਿਉ। ਜੇਕਰ ਤੁਸੀਂ ਕਰ ਦਿਉ ਤਾਂ ਇੱਕ ਡਾਕਟਰ ਤਾਂ ਇੱਥੇ ਆ ਜਾਵੇਗਾ।

**ਮੰਤਰੀ** : ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਵੀ ਡਾਕਟਰ ਤੁਹਾਡੇ ਇੱਥੇ ਆਉਣਾ ਚਾਹੁੰਦੇ ਹਨ, ਮੈਨੂੰ ਲਿਸਟ ਲਿਆ ਕੇ ਦੇ ਦਿਉ, ਕੱਲ੍ਹ ਨੂੰ ਤੁਸੀਂ ਆਰਡਰ ਲੈ ਲਉ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 3282

**ਲੋਕ ਨਿਰਮਾਣ ਮੰਤਰੀ :** ਸਰ, ਇਹ ਮਾਨਯੋਗ ਮੈਂਬਰ ਸਾਹਿਬ ਪਹਿਲਾਂ ਇਸੇ ਮਹਿਕਮੇ ਦੇ ਵਜ਼ੀਰ ਰਹੇ ਹਨ ਤੇ ਇਹ ਸਵਾਲ ਮੈਂ ਤਾਂ ਕਰਕੇ ਥੋੜ੍ਹਾ ਜਿਹਾ ਬ੍ਰੀਫ ਕਰ ਰਿਹਾ ਹਾਂ ਕਿਉਂਕਿ ਨਹੀਂ ਤਾਂ ਇਸ ਤੇ ਸਪਲੀਮੈਂਟਰੀਜ਼ ਜ਼ਿਆਦਾ ਆਉਣਗੇ। ਸਰ, ਇਹ ਰੋਡ 25 ਕਿਲੋਮੀਟਰ ਲੰਬਾ ਸੀ ਜੋ ਕਿ ਲੁਧਿਆਣਾ ਤੋਂ ਲੈ ਕੇ ਰਾਹੋਂ ਤੱਕ ਸੀ। ਪਿਛਲੇ ਦੋ ਸਾਲ ਪਹਿਲਾਂ ਮੈਂਬਰ ਸਾਹਿਬ ਨੇ ਇਹ ਸਵਾਲ ਲਗਾਇਆ ਸੀ ਤੇ ਉਸ ਵੇਲੇ ਇਸ ਸੜਕ ਨੂੰ ਬਣਾਉਣ ਦੀ ਕੋਈ ਤਜਵੀਜ਼ ਨਹੀਂ ਸੀ। ਇਸ ਵਿੱਚ ਪ੍ਰੋਬਲਮ ਇਹ ਹੈ ਕਿ ਜਿਹੜਾ ਸਾਹਨੇਵਾਲ ਸ਼ਹਿਰ ਦਾ 0 ਤੋਂ 3 ਕਿਲੋਮੀਟਰ ਦਾ ਹਿੱਸਾ ਹੈ ਉੱਥੇ ਸੀਵਰੇਜ਼ ਦੀ ਪ੍ਰੋਬਲਮ ਕਾਫੀ ਜ਼ਿਆਦਾ ਵਧੀ ਹੋਈ ਸੀ। ਸੋ, ਕਿਉਂਕਿ ਮੈਂਬਰ ਸਾਹਿਬ ਨੇ ਲਗਾਤਾਰ ਇਸ ਗੱਲ ਨੂੰ ਰੇਜ਼ ਕੀਤਾ ਸੀ ਤੇ ਉੱਥੇ ਲੋਕਾਂ ਨੂੰ ਵੀ ਇਸ ਤੋਂ ਬੜੀ ਤਕਲੀਫ ਹੈ ਤੇ ਬੀਬੀ ਬਿੱਟੀ ਜੀ ਵੀ ਜਿਨ੍ਹਾਂ ਨੇ ਉੱਥੇ ਹਲਕੇ ਵਿੱਚੋਂ ਚੋਣ ਲੜੀ ਸੀ ਉਨ੍ਹਾਂ ਨੇ ਵੀ ਲਗਾਤਾਰ ਇਸ ਮਸਲੇ ਨੂੰ ਮੇਰੇ ਕੋਲ ਚੁੱਕਿਆ ਤਾਂ ਮੈਂ ਮਿਉਂਸਿਪਲ ਕਾਰਪੋਰੇਸ਼ਨ, ਲੁਧਿਆਣਾ ਦੇ ਕਮਿਸ਼ਨਰ ਨੂੰ ਤੇ ਨਾਲ ਹੀ ਚੀਫ ਇੰਜੀਨੀਅਰ, ਪਬਲਿਕ ਹੈਲਥ ਤੇ ਸਾਡੇ ਮਹਿਕਮੇ ਦੇ ਚੀਫ ਇੰਜੀਨੀਅਰ ਦੀ ਇੱਕ ਕਮੇਟੀ ਬਣਾ ਕੇ ਪਿਛਲੇ 6-8 ਮਹੀਨਿਆਂ ਤੋਂ ਸ਼ਹਿਰ ਦੇ ਸੀਵਰੇਜ਼ ਦੇ ਪ੍ਰੋਬਲਮ ਨੂੰ ਹੱਲ ਕਰਨ ਵਿੱਚ ਕਾਫੀ ਹੱਦ ਤੱਕ ਕਾਮਯਾਬ ਹੋ ਗਏ ਹਾਂ ਤਾਂ ਕਿ ਜਿਹੜਾ 0 ਤੋਂ 3 ਕਿਲੋਮੀਟਰ ਸ਼ਹਿਰ ਦੇ ਹਿੱਸੇ ਵਿੱਚ ਸੜਕ ਦਾ ਕੰਮ ਚਾਲੂ ਨਹੀਂ ਹੋ ਪਾ ਰਿਹਾ ਸੀ, ਉਹ ਸ਼ੁਰੂ ਕੀਤਾ ਜਾ ਸਕੇ। ਕਿਉਕਿ ਜਦੋਂ ਤੱਕ ਸੀਵਰੇਜ਼ ਦਾ ਮਸਲਾ ਹੱਲ ਨਹੀਂ ਹੋ ਜਾਣਾ ਸੀ ਉਦੋਂ ਤੱਕ ਸੜਕ ਦਾ ਕੰਮ ਸ਼ੁਰੂ ਨਹੀਂ ਕਰ ਸਕਦੇ ਸੀ। ਇਹ ਇੰਟਰ ਡਿਪਾਰਟਮੈਂਟਲ ਇਸ਼ੂ ਸੀ ਤੇ ਅਸੀਂ ਇਸ ਨੂੰ ਕਾਫੀ ਹੱਦ ਤੱਕ ਰਿਜ਼ਾਲਵ ਕਰ ਲਿਆ ਹੈ। ਜਿਹੜਾ ਸਾਡਾ ਉਸ ਜਗ੍ਹਾ ਦਾ ਟੈਂਡਰ ਹੈ ਜਦੋਂ ਸੀਵਰੇਜ਼ ਦਾ ਕੰਮ

ਖਤਮ ਹੋ ਜਾਵੇਗਾ ਤਾਂ ਦੁਬਾਰਾ ਟੈਂਡਰ ਲਗਾ ਕੇ ਅਗਲੇ ਛੇ ਮਹੀਨਿਆਂ ਵਿੱਚ ਉਸ ਕੰਮ ਨੂੰ ਵੀ ਪੂਰਾ ਕਰ ਦਿਆਂਗੇ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ, ਇਸ ਗੱਲ ਦੀ ਬੜੀ ਹੈਰਾਨੀ ਹੈ ਕਿ ਮੈਂ ਮੰਤਰੀ ਜੀ ਦੇ ਕੋਲੋਂ ਤਿੰਨ ਸਾਲ ਤੋਂ ਲਗਾਤਾਰ ਇਹੀ ਪ੍ਰਸ਼ਨ ਪੁੱਛਦਾ ਆ ਰਿਹਾ ਹਾਂ ਤੇ ਇਹ ਮੈਨੂੰ ਹਮੇਸ਼ਾ ਗੋਲ-ਮੋਲ ਜਵਾਬ ਦੇ ਕੇ ਬੈਠ ਜਾਂਦੇ ਹਨ। ਜਿਹੜੀ ਗੱਲ ਇਹ ਕਹਿੰਦੇ ਹਨ, ਮੈਂ ਮਹਿਕਮੇ ਦਾ ਮੰਤਰੀ ਰਿਹਾ ਹਾਂ , ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਟੈਂਡਰ ਸਾਲ 2016 ਤੋਂ ਨਵਾਂ ਸ਼ਹਿਰ ਤੋਂ ਲੈ ਕੇ ਲੁਧਿਆਣੇ ਤੱਕ ਲੱਗ ਚੁੱਕਿਆ ਸੀ। ਇਲੈਕਸ਼ਨਾਂ ਦੇ ਦੌਰਾਨ ਇਹ ਟੈਂਡਰ ਖੁੱਲ੍ਹ ਗਿਆ ਸੀ ਤੇ ਇਨ੍ਹਾਂ ਨੇ ਆਉਂਦੇ ਸਾਰ ਹੀ ਨਵਾਂ ਸ਼ਹਿਰ ਤੋਂ ਲੈ ਕੇ ਮੱਤੇਵਾੜਾ ਦੇ ਪੁਲ ਤੱਕ ਤਾਂ ਰੋਡ ਬਣਾ ਦਿੱਤੀ ਤੇ ਜਿਹੜਾ ਮੇਰੇ ਸਾਈਡ ਦਾ ਹਿੱਸਾ ਸੀ, ਉਹ ਵਿੱਚੋਂ ਕੱਢ ਦਿੱਤਾ। ਦੂਜਾ, ਚਾਹੇ ਸੀਵਰੇਜ਼ ਦਾ ਮਹਿਕਮਾ ਹੋਵੇ ਜੋ ਕਿ ਬ੍ਰਹਮ ਮਹਿੰਦਰਾ ਜੀ ਦੇ ਕੋਲ ਹੈ, ਚਾਹੇ ਪਬਲਿਕ ਹੈਲਥ ਦਾ ਮਹਿਕਮਾ ਹੋਵੇ, ਮਹਿਕਮੇ ਤਾਂ ਸਾਰੇ ਸਰਕਾਰ ਦੇ ਹੀ ਹਨ। ਮੈਂ ਮੰਤਰੀ ਜੀ ਨੂੰ ਵਾਰ-ਵਾਰ ਬੇਨਤੀ ਕਰ ਚੁੱਕਿਆ ਹਾਂ ਕਿ ਮੰਤਰੀ ਜੀ ਜਾ ਕੇ ਰੋਡ ਦਾ ਹਾਲ ਦੇਖੋ, ਢਾਈ-ਤਿੰਨ ਸਾਲ ਤੋਂ ਉਸ ਰੋਡ ਤੇ ਤੁਰਿਆ ਵੀ ਨਹੀਂ ਜਾਂਦਾ ਹੈ। ਮੈਂ ਕੁਝ ਲੋਕਾਂ ਨਾਲ ਇਕੱਠੇ ਹੋ ਕੇ ਉੱਥੇ ਟੋਕਰਾ ਰੱਖ ਕੇ 50-50, 100-100 ਰੁਪਏ ਇਕੱਠੇ ਕਰਕੇ ਉਸ ਦੀ ਰਿਪੇਅਰ ਵੀ ਕੀਤੀ ਸੀ ਲੇਕਿਨ ਉਸ ਦੀ ਰਿਪੇਅਰ ਜ਼ਿਆਦਾ ਵੱਡੇ ਪੱਧਰ ਤੇ ਨਹੀਂ ਹੋ ਸਕੀ ਸੀ। ਅਸੀਂ ਛੇ ਮਹੀਨਿਆਂ ਵਾਸਤੇ ਕੰਮ ਚਲਾ ਲਿਆ ਸੀ। ਹੁਣ ਮੰਤਰੀ ਜੀ ਨੇ ਸੀਵਰੇਜ਼ ਨਾਲ ਕੰਮ ਜੋੜ ਦਿੱਤਾ ਹੈ। ਸੀਵਰੇਜ਼ ਵਾਸਤੇ ਮੈਂ ਬ੍ਰਹਮ ਮਹਿੰਦਰਾ ਜੀ ਨੂੰ ਵੀ ਬੇਨਤੀ ਕੀਤੀ ਸੀ ਕਿ ਮੈਂ ਹਾਊਸ ਵਿੱਚ ਖੜ੍ਹ ਕੇ ਬਹੁਤਾ ਰੌਲਾ ਪਾਉਣ ਦਾ ਆਦੀ ਨਹੀਂ ਹਾਂ ਤਾਂ ਇਨ੍ਹਾਂ ਨੇ ਮੈਨੂੰ ਕਿਹਾ ਸੀ ਕਿ ਸੀਵਰੇਜ਼ ਦੀ ਜ਼ਿੰਮੇਵਾਰੀ ਮੇਰੀ ਹੈ। ਮੈਂ ਮੰਤਰੀ ਜੀ ਨੂੰ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਮਹਿਕਮਾ ਚਾਹੇ ਪਬਲਿਕ ਹੈਲਥ ਦਾ ਹੋਵੇ, ਚਾਹੇ ਸੀਵਰੇਜ਼ ਦਾ ਮਹਿਕਮਾ ਹੋਵੇ, ਜਿਹੜੀ ਉੱਥੇ ਪਾਣੀ ਦੇ ਪਾਈਪਾਂ ਦੀ ਲੀਕਿੰਗ ਹੋ ਰਹੀ ਹੈ, ਇਨ੍ਹਾਂ ਦੋਨੋਂ ਮਹਿਕਮਿਆਂ ਦੀ ਜ਼ਿੰਮੇਵਾਰੀ ਹੈ ਕਿ ਮੈਂ ਇੰਨੇ ਸਮੇਂ ਦੇ ਵਿੱਚ-ਵਿੱਚ ਇਹ ਰੋਡ ਬਣਾਉਣੀ ਹੈ, ਤੁਸੀਂ ਇਸ ਨੂੰ ਬਣਾ ਕੇ ਦਿਓ। ਕੀ ਮੰਤਰੀ ਜੀ ਮੈਨੂੰ ਵਿਸ਼ਵਾਸ ਦਿਵਾਉਣਗੇ ਕਿ ਕਿੰਨੀ ਦੇਰ ਦੇ ਵਿੱਚ ਇਹ ਰੋਡ ਦਾ ਕੰਮ ਮੁਕੰਮਲ ਹੋ ਜਾਵੇਗਾ? ਚਾਰ ਸਾਲਾਂ ਤੋਂ ਲੋਕ ਧੱਕੇ ਖਾ ਰਹੇ ਹਨ।

**ਮਾਨਯੋਗ ਸਪੀਕਰ:** ਬੈਠੋ, ਬੈਠੋ, ਬੈਠੋ। ਸਿੰਗਲਾ ਜੀ, ਇਹ ਬਹੁਤ ਪੁਰਾਣਾ ਸਵਾਲ ਹੋ ਗਿਆ ਹੈ, ਇਸ ਦਾ ਕੁਝ ਹੱਲ ਕਰੋ।

**ਮੰਤਰੀ:** ਸਰ, ਮੈਂ ਆਪ ਹੀ ਹਾਊਸ ਨੂੰ ਸਟਾਰਟਿੰਗ ਵਿੱਚ ਹੀ ਸਾਰੀ ਤਜਵੀਜ਼ ਬ੍ਰੀਫ ਕੀਤੀ ਹੈ। ਮੈਂਬਰ ਸਾਹਿਬ ਨੇ ਕਿਹਾ ਹੈ ਸਾਲ 2016 ਵਿੱਚ ਟੈਂਡਰ ਲਗਿਆ ਸੀ ਤੇ ਕਈ ਟੈਂਡਰ ਇਨ੍ਹਾਂ ਦੀ ਸਰਕਾਰ ਵੇਲੇ ਲੱਗ ਵੀ ਜਾਂਦੇ ਸੀ, ਸਾਲ 2016 ਵਿੱਚ ਬਹੁਤ ਸਾਰੇ ਲੱਗੇ ਸੀ ਤੇ ਮੈਂ ਆ ਕੇ ਕਈ ਮਹਿਕਮਿਆਂ ਵਿੱਚ ਦੇਖਿਆ ਹੈ ਕਿ ਕਿਸੇ ਨੂੰ ਪੀ.ਆਈ.ਡੀ.ਬੀ. ਦੇ ਥਰੂ ਟੈਂਡਰ ਲਗਾ ਕੇ ਉਦਘਾਟਨ ਕੀਤਾ ਹੋਇਆ ਸੀ। ਪਿਛਲੀ ਵਾਰ ਤੁਹਾਡੇ ਹਲਕੇ ਦਾ ਸਵਾਲ ਸੀ, ਉਸ ਵਿੱਚ ਵੀ 26 ਨਵੰਬਰ, 2016 ਨੂੰ ਉਸ ਪੁਲ ਦੇ ਉਦਘਾਟਨ ਵਾਸਤੇ ਚੀਮਾ ਸਾਹਿਬ ਨੇ ਫਾਊਂਡੇਸ਼ਨ ਸਟੋਨ ਰੱਖ ਦਿੱਤਾ ਸੀ। ਇਨ੍ਹਾਂ ਨੇ ਇੰਟਰ ਡਿਪਾਰਟਮੈਂਟਲ ਇਸ਼ੂ ਦੀ ਗੱਲ ਕਹੀ ਹੈ, ਇਹ ਗੱਲ ਤਾਂ ਮੈਂ ਖੁਦ ਕਹੀ ਹੈ ਕਿ ਮਿਉਂਸਿਪਲ ਕਾਰਪੋਰੇਸ਼ਨ, ਲੁਧਿਆਣਾ ਦੇ ਕਮਿਸ਼ਨਰ ਨੂੰ, ਚੀਫ ਇੰਜੀਨੀਅਰ, ਪਬਲਿਕ ਹੈਲਥ ਨੂੰ ਅਤੇ ਚੀਫ ਇੰਜੀਨੀਅਰ PWD ਨੂੰ ਪਿਛਲੇ ਇੱਕ ਸਾਲ ਤੋਂ ਮੈਂ ਆਪਣੇ ਲੈਵਲ ਤੇ ਫਾਲੋਅੱਪ ਕਰ ਰਿਹਾ ਹਾਂ। ਹੁਣ ਜਿੱਥੇ ਤੱਕ ਮਾਨਯੋਗ ਮੈਂਬਰ ਸਾਹਿਬ ਨੇ ਗੱਲ ਰੱਖੀ ਹੈ ਕਿ ਸੀਵਰੇਜ਼ ਓਵਰ ਫਲੋਅ ਹੋ ਰਿਹਾ ਹੈ ਉਹ ਸੀਵਰੇਜ਼ ਓਵਰ ਫਲੋਅ ਕਿਉਂ ਹੋ ਰਿਹਾ ਹੈ, ਕਿਉਂਕਿ ਇਨ੍ਹਾਂ ਨੇ ਪਿੰਡਾਂ ਦਾ ਸੀਵਰੇਜ਼ ਸਾਰਾ ਚੁੱਕ ਕੇ ਮੇਨ ਸੀਵਰੇਜ਼ ਵਿੱਚ ਪਾ ਦਿੱਤਾ ਹੈ ਤੇ ਉਸ ਦੀ ਕੈਪੇਸਿਟੀ ਇੰਨੀ ਨਹੀਂ ਸੀ ਕਿ ਉਹ ਇਸ ਨੂੰ ਬਰਦਾਸ਼ਤ ਕਰ ਸਕੇ। ਇਸ ਕਰਕੇ ਸਰ, ਇਹ ਇੰਟਰ ਡਿਪਾਰਟਮੈਂਟਲ ਇਸ਼ੂ ਹੈ। ਜਿਹੜੀ 13 ਕਿਲੋਮੀਟਰ ਨਵਾਂ ਸ਼ਹਿਰ ਵਾਲੇ ਪਾਸੇ ਦੀ ਸੜਕ ਦੀ ਗੱਲ ਹੈ ਉਸ ਦਾ ਕੰਮ ਕੰਪਲੀਟ ਹੋ ਚੁੱਕਾ ਹੈ ਤੇ ਜਿਹੜਾ 0 ਤੋਂ 11 ਕਿਲੋਮੀਟਰ ਵਾਲਾ ਪਾਸਾ ਹੈ, ਉਸ ਵਾਸਤੇ ਵੀ ਅਸੀਂ ਆਉਣ ਵਾਲੇ ਸਮੇਂ ਵਿੱਚ ਟੈਂਡਰ ਲਗਾ ਰਹੇ ਹਾਂ ਤੇ ਜਿਹੜਾ 0 ਤੋਂ 3 ਕਿਲੋਮੀਟਰ ਹਿੱਸਾ ਹੈ, ਜਦੋਂ ਸੀਵਰੇਜ਼ ਦਾ ਕੰਮ ਮੁਕੰਮਲ ਹੋ ਗਿਆ ਤਾਂ ਉਸ ਦਾ ਵੀ ਕੰਮ ਸ਼ੁਰੂ ਹੋ ਜਾਵੇਗਾ ਕਿਉਂਕਿ ਉਸ ਤੇ ਆਲਰੇਡੀ ਕੰਮ ਚੱਲ ਰਿਹਾ ਹੈ। ਇਸ ਬਾਰੇ ਮਾਨਯੋਗ ਮੈਂਬਰ ਸਾਹਿਬ ਨੂੰ ਤੇ ਉੱਥੇ ਦੀ ਜਨਤਾ ਨੂੰ ਖੁਦ ਵੀ ਪਤਾ ਹੈ। ਮੇਰੀ ਕਲੀਅਰ ਗੱਲ ਹੁੰਦੀ ਹੈ ਕਿ ਜੇ ਕੋਈ ਵੀ ਮੈਂਬਰ ਸਾਹਿਬਾਨ ਇਸ ਹਾਊਸ ਵਿੱਚ ਸਵਾਲ ਚੁੱਕਦੇ ਹਨ ਤਾਂ ਮੇਰੀ ਫੀਲਿੰਗ ਇਹ ਹੁੰਦੀ ਹੈ ਕਿ ਉਹ ਸਵਾਲ ਤਾਂ ਚੁੱਕਿਆ ਜਾਂਦਾ ਹੈ ਕਿਉਂਕਿ ਉਸ ਦੀ ਗਰਾਊਂਡ ਲੈਵਲ ਤੇ ਬਹੁਤ ਜ਼ਿਆਦਾ ਤਕਲੀਫ ਹੁੰਦੀ ਹੈ। I make sure ਕਿ ਮੈਂ ਇਕੱਲੇ-ਇਕੱਲੇ ਸਵਾਲ ਦਾ ਜਵਾਬ ਦੇਣ ਵਾਸਤੇ ਅਤੇ ਹੱਲ ਕਰਨ ਵਾਸਤੇ ਯਤਨ ਕਰਾਂ ਚਾਹੇ ਉਹ ਸਕੂਲਾਂ ਨਾਲ ਜੁੜਿਆ ਸਵਾਲ ਹੋਵੇ ਕਿਉਂਕਿ ਉਹ ਸਾਰੇ ਹਰ ਤਰ੍ਹਾਂ ਦੇ ਲੋਕ ਅਤੇ ਹਰ ਪਾਰਟੀ ਦੇ ਲੋਕ ਯੂਜ਼ ਕਰਦੇ ਹਨ, ਜਨਤਾ ਯੂਜ਼ ਕਰਦੀ ਹੈ। ਸੋ, ਕਿਸੇ ਮੈਂਬਰ ਨੇ ਸਵਾਲ ਲਗਾਇਆ ਹੈ, ਉਹ ਸਾਡੇ ਗਰਾਊਂਡ ਲੈਵਲ ਤੇ ਤਲਕੀਫ ਹੈ, ਅਸੀਂ ਉਸ ਨੂੰ ਹੱਲ ਕਰਵਾਉਣ ਦਾ ਯਤਨ ਕਰਦੇ ਹਾਂ। ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਜਿਸ ਦਿਨ ਉਹ ਸੀਵਰੇਜ

ਵਾਲਾ ਮਸਲਾ ਜੇ 15 ਦਿਨਾਂ ਵਿਚ ਠੀਕ ਹੋ ਜਾਵੇਗਾ ਤਾਂ ਉਸ ਤੋਂ ਬਾਅਦ ਨਾਲ ਦੀ ਨਾਲ ਟੈਂਡਰ ਲਗਾ ਦੇਵਾਂਗੇ, ਜਿਹੜਾ ਸ਼ਹਿਰ ਦਾ ਪੋਰਸ਼ਨ ਹੈ। ਦੂਜਾ ਰਿਪੇਅਰ ਹਾਲੇ ਕਿਸੇ ਤਜਵੀਜ਼ ਵਿਚ ਨਹੀਂ ਹੈ, ਉਹ ਡਿਊ ਹੋ ਗਿਆ ਤਾਂ ਉਸ ਦਾ ਆਉਣ ਵਾਲੇ ਸਮੇਂ ਵਿਚ ਟੈਂਡਰ ਲਗਵਾ ਕੇ ਕੰਮ ਕਰ ਦੇਵਾਂਗੇ।

**ਮਾਨਯੋਗ ਸਪੀਕਰ:** ਇੱਕ ਸੈਕਿੰਡ ਜੀ, ਇਸ ਤਰ੍ਹਾਂ ਨਹੀਂ ਹੈ। ਬ੍ਰਹਮ ਮਹਿੰਦਰਾ ਜੀ, ਮੈਂ ਤੁਹਾਨੂੰ ਰਿਕੁਐਸਟ ਕਰਦਾ ਹਾਂ ਕਿਉਂਕਿ ਇਹ ਕੰਮ ਸੀਵਰੇਜ ਤੇ ਅਟਕਿਆ ਹੋਇਆ ਹੈ, ਬਹੁਤ ਦੇਰ ਹੋ ਗਈ ਹੈ। ਜੇ ਤੁਸੀਂ ਥੋੜ੍ਹਾ ਜਿਹਾ ਧਿਆਨ ਦੇ ਕੇ ਸੀਵਰੇਜ ਦਾ ਕੰਮ ਕਰਵਾ ਦਿਉਗੇ ਤਾਂ ਸਿੰਗਲਾ ਸਾਹਿਬ ਕਹਿੰਦੇ ਕਿ ਉਦੋਂ ਹੀ ਟੈਂਡਰ ਲਗਾ ਦਿੱਤੇ ਜਾਣਗੇ।

**ਸਥਾਨਕ ਸਰਕਾਰ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ, ਪੰਜ ਦਿਨ ਪਹਿਲਾਂ ਹੀ ਇੱਕ ਸੀਵਰੇਜ ਤੇ ਸਵਾਲ ਲੱਗਿਆ ਹੋਇਆ ਸੀ। ਮੈਂ ਉਸ ਵਿਚ ਤੁਹਾਡੇ ਰਾਹੀਂ ਮੈਂਬਰ ਸਾਹਿਬ ਅਤੇ ਹਾਊਸ ਨੂੰ ਬੇਨਤੀ ਕੀਤੀ ਸੀ ਕਿ ਮਲਟੀ-ਨੈਸ਼ਨਲ ਕੰਪਨੀਜ਼ ਆ ਕੇ ਕੰਟਰੈਕਟ ਲੈ ਲੈਂਦੀਆਂ ਹਨ।

**ਮਾਨਯੋਗ ਸਪੀਕਰ:** ਹਾਂ ਜੀ, ਤੁਸੀਂ ਦੱਸਿਆ ਸੀ।

**ਸਥਾਨਕ ਸਰਕਾਰ ਮੰਤਰੀ:** ਉਹ ਅੱਗੇ ਸਬ-ਕੰਟਰੈਕਟ ਦੇ ਦਿੰਦੀਆਂ ਹਨ। ਹੁਣ ਅਸੀਂ ਉਸ ਨੂੰ ਵਾਚ ਕਰ ਰਹੇ ਹਾਂ। ਜਿਹੜੇ ਨਵੇਂ ਕੰਟਰੈਕਟ ਦਿੱਤੇ ਜਾ ਰਹੇ ਹਨ, ਉਸ ਵਿਚ ਪੂਰਾ ਸਿਸਟਮ ਦੇਖਿਆ ਜਾ ਰਿਹਾ ਹੈ ਕਿ ਇਹ ਇਸ ਤਰ੍ਹਾਂ ਦਾ ਡਬਲ-ਸਟੈਂਡਰਡ ਕੰਮ ਨਾ ਕਰਨ।

**ਮਾਨਯੋਗ ਸਪੀਕਰ:** ਜ਼ਰਾ expedite ਕਰੋ ਜੀ।

**ਸਥਾਨਕ ਸਰਕਾਰ ਮੰਤਰੀ:** ਹਾਂ ਜੀ, ਕਰਵਾ ਦਿੰਦੇ ਹਾਂ ਜੀ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਕੁਝ ਕਹਿਣਾ ਚਾਹੁੰਦਾ ਹਾਂ ਜੀ।

**ਮਾਨਯੋਗ ਸਪੀਕਰ:** ਇੱਕ ਮਿੰਟ ਗੱਲ ਸੁਣੋ। ਮੇਰੀ ਗੱਲ ਪੂਰੀ ਹੋ ਲੈਣ ਦਿਉ। ਤਿੰਨ ਸਪਲੀਮੈਂਟਰੀਜ਼ ਹੁੰਦੀਆਂ ਹਨ, ਤੁਹਾਡੀਆਂ ਹੋ ਗਈਆਂ ਹਨ। (ਵਿਘਨ)(ਸ਼ੋਰ)

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਨਹੀਂ, ਸਪਲੀਮੈਂਟਰੀਜ਼ ਤਿੰਨ ਹੋ ਗਈਆਂ ਹਨ। ਵੈਸੇ ਕਹਿ ਲਵੋ ਪਰ ਤੁਹਾਡੀਆਂ ਸਪਲੀਮੈਂਟਰੀਜ਼ ਹੋ ਚੁੱਕੀਆਂ ਹਨ। ਇੱਕ ਗੱਲ ਕਹਿ ਲਵੋ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ, ਮੈਂ ਇੱਥੇ ਇਵੇਂ ਨਹੀਂ ਪਿੱਟ ਰਿਹਾ, ਉੱਥੇ ਧਰਨੇ ਲਗਾ-ਲਗਾ ਕੇ ਦੁਨੀਆਂ ਥੱਕ ਗਈ ਹੈ, ਉੱਥੇ ਬੁਰੀ ਹਾਲਤ ਹੈ। ਅਸੀਂ ਸੋਸ਼ਲ ਜਥੇਬੰਦੀਆਂ ਦੀ ਮਦਦ ਲੈ-ਲੈ ਕੇ ਥੱਕ ਗਏ, ਸਾਡੀ ਰੋਡ ਦਾ ਕੰਮ ਸਿਰੇ ਨਹੀਂ ਚੜ੍ਹਿਆ। ਜਿਹੜੀ ਮੰਤਰੀ ਜੀ ਨੇ ਗੱਲ ਕਹੀ ਹੈ ਕਿ ਇਨ੍ਹਾਂ ਨੇ ਉੱਥੇ ਜਾ ਕੇ ਪਿੰਡਾਂ ਦਾ ਸੀਵਰੇਜ ਪਾ ਦਿੱਤਾ। ਮੈਂ ਗੱਲ ਕਹਿਣੀ ਚਾਹੁੰਦਾ ਹਾਂ ਕਿ ਮੈਂ ਸੀਵਰੇਜ ਨਹੀਂ ਪਾਇਆ, ਇਸ ਸਰਕਾਰ ਨੇ ਪਾਇਆ ਹੈ। ਇੱਕ honest, ਸੱਚਾ-ਸੁੱਚਾ ਅਫਸਰ ਸੁਰੇਸ਼ ਕੁਮਾਰ ਜੀ ਉਸ ਮੌਕੇ ਪ੍ਰਿੰਸੀਪਲ ਸੈਕਟਰੀ ਸਨ, ਇਨ੍ਹਾਂ ਨੇ ਵਰਲਡ ਬੈਂਕ ਦਾ ਪ੍ਰਾਜੈਕਟ ਲਿਆ ਕੇ ਉੱਥੇ ਸਰਕਾਰ ਦੀਆਂ ਸਾਰੀਆਂ ਮਨਜ਼ੂਰੀਆਂ ਲੈ ਕੇ ਮਿਉਂਸਿਪਲ ਕਾਰਪੋਰੇਸ਼ਨ ਦੀ ਮਨਜ਼ੂਰੀ ਲੈ ਕੇ, ਤਿੰਨ ਸਾਲ ਸਾਰੀਆਂ ਮਨਜ਼ੂਰੀਆਂ ਲੈਣ ਲਈ ਲੱਗੇ ਸਨ। ਨਾ ਉਹ ਸੀਵਰੇਜ ਪਾਇਆ।

**ਮਾਨਯੋਗ ਸਪੀਕਰ:** ਆਪਾਂ ਉਸ ਗੱਲ ਨੂੰ ਛੱਡੀਏ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਇੱਕ ਮੇਰੀ ਬੇਨਤੀ ਸੁਣ ਲਵੋ ਜੀ। ਮੈਨੂੰ ਇੰਨਾ ਵਿਸ਼ਵਾਸ ਦਿਵਾ ਦਿਉ ਕਿ ਇਹ ਕਦੋਂ ਤੱਕ ਮੁਕੰਮਲ ਹੋ ਜਾਵੇਗਾ?

**ਮਾਨਯੋਗ ਸਪੀਕਰ:** ਹੁਣ ਉਨ੍ਹਾਂ ਨੇ ਕਹਿ ਦਿੱਤਾ ਹੈ, ਉਹ ਕਹਿੰਦੇ ਹਨ ਕਿ ਜਿਸ ਦਿਨ ਬ੍ਰਹਮ ਮਹਿੰਦਰਾ ਜੀ ਕੰਮ ਕਰ ਦੇਣਗੇ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਨਹੀਂ, ਜੇ ਹੋਵੇ ਹੀ ਨਾ ਜੀ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਸੁਣੋ, ਗੱਲ ਵੀ ਸੁਣੋ। ਇੱਕ ਮਿੰਟ ਸਿੰਗਲਾ ਜੀ ਬੈਠੋ ਜੀ। ਦੇਖੋ ਉਨ੍ਹਾਂ ਨੇ ਇਹ ਗੱਲ ਕਹੀ ਹੈ ਕਿ ਜਿਸ ਦਿਨ ਸੀਵਰੇਜ ਦਾ ਕੰਮ ਹੋ ਗਿਆ, ਅਸੀਂ 15 ਦਿਨਾਂ ਦੇ ਅੰਦਰ ਟੈਂਡਰ ਲਗਾ ਦੇਵਾਂਗੇ। (ਵਿਘਨ)(ਸ਼ੋਰ) ਇੱਕ ਮਿੰਟ ਗੱਲ ਪੂਰੀ ਹੋ ਲੈਣ ਦਿਉ, ਗੱਲ ਪੂਰੀ ਹੋ ਲੈਣ ਦਿਉ। ਤੁਹਾਡੇ ਬਿਨਾਂ ਕਹਿਣ ਤੋਂ ਮੈਂ ਚੇਅਰ ਵੱਲੋਂ ਬ੍ਰਹਮ ਮਹਿੰਦਰਾ ਜੀ ਨੂੰ ਵੀ ਰਿਕੁਐਸਟ ਕੀਤੀ ਹੈ ਕਿ ਤੁਸੀਂ ਪਰਸਨਲੀ ਦਖਲ ਦੇ ਕੇ, ਇੰਟਰਵੈਨਸ਼ਨ ਕਰਕੇ ਇਸ ਗੱਲ ਨੂੰ ਨਬੇੜ ਦਿਉ। ਇਹੀ ਹੋ ਸਕਦਾ ਹੈ, ਹੋਰ ਤਾਂ ਕੋਈ ਹੱਲ ਹੈ ਨਹੀਂ। ਇਨ੍ਹਾਂ ਨੂੰ ਰਿਕੁਐਸਟ ਕਰ ਦਿੱਤੀ ਹੈ।

**ਸਰਦਾਰ ਜਗਦੇਵ ਸਿੰਘ:** ਮੈਂ ਮੰਤਰੀ ਜੀ ਦਾ ਧਿਆਨ ਇੱਕ ਬਹੁਤ ਮਹੱਤਵਪੂਰਨ ਮਸਲਾ ਹੈ, ਇਸੇ ਸੜਕ ਨਾਲ ਸਬੰਧਿਤ ਹੈ, ਰਾਪਮੁਰਾ ਵਾਇਆ ਮੋੜ।

**ਮਾਨਯੋਗ ਸਪੀਕਰ:** ਨਹੀਂ, ਇਸ ਤਰ੍ਹਾਂ ਨਹੀਂ ਹੋ ਸਕਦਾ ਜੀ। ਸਰਦਾਰ ਸਾਹਿਬ, ਇਸ ਤਰ੍ਹਾਂ ਨਹੀਂ ਹੁੰਦਾ ਜੀ। ਜੇ ਕਿਸੇ ਨੇ ਰਿਲੇਟਿਡ ਸਵਾਲ ਪੁੱਛਣਾ ਹੈ ਤਾਂ ਪੁੱਛ ਲਵੋ, ਉਹ ਸਵਾਲ ਇਸ ਤਰ੍ਹਾਂ ਨਹੀਂ ਹੈ। ਸਾਰੀਆਂ ਪੰਜਾਬ ਦੀਆਂ ਸੜਕਾਂ ਵਜ਼ੀਰ ਸਾਹਿਬ ਨੂੰ ਜ਼ੁਬਾਨੀ ਯਾਦ ਨਹੀਂ ਹੋ ਸਕਦੀਆਂ, ਇਹ ਨਹੀਂ ਹੁੰਦਾ ਜੀ। ਸਰਦਾਰ ਅਮਰਜੀਤ ਸਿੰਘ ਜੀ, ਤੁਸੀਂ ਦੱਸੋ ਜੀ।

**ਸਰਦਾਰ ਜਗਦੇਵ ਸਿੰਘ:** ਸਰ, ਉਹ 50 ਮੀਟਰ ਹੈ।

**ਮਾਨਯੋਗ ਸਪੀਕਰ:** ਇੱਕ ਮਿੰਟ ਜੀ, ਚਾਹੇ 10 ਮੀਟਰ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਜੀ। ਮੈਂ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਾਡਾ ਘਨੌਲੀ ਤੋਂ ਨਾਲਾਗੜ੍ਹ, ਨਾਲਾਗੜ੍ਹ ਇੰਡਸਟਰੀ ਬਹੁਤ ਲੱਗੀ ਹੈ, ਉਥੇ ਲੋਕ ਕੰਮ ਕਰਨ ਲਈ ਜਾਂਦੇ ਹਨ। ਉਹ ਸੜਕ ਬਹੁਤ ਟੁੱਟੀ ਹੋਈ ਹੈ।

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਹੈ। ਸਰਦਾਰ ਲਖਵੀਰ ਸਿੰਘ ਲੱਖਾ, ਬੋਲੋ ਜੀ।

**ਸਰਦਾਰ ਲਖਵੀਰ ਸਿੰਘ ਲੱਖਾ:** ਮੇਰਾ ਸਵਾਲ ਹੈ ਜੀ। ਪੀ.ਡਬਲਿਊ.ਡੀ. ਮਨਿਸਟਰ ਸਾਹਿਬ ਬੈਠੇ ਹਨ। ਮੈਂ ਕਈ ਵਾਰ ਸੜਕਾਂ ਦੇ ਲਿਖ ਕੇ ਦੇ ਚੁੱਕਿਆ ਹਾਂ, ਜਿਹੜੀਆਂ ਕਿ ਇਤਿਹਾਸਕ ਸੜਕਾਂ ਹਨ।

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ ਜੀ।

**ਸਰਦਾਰ ਲਖਵੀਰ ਸਿੰਘ ਲੱਖਾ:** ਸਰ, ਇਹ ਜ਼ਰੂਰੀ ਰਿਕੁਐਸਟ ਹੈ ਜੀ।

**ਮਾਨਯੋਗ ਸਪੀਕਰ:** ਤੁਹਾਡੀ ਰਿਕੁਐਸਟ ਆ ਗਈ ਜੀ। ਇਹ ਵੱਖਰਾ ਸਵਾਲ ਬਣਦਾ ਹੈ।

---

***3007. ਉੱਤਰ ਵੱਲੋਂ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਦਿਹਾਤੀ ਵਿਕਾਸ ਤੇ ਪੰਚਾਇਤਾਂ, ਪਸ਼ੂ ਪਾਲਣ ਅਤੇ ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਉਚੇਰੀ ਸਿੱਖਿਆ ਮੰਤਰੀ)....ਪੰਜਾਬੀ**

**ਸਰਦਾਰ ਦਿਲਰਾਜ ਸਿੰਘ:** ਬਾਜਵਾ ਸਾਹਿਬ, ਬਹੁਤ ਧੰਨਵਾਦ ਕਿਉਂਕਿ ਤੁਸੀਂ ਹਰ ਚੀਜ਼ ਦਾ satisfactory ਜਵਾਬ ਦਿੰਦੇ ਹੋ। ਸਪੀਕਰ ਸਾਹਿਬ, ਤੁਹਾਡਾ ਵੀ ਧੰਨਵਾਦ ਪਰੰਤੂ ਜਦੋਂ ਇਹ ਸੜਕ ਬਣੀ ਸੀ, ਉਸ ਵਿੱਚ ਇਹ ਇਸ਼ੂ ਸੀ ਕਿ ਬਰਮਾਂ ਨੂੰ ਪਰਾਪਰਲੀ ਮੇਨਟੇਨ ਨਹੀਂ ਕੀਤਾ ਗਿਆ ਅਤੇ generally ਕੀ ਹੁੰਦਾ ਹੈ ਕਿ ਸਾਈਡ ਉੱਤੇ ਥੋੜ੍ਹੇ trench ਬਣਾ ਦਿੱਤੇ ਹਨ ਤਾਂ ਕਿ ਪਾਣੀ ਦੀ ਉਥੋਂ ਨਿਕਾਸੀ ਹੋ ਸਕੇ। ਉਸ ਦੇ ਨਾ ਹੋਣ ਕਰਕੇ ਪਿੰਡ ਆਲੀਕੇ ਕੋਲ ਬੜੀ ਸਮੱਸਿਆ ਆ ਰਹੀ ਹੈ। ਇਸ ਦੇ ਨਾਲ ਹੀ ਪਿੰਡ ਮਾਖੀਆਲੇ ਕੋਲ ਵੀ ਬੜੀ ਸਮੱਸਿਆ ਆ ਰਹੀ ਹੈ। ਜੇਕਰ ਤੁਸੀਂ ਕਹੋ ਤਾਂ ਮੈਂ ਤੁਹਾਨੂੰ ਅੱਜ ਦੀ ਫੋਟੋ ਵੀ ਭੇਜ ਦਿੰਦਾ ਹਾਂ। ਸਪੀਕਰ ਸਾਹਿਬ, ਸਾਈਡ ਤੋਂ ਹਾਲੇ ਤੱਕ ਸੜਕ ਬਣੀ ਨਹੀਂ ਪਰ ਸੜਕ ਪੂਰੀ ਟੁੱਟ ਚੁੱਕੀ ਹੈ।ਕਾਈਂਡਲੀ ਇਹ ਉਸ ਨੂੰ ਦੇਖ ਕੇ ਚੈੱਕ ਕਰਵਾ ਲੈਣ।

**ਮੰਤਰੀ:** ਸਪੀਕਰ ਸਾਹਿਬ, ਮੈਂ ਇਨ੍ਹਾਂ ਨਾਲ ਸਵੇਰੇ ਵੀ ਟੈਲੀਫੋਨ ਤੇ ਗੱਲ ਕੀਤੀ ਸੀ। ਇਨ੍ਹਾਂ ਨੇ ਮੈਨੂੰ ਸਮੱਸਿਆ ਦੱਸੀ ਸੀ । ਮੈਂ ਉਸੇ ਵੇਲੇ ਸੈਕਟਰੀ, ਮੰਡੀ ਬੋਰਡ ਨੂੰ ਕਹਿ ਦਿੱਤਾ ਸੀ ਕਿ ਮੌਕਾ ਦੇਖ ਕੇ ਪਤਾ ਕਰੋ, ਜੇ ਪ੍ਰਾਬਲਮ ਹੈ ਤਾਂ ਉਸ ਦਾ ਹੱਲ ਕਰ ਦਿੱਤਾ ਜਾਵੇ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਅਗਲਾ ਸਵਾਲ, ਸਰਦਾਰ ਹਰਦਿਆਲ ਸਿੰਘ ਕੰਬੋਜ।

---

***3240. ਉੱਤਰ ਵੱਲੋਂ ਸਥਾਨਕ ਸਰਕਾਰ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)........ਪੰਜਾਬੀ**

**ਸਰਦਾਰ ਹਰਦਿਆਲ ਸਿੰਘ ਕੰਬੋਜ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇੱਥੇ ਸਾਲ, 1978 ਵਿੱਚ ਸੀਵਰੇਜ ਪਿਆ ਸੀ। ਸਪੀਕਰ ਸਾਹਿਬ, 43 ਸਾਲ ਹੋ ਗਏ ਹਨ। ਜਿਹੜੀਆਂ ਬਹੁਤ ਸਾਰੀਆਂ ਲਾਈਨਾਂ ਹਨ, ਉਹ ਡੈਮੇਜ ਹੋ ਗਈਆਂ ਹਨ। ਹੁਣ ਹਾਲਾਤ ਇਹ ਹਨ ਕਿ ਜਿਹੜਾ ਗੰਦਾ ਪਾਣੀ ਹੈ, ਉਹ ਪੀਣ ਵਾਲੇ ਪਾਣੀ ਵਿੱਚ ਮਿਕਸ ਹੋ ਗਿਆ ਹੈ, ਜਿਸ ਕਾਰਨ ਜਿਹੜੀਆਂ ਬਹੁਤ ਜ਼ਿਆਦਾ ਭਿਆਨਕ ਬਿਮਾਰੀਆਂ ਹਨ, ਉਹ ਲੱਗਣ ਦਾ ਖਤਰਾ ਹੈ। ਪਿੱਛੇ ਜਿਹੇ ਵੀ ਉਥੇ ਡਾਇਰੀਆ ਹੋ ਗਿਆ ਸੀ। ਸਾਡੇ ਬਹੁਤ ਜ਼ਿਆਦਾ ਲੋਕ ਘੱਟੋ-ਘੱਟ

15 ਦਿਨ ਬਿਮਾਰ ਰਹੇ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ 18 ਮਹੀਨਿਆਂ ਦਾ ਸਮਾਂ ਹੈ, ਉਹ ਬਹੁਤ ਜ਼ਿਆਦਾ ਲੰਮਾ ਸਮਾਂ ਹੈ। ਮੰਤਰੀ ਸਾਹਿਬ ਨੇ ਵੈਸੇ ਵਿਸ਼ਵਾਸ ਦਿਵਾਇਆ ਹੈ ਕਿ ਅਸੀਂ ਉਸ ਨੂੰ ਜ਼ਰੂਰ ਚੇਂਜ ਕਰਾਂਗੇ। ਮੈਂ ਮੰਤਰੀ ਸਾਹਿਬ ਨੂੰ ਇਹੀ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ 18 ਮਹੀਨਿਆਂ ਦਾ ਸਮਾਂ ਹੈ, ਉਹ ਬਹੁਤ ਲੰਮਾ ਸਮਾਂ ਹੈ, ਇਸ ਨੂੰ ਵਿਦਇਨ ਤਿੰਨ ਜਾਂ ਚਾਰ ਮਹੀਨਿਆਂ ਵਿੱਚ ਕਰਵਾ ਕੇ ਦੇਣ ਦੀ ਖੇਚਲ ਕੀਤੀ ਜਾਵੇ ।

**ਮੰਤਰੀ:** ਸਪੀਕਰ ਸਾਹਿਬ, ਮੇਰੀ ਪੂਰੀ ਕੋਸ਼ਿਸ਼ ਹੋਵੇਗੀ ਕਿ ਮੈਂ ਜਲਦੀ ਤੋਂ ਜਲਦੀ ਇਨ੍ਹਾਂ ਦਾ ਕੰਮ ਕਰਵਾ ਕੇ ਦੇਵਾਂ ਕਿਉਂਕਿ ਰਾਜਪੁਰਾ ਮੇਰੇ ਵੀ ਗੁਆਂਢ ਵਿੱਚ ਹੈ। ਮੈਨੂੰ ਵੀ ਪਟਿਆਲਾ ਜਾਣ ਲਈ ਇਸੀ ਰਸਤੇ ਤੋਂ ਜਾਣਾ ਪੈਂਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਐਸ਼ਿਓਰ ਕਰਦਾ ਹਾਂ ਕਿ ਸੀਵਰੇਜ ਸਿਸਟਮ ਜਿੱਥੇ ਕਿਤੇ ਵੀ ਪੰਜਾਬ ਵਿੱਚ ਖਰਾਬ ਹੈ, ਆਉਣ ਵਾਲੇ ਛੇ ਮਹੀਨਿਆਂ ਵਿੱਚ ਸਾਡਾ ਪਹਿਲਾ ਟਾਰਗੈੱਟ ਹੈ ਕਿ ਅਸੀਂ ਇਨ੍ਹਾਂ ਨੂੰ ਠੀਕ ਕਰਵਾਈਏ। ਸਪੀਕਰ ਸਾਹਿਬ, ਮੈਂ ਬਿਲਕੁਲ ਇੱਕ ਐਸ਼ਰੈਂਸ ਦੇਣੀ ਚਾਹੁੰਦਾ ਹਾਂ ਕਿ ਮੈਂ ਪਰਸਨਲੀ ਕੰਸਰਨ ਹਾਂ, ਸੀ.ਐਮ. ਸਾਹਿਬ ਬੜੇ ਕੰਸਰਨ ਹਨ ਕਿ ਜਿਹੜਾ ਸੀਵਰੇਜ ਸਿਸਟਮ ਹੈ, ਉਸ ਨੂੰ ਠੀਕ ਕੀਤਾ ਜਾਵੇ ਔਰ ਇਹ ਸਾਡੀ primarily duty ਹੈ ਕਿ civic amenity ਦੇਣੀ ਚਾਹੀਦੀ ਹੈ।

**ਮਾਨਯੋਗ ਸਪੀਕਰ:** ਧੰਨਵਾਦ ਜੀ, ਧੰਨਵਾਦ ਜੀ। ਸੁਖਵਿੰਦਰ ਕੁਮਾਰ ਜੀ, ਤੁਹਾਡਾ ਸਵਾਲ ਮੁਲਤਵੀ ਕੀਤਾ ਜਾਂਦਾ ਹੈ।

**ਸ਼੍ਰੀ ਮਦਨ ਲਾਲ ਜਲਾਲਪੁਰ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ ਤਿੰਨ ਵਾਰਡ ਰਾਜਪੁਰੇ ਦੇ ਵਿੱਚ ਪੈਂਦੇ ਹਨ, ਉਥੇ ਨਾ ਸੀਵਰ ਹੈ, ਨਾ ਉਥੇ ਪੀਣ ਵਾਲੇ ਪਾਣੀ ਦੀ ਨਿਕਾਸੀ ਹੈ। ਸਪੀਕਰ ਸਾਹਿਬ, ਪਿੰਡਾਂ ਨਾਲੋਂ ਭੈੜਾ ਹਾਲ ਇਨ੍ਹਾਂ ਤਿੰਨ ਵਾਰਡਾਂ ਦਾ ਹੋਇਆ ਪਿਆ ਹੈ। ਕਮੇਟੀ ਦਾ ਉਥੇ ਕੋਈ ਵੀ ਪ੍ਰਬੰਧ ਨਹੀਂ ਹੋਇਆ। ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਕਾਲੋਨੀ ਦਾ ਸੁਧਾਰ ਕਰਨਗੇ?

**ਮਾਨਯੋਗ ਸਪੀਕਰ:** ਤੁਸੀਂ ਬਜਟ ਤੇ ਬੋਲਣਾ ਹੈ, ਬੋਲ ਲਓ। ਤੁਸੀਂ ਬਜਟ ਤੇ ਬੋਲ ਲੈਣਾ।ਜ਼ੁਬਾਨੀ ਐਵੇਂ ਨਹੀਂ ਹੁੰਦਾ। ਤੁਸੀਂ ਕੱਲ੍ਹ ਬੋਲ ਲੈਣਾ।

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ : 2936

**ਮਾਨਯੋਗ ਸਪੀਕਰ :** ਡਾਕਟਰ ਸੁਖਵਿੰਦਰ ਕੁਮਾਰ ਜੀ, ਮੈਂ ਤੁਹਾਡਾ ਸਵਾਲ ਕੱਲ੍ਹ ਤੇ ਲਗਾ ਰਿਹਾ ਹਾਂ ਕਿਉਂਕਿ ਅੱਜ ਮੰਤਰੀ ਜੀ ਦੇ ਘਰ ਉਨ੍ਹਾਂ ਦੇ ਮਾਤਾ ਜੀ ਦੀ ਬਰਸੀ ਹੈ, ਹਾਲੇ ਉਹ ਆਏ ਨਹੀਂ ਹਨ। ਮੈਂ ਇਸ ਨੂੰ ਕੱਲ੍ਹ ਤੇ ਰੱਖ ਰਿਹਾ ਹਾਂ। ਅਗਲਾ ਸਵਾਲ, ਸ਼੍ਰੀ ਅਮਿਤ ਵਿਜ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 3290**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

---

***3154. ਉੱਤਰ ਵੱਲੋਂ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ)....ਪੰਜਾਬੀ**

**ਸ਼੍ਰੀ ਮਦਨ ਲਾਲ ਜਲਾਲਪੁਰ:** ਸਪੀਕਰ ਸਾਹਿਬ, ਬਾਜਵਾ ਸਾਹਿਬ ਨੇ ਬਿਲਕੁਲ ਸਹੀ ਜਵਾਬ ਦਿੱਤਾ ਹੈ। ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ। ਸਾਡੀ ਜਿੰਨੀ ਜ਼ਮੀਨ ਸੀ, ਉਹ ਸਾਰੀ 25-25 ਏਕੜ ਫੋਕਲ ਪੁਆਇੰਟਾਂ ਨੂੰ ਦੇ ਦਿੱਤੀ ਅਤੇ ਪੰਚਾਇਤ ਕੋਲ ਇੱਕ ਮਰਲਾ ਵੀ ਨਹੀਂ ਬਚਿਆ। ਮੈਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਲਦੀ ਤੋਂ ਜਲਦੀ ਫੈਸਲਾ ਕਰਕੇ ਜ਼ਮੀਨ ਪੰਚਾਇਤਾਂ ਨੂੰ ਦਿੱਤੀ ਜਾਵੇ ਤਾਂ ਕਿ ਇਹ ਜ਼ਮੀਨ ਇਸਤੇਮਾਲ ਕੀਤੀ ਜਾ ਸਕੇ। ਮੰਤਰੀ ਜੀ ਵਿਸ਼ਵਾਸ ਦਿਵਾਉਣ ਕਿ ਫੈਸਲਾ ਜਲਦੀ ਤੋਂ ਜਲਦੀ ਕਰਕੇ ਇਹ ਜ਼ਮੀਨ ਪੰਚਾਇਤਾਂ ਦੇ ਨਾਂ ਚੜ੍ਹ ਜਾਵੇਗੀ।

**ਮੰਤਰੀ:** ਅਸੀਂ ਇਸ ਅਪ੍ਰੈਲ ਵਿੱਚ ਹੀ ਫੈਸਲਾ ਕਰ ਦੇਣਾ ਹੈ ਕਿ ਜਿਹੜੀ ਉਸ ਦੀ ਨਵੀਂ ਬੋਲੀ ਹੋਣੀ ਹੈ, ਉਹ ਹੋ ਸਕੇ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਦਾ ਜਵਾਬ ਆ ਗਿਆ ਹੈ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 3070**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋ ਸਕਿਆ)।

---

***3200 ਜਵਾਬ ਪੰਜਾਬੀ ਵਿੱਚ ਵੱਲੋਂ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ**

**ਸਰਦਾਰ ਕੁਲਬੀਰ ਸਿੰਘ ਜੀਰਾ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਮੈਨੂੰ ਜਵਾਬ ਦਿੱਤਾ ਹੈ ਕਿਉਂਕਿ ਮੈਂ ਕਿਹਾ ਸੀ ਕਿ ਐਸ.ਡੀ.ਐਮ. ਦਫਤਰ ਜ਼ੀਰੇ ਤੋਂ 8 ਏਕੜ ਜੋ ਪੁੱਡਾ ਦੀ ਜ਼ਮੀਨ ਐਕੁਆਇਰ ਕੀਤੀ ਹੈ ਕਿਉਂਕਿ ਪਹਿਲਾਂ ਕਚਹਿਰੀਆਂ ਜੀਰੇ ਸ਼ਹਿਰ ਦੇ ਵਿੱਚ ਹੁੰਦੀਆਂ ਸਨ ਪਰ ਜਿਹੜੇ ਅਕਾਲੀ ਦਲ ਦੇ ਐਮ.ਐਲ.ਏ. ਸਰਦਾਰ ਹਰੀ ਸਿੰਘ ਜੀਰਾ ਸਨ ਉਨ੍ਹਾਂ ਨੇ ਆਪਣੀ ਨਿੱਜੀ ਜਾਇਦਾਦ ਨੂੰ ਵਧਾਉਣ ਲਈ ਸ਼ਹਿਰ ਤੋਂ 5 ਕਿਲੋਮੀਟਰ ਬਾਹਰ ਲੈ ਗਏ। ਜਿਹੜਾ ਮੈਨੂੰ ਜਵਾਬ ਦਿੱਤਾ ਗਿਆ ਹੈ ਉਸ ਵਿੱਚ ਕਿਹਾ ਗਿਆ ਹੈ ਕਿ ਐਸ.ਡੀ.ਐਮ. ਦਫਤਰ ਉੱਥੇ ਸ਼ਿਫਟ ਕਰ ਦਿੱਤਾ ਗਿਆ ਹੈ। ਮੈਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਐਸ.ਡੀ.ਐਮ. ਦਫਤਰ ਦੇ ਕੋਲ ਜਗ੍ਹਾ ਹੀ ਨਹੀਂ ਹੈ। ਉਹ ਜੁਡੀਸ਼ੀਅਲ ਦਫਤਰ ਵਿੱਚ ਰੈਂਟ ਦੇ ਉੱਤੇ ਹਨ। ਇਸ ਕਰਕੇ ਮੇਰੀ ਬੇਨਤੀ ਹੈ ਕਿ ਜਦੋਂ ਕੈਪਟਨ ਵਿਦ ਕੌਫੀ ਸੀ ਤਾਂ ਕੈਪਟਨ ਸਾਹਿਬ ਜੀਰੇ ਦੇ ਲੋਕਾਂ ਦੇ ਨਾਲ ਵਾਅਦਾ ਕਰਕੇ ਆਏ ਸਨ ਕਿ ਇਹ ਜਿਹੜਾ ਐਸ.ਡੀ.ਐਮ. ਦਫਤਰ ਹੈ ਉਹ ਅਸੀਂ ਜੀਰੇ ਬਣਾਵਾਂਗੇ ਪਰ ਮੈਂ ਬੇਨਤੀ ਕਰਦਾ ਹਾਂ ਕਿ 8 ਏਕੜ ਦੇ ਵਿੱਚ ਅੱਜ ਕੂੜੇ ਦੇ ਢੇਰ ਲੱਗੇ ਹਨ। ਉੱਥੇ ਜਿਹੜੀ 2 ਏਕੜ ਜ਼ਮੀਨ ਹੈ....

**ਮਾਨਯੋਗ ਸਪੀਕਰ:** ਸਵਾਲ, ਸਵਾਲ, ਸਵਾਲ। ਜ਼ੀਰਾ ਜੀ, ਸਵਾਲ ਪੁੱਛੋ।

**ਸਰਦਾਰ ਕੁਲਬੀਰ ਸਿੰਘ ਜੀਰਾ:** ਇਹ ਸਵਾਲ ਹੀ ਹੈ ਜੀ। ਜਿਹੜੀ 2 ਏਕੜ ਜ਼ਮੀਨ ਹੈ ਉਸ ਦੇ ਵਿੱਚ ਐਸ.ਡੀ.ਐਮ. ਦਫਤਰ ਬਣਾਇਆ ਜਾਵੇ।

**ਮੰਤਰੀ :** ਜਦੋਂ ਮੰਤਰੀ ਸਾਹਿਬ ਠੀਕ ਹੁੰਦੇ ਹਨ ਤਾਂ ਜੀਰਾ ਸਾਹਿਬ ਮੰਤਰੀ ਸਾਹਿਬ ਨੂੰ ਮਿਲ ਲੈਣ। ਇਨ੍ਹਾਂ ਦੀ ਮੰਗ ਨੂੰ re-consider ਕੀਤਾ ਜਾਵੇਗਾ। ਜੇਕਰ ਹੋ ਸਕਿਆ ਤਾਂ ਕੰਮ ਜ਼ਰੂਰ ਕੀਤਾ ਜਾਵੇਗਾ।

**ਸਰਦਾਰ ਕੁਲਬੀਰ ਸਿੰਘ ਜੀਰਾ:** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ।

---

***3243 ਜਵਾਬ ਪੰਜਾਬੀ ਵਿੱਚ ਵੱਲੋਂ ਸਰਦਾਰ ਗੁਰਪ੍ਰੀਤ ਸਿੰਘ ਕਾਂਗੜ, ਮਾਲ, ਪੁਨਰਵਾਸ ਅਤੇ ਆਫਤ ਪ੍ਰਬੰਧਨ ਮੰਤਰੀ**

**ਸਰਦਾਰ ਹਰਦਿਆਲ ਸਿੰਘ ਕੰਬੋਜ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਤਾਂ ਇਨ੍ਹਾਂ ਨੇ ਕਹਿ ਦਿੱਤਾ ਕਿ ਇਨ੍ਹਾਂ ਨੇ ਤਜਵੀਜ਼ ਬਣਾ ਦਿੱਤੀ ਗਈ ਹੈ। ਇਹ ਮੈਨੂੰ ਵੀ ਪਤਾ ਲੱਗਾ ਹੈ ਕਿ ਜਦੋਂ ਕੱਲ੍ਹ ਕੁਐਸਚਨ ਲੱਗਾ ਹੈ ਉਸ ਤੋਂ ਬਾਅਦ ਹੀ ਥੋੜ੍ਹੀ ਐਕਟੀਵਿਟੀ ਹੋਈ ਹੈ ਕਿ ਤੁਸੀਂ ਕੋਈ ਤਜਵੀਜ਼ ਬਣਾ ਕੇ ਭੇਜੋ। ਇਸ ਦੀ ਬਹੁਤ ਜ਼ਰੂਰਤ ਹੈ ਕਿਉਂਕਿ ਜਿਹੜਾ ਉੱਥੇ ਸਬ ਤਹਿਸੀਲ ਦਾ ਦਫਤਰ ਹੈ ਉਹ ਮਾਰਕਿਟ ਕਮੇਟੀ ਦੇ ਦਫਤਰ ਵਿੱਚ ਚੱਲ ਰਿਹਾ ਹੈ। ਇਲਾਕੇ ਦੇ ਲੋਕਾਂ ਨੂੰ ਬਹੁਤ ਜ਼ਿਆਦਾ ਪ੍ਰੇਸ਼ਾਨੀ ਆਉਂਦੀ ਹੈ। ਇਸ ਦੀ ਮੈਨੂੰ ਇਕੱਲੀ ਤਜਵੀਜ਼ ਨਹੀਂ ਚਾਹੀਦੀ। ਇਹ ਮੈਨੂੰ ਦੱਸਣ ਕਿ ਇਹ ਕੰਮ ਕਦੋਂ ਤੱਕ ਮੁਕੰਮਲ ਕਰਵਾ ਕੇ ਦੇਣਗੇ।

**ਮਾਨਯੋਗ ਸਪੀਕਰ:** ਇਸ ਦੀ ਕੋਈ ਟਾਈਮ ਲਿਮਿਟ ਜੀ?

**ਮੰਤਰੀ:** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਡਿਪਟੀ ਕਮਿਸ਼ਨਰ, ਐਸ.ਏ.ਐਸ. ਨਗਰ ਵੱਲੋਂ ਸਬ ਤਹਿਸੀਲ ਬਨੂੰੜ ਦੀ ਬਿਲਡਿੰਗ ਦੀ ਉਸਾਰੀ ਸਬੰਧੀ 50 ਹਜਾਰ ਰੁਪਏ ਦੇ ਫੰਡ ਜਾਰੀ ਕਰਨ ਸਬੰਧੀ ਬੇਨਤੀ ਕੀਤੀ ਗਈ ਸੀ। ਕਿਉਂਕਿ ਬਨੂੰੜ ਸਬ-ਤਹਿਸੀਲ ਪੁਰਾਣੀ ਹੈ ਜੋ ਕਿ ਇਸ ਸਮੇਂ ਪੁਰਾਣੀ ਬਿਲਡਿੰਗ ਵਿੱਚ ਚੱਲ ਰਹੀ ਹੈ। ਉਹ ਬਹੁਤ ਖਸਤਾ ਹਾਲਤ ਵਿੱਚ ਹੈ। ਡਿਪਟੀ ਕਮਿਸ਼ਨਰ ਐਸ.ਏ.ਐਸ. ਨਗਰ ਨੂੰ ਮੁੱਖ ਆਰਕੀਟੈਕਟ ਤੋਂ ਡੀਜ਼ਾਈਨ ਭੇਜਣ ਲਈ ਲਿਖਿਆ ਗਿਆ ਹੈ। ਇਸ ਡੀਜ਼ਾਈਨ ਦੀ ਪ੍ਰਵਾਨਗੀ ਉਪਰੰਤ ਲੋਕ ਨਿਰਮਾਣ ਤੋਂ ਤਖਮੀਨੇ ਮੰਗਵਾ ਕੇ ਫੰਡ ਜਾਰੀ ਕਰਨ ਦੀ ਕਾਰਵਾਈ ਕੀਤੀ ਜਾਵੇਗੀ। ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਮੈਨੂੰ ਪਿਛਲੀ ਦਿਨੀਂ ਰਿਟਨ ਵਿੱਚ ਵੀ ਲਿਖ ਕੇ ਦਿੱਤਾ ਸੀ ਅਤੇ ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਨ੍ਹਾਂ ਦੀ ਗੱਲ ਬਿਲਕੁਲ ਠੀਕ ਹੈ। ਬਿਲਡਿੰਗ ਬਹੁਤ ਖਸਤਾ ਹਾਲਤ ਵਿੱਚ ਹੈ। ਸੈਸ਼ਨ ਤੋਂ ਬਾਅਦ ਹੀ ਇਸ ਤੇ ਐਕਸ਼ਨ ਕਰਕੇ ਉਸ ਦਾ ਜਿੰਨਾ ਵੀ ਐਸਟੀਮੇਟ ਬਣੇਗਾ ਚਾਹੇ ਦੋ ਕਰੋੜ ਦਾ ਬਣਦਾ ਹੈ, ਚਾਹੇ ਢਾਈ ਕਰੋੜ ਦਾ ਬਣਦਾ ਹੈ ਜਿੰਨਾ ਵੀ ਲਿਖਿਆ ਗਿਆ ਹੈ ਉਹ ਨਾਲ ਦੀ ਨਾਲ ਫੰਡ ਜਾਰੀ ਕੀਤੇ ਜਾਣਗੇ। ਬਿਲਡਿੰਗ ਜਲਦੀ ਬਣਾ ਦਿੱਤੀ ਜਾਵੇਗੀ।

**ਸਰਦਾਰ ਹਰਦਿਆਲ ਸਿੰਘ ਕੰਬੋਜ:** ਧੰਨਵਾਦ ਜੀ। ਵਜ਼ੀਰ ਸਾਹਿਬ, ਵੈਸੇ ਤਾਂ ਉੱਥੇ ਕੋਈ ਬਿਲਡਿੰਗ ਹੈ ਹੀ ਨਹੀਂ। ਤੁਸੀਂ ਵਾਰ ਵਾਰ ਕਹੀ ਜਾ ਰਹੇ ਹੋ ਕਿ ਖਸਤਾ ਹਾਲਤ ਵਿੱਚ ਹੈ। ਬਿਲਡਿੰਗ ਤਾਂ ਹੈ ਹੀ ਨਹੀਂ।

**ਮਾਨਯੋਗ ਸਪੀਕਰ:** ਹਾਂ ਜੀ, ਬੈਂਸ ਸਾਹਿਬ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਬਹੁਤ ਮਿਹਰਬਾਨੀ ਜੀ। ਸਪੀਕਰ ਸਾਹਿਬ, ਬਹੁਤ ਹੀ ਅਤਿਅੰਤ ਗੰਭੀਰ ਮੁੱਦਾ ਐਕਸਪ੍ਰੈਸ ਹਾਈਵੇਅ ਹੈ। ਸਤਿਕਾਰਯੋਗ ਮਨਿਸਟਰ ਸਾਹਿਬ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਰਾਣਾ ਜੀ ਹਨ, ਫਿਰ ਖਹਿਰਾ ਸਾਹਿਬ ਹਨ। ਇਹ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਹੈ। ਜ਼ਮੀਨ ਉੱਥੇ ਡੇਢ ਕਰੋੜ ਰੁਪਿਆ ਅਤੇ ਕੁਲੈਕਟਰ ਰੇਟ 15 ਲੱਖ ਰੁਪਿਆ ਹੈ। ਅੱਜ ਵੀ ਇੱਕ ਖਬਰ ਛਪੀ ਹੈ ਕਿ ਜਿਹੜੇ ਅੰਦੋਲਨਕਾਰੀ ਜਿਹੜੇ ਜ਼ਮੀਨਾਂ ਦੇ ਮਾਲਕ ਹਨ, ਜੇ ਉਨ੍ਹਾਂ ਦੀ ਮੰਗ ਪੂਰੀ ਨਾ ਹੋਈ ਤਾਂ ਇੱਕ ਆਤਮਦਾਹ ਵਰਗਾ ਕੰਮ ਹੋਵੇਗਾ। ਮੇਰੀ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਸਨਿਮਰ ਬੇਨਤੀ ਹੈ ਕਿ ਕਿਰਪਾ ਕਰਕੇ ਜਿਹੜੇ ਕੁਲੈਟਰਲ ਰੇਟ ਹਨ, ਉਨ੍ਹਾਂ ਨੂੰ ਰਿਵਾਈਜ਼ ਕਰਕੇ ਮੌਕੇ ਦੇ ਰੇਟ ਅਨੁਸਾਰ ਦਿੱਤੇ ਜਾਣ ਤਾਂ ਜੋ ਜਿਹੜਾ ਕੇਂਦਰ ਦਾ ਐਕੁਜੀਸ਼ਨ ਲੈਂਡ ਐਕਟ ਹੈ, ਉਸ ਅਨੁਸਾਰ ਕਮ ਸੇ ਕਮ ਮੌਕੇ ਦੀ ਕੀਮਤ ਅਨੁਸਾਰ ਪੈਸੇ ਤਾਂ ਮਿਲ ਜਾਣ। ਇਹ ਮੇਰਾ ਸਵਾਲ ਤਾਂ ਥੋੜ੍ਹਾ ਵੱਖਰਾ ਹੈ ਜੀ ਪਰ ਇਹ ਅਤਿਅੰਤ ਗੰਭੀਰ ਮੁੱਦਾ ਹੈ।ਇਸ ਤੇ ਮੰਤਰੀ ਜੀ ਕਿਰਪਾ ਕਰ ਦੇਣ। ਪੰਜਾਬ ਦੇ ਤਕਰੀਬਨ ਅੱਧੇ ਜ਼ਿਲ੍ਹੇ ਇਸ ਐਕਸਪ੍ਰੈਸ ਹਾਈਵੇਅ ਤੇ ਆਉਂਦੇ ਹਨ।

**ਮਾਨਯੋਗ ਸਪੀਕਰ :** ਇੱਕ ਮਿੰਟ ਮੇਰੀ ਗੱਲ ਸੁਣ ਲਓ। ਹਾਊਸ ਇਸ ਗੱਲ ਤੇ ਇੱਕ ਮਤ ਹੈ ਕਿ ਇਸ ਗੱਲ ਤੇ ਤੁਰੰਤ ਦਖਲ ਦੇ ਕੇ ਜੋ ਵੀ ਬਣਦੀ ਕਾਰਵਾਈ ਹੈ, ਜ਼ਰੂਰ ਕਰੋ। (ਵਿਘਨ) ਹਾਂ ਜੀ ਚੀਮਾ ਸਾਹਿਬ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਇਸ ਮੁੱਦੇ ਤੇ ਮੈਂ, ਅਮਨ ਅਰੋੜਾ, ਕੁਲਤਾਰ ਸੰਧਵਾਂ ਜੀ ਨੇ ਇਸੇ ਜੰਮੂ- ਕਟੜਾ ਐਕਸਪ੍ਰੈਸ ਹਾਈਵੇਅ ਤੇ ਕਾਲ ਅਟੈਂਸ਼ਨ ਲਗਾਈ ਸੀ। ਇਸ ਦੇ ਵਿੱਚ ਮੇਰੇ ਹਲਕੇ ਦੇ ਵੀ ਕਈ ਪਿੰਡਾਂ ਦੀ ਜ਼ਮੀਨ ਆਉਂਦੀ ਹੈ। ਜਿਨ੍ਹਾਂ ਕੋਲ ਦੋ ਏਕੜ ਜ਼ਮੀਨ ਹੈ, ਇੱਕ ਏਕੜ ਇੱਧਰ ਆ ਗਿਆ, ਇੱਕ ਏਕੜ ਇੱਧਰ ਆ ਗਿਆ। ਮੋਟਰ ਇੱਧਰ ਚਲੀ ਗਈ ਤੇ ਦੂਜਾ ਪਾਸਾ ਖਾਲੀ ਹੋ ਗਿਆ। ਦਸ ਕਿਲੋਮੀਟਰ ਦਾ ਘੇਰਾ ਹੈ, ਫਿਰ ਇੱਧਰ ਮੁੜ ਕੇ ਆਉਣਾ ਹੈ। ਯਾਨੀ ਕਿ ਕਿਸਾਨ 100 ਪ੍ਰਤੀਸ਼ਤ ਮਾਰਿਆ ਜਾਏਗਾ।

**ਮਾਨਯੋਗ ਸਪੀਕਰ :** ਤੁਸੀਂ ਕਾਲ ਅਟੈਂਸ਼ਨ ਤੇ ਬੋਲਣਾ ਹੈ, ਬੋਲ ਲੈਣਾ।

**ਸਰਦਾਰ ਹਰਪਾਲ ਸਿੰਘ ਚੀਮਾ :** ਨਹੀਂ ਸਰ। ਤੁਸੀਂ ਮੇਰੀ ਉਹ ਕਾਲ ਅਟੈਂਸ਼ਨ ਰੱਦ ਕਰ ਦਿੱਤੀ ਸੀ। ਮੈਂ ਇਸੇ ਕਰਕੇ ਤੁਹਾਡੇ ਧਿਆਨ ਵਿੱਚ ਲਿਆ ਰਿਹਾ ਹਾਂ।

**ਮਾਨਯੋਗ ਸਪੀਕਰ :** ਚਲੋ ਕੋਈ ਨਹੀਂ, ਚਲੋ ਬੋਲ ਲਓ, ਬੋਲ ਲਓ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਇਹ ਬੜਾ ਅਹਿਮ ਮਾਮਲਾ ਹੈ। ਉਹ ਕਿਸਾਨ 10-10 ਕਿਲੋਮੀਟਰ ਇੱਧਰ ਚੱਲ ਕੇ ਆਉਣਗੇ। ਇਸ ਵਿੱਚ ਦਿਆਲਗੜ ਜੇਜ਼ੀਆਂ, ਕਮਾਲਪੁਰ, ਸਫੀਪੁਰ, ਘਰਾਚੋਂ ਪਿੰਡ ਆਉਂਦੇ ਹਨ। ਇਸ ਵਿੱਚ ਮਨਿਸਟਰ ਸਾਹਿਬ ਦੇ ਹਲਕੇ ਦੇ ਵੀ ਪਿੰਡ ਆਉਂਦੇ ਹਨ।ਇਹ ਬੜਾ ਗੰਭੀਰ ਮਾਮਲਾ ਹੈ, ਜਿਵੇਂ ਬੈਂਸ ਸਾਹਿਬ ਨੇ ਵੀ ਕਿਹਾ ਹੈ ਕਿ ਕਿਸਾਨ ਆਤਮ ਹੱਤਿਆ ਕਰਨ ਲਈ ਮਜਬੂਰ ਹਨ। ਪੰਜਾਬ ਦਾ ਵੱਡਾ ਹਿੱਸਾ ਇਫੈਕਟਡ ਹੋਵੇਗਾ। ਖਨੌਰੀ ਤੋਂ ਪਠਾਨਕੋਟ ਤੱਕ ਪੰਜਾਬ ਦਾ ਹਿੱਸਾ..(ਵਿਘਨ)

**ਮਾਨਯੋਗ ਸਪੀਕਰ :** ਚੀਮਾ ਜੀ, ਚੀਮਾ ਜੀ। ਮੈਂ ਮੰਤਰੀ ਸਾਹਿਬ ਨੂੰ ਰਿਕੁਐਸਟ ਕੀਤੀ ਹੈ ਕਿ ਸਾਰਾ ਹਾਊਸ ਇਸ ਗੱਲ ਲਈ ਚਿੰਤਾ ਵਿੱਚ ਹੈ।ਸਾਰੇ ਹੀ ਚਿੰਤਾ ਵਿੱਚ ਹਨ ਕਿ ਇਸ ਵਿੱਚ ਦਖਲ ਦੇ ਕੇ ਤੁਸੀਂ ਇਸ ਨੂੰ ਠੀਕ ਕਰਵਾਓ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਜੇ ਮੰਤਰੀ ਸਾਹਿਬ ਸਦਨ ਵਿੱਚ ਖੜ੍ਹੇ ਹੋ ਕੇ ਐਸ਼ਿਓਰੈਂਸ ਦਿਵਾ ਦੇਣ ਕਿ ਕੀ ਚੱਲ ਰਿਹਾ ਹੈ, ਕੀ ਨਹੀਂ ਚੱਲ ਰਿਹਾ ਤਾਂ ਕਿ ਜਿਹੜੇ ਅੰਦੋਲਨ ਕਰ ਰਹੇ ਕਿਸਾਨ ਹਨ, ਉਨ੍ਹਾਂ ਦੇ ਕਾਲਜੇ ਨੂੰ ਠੰਢ ਪੈ ਜਾਵੇ ਕਿ ਪੰਜਾਬ ਸਰਕਾਰ ਕੁਝ ਕਰ ਰਹੀ ਹੈ ਜਾਂ ਨਹੀਂ ਕਰ ਰਹੀ ਕਿਉਂਕਿ ਇਹ ਬੜਾ ਗੰਭੀਰ ਮਾਮਲਾ ਹੈ। ਮੈਂ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਇਸ ਤੇ ਜ਼ਰੂਰ ਬਿਆਨ ਦੇਣ। (ਵਿਘਨ)

**ਮਾਨਯੋਗ ਸਪੀਕਰ :** ਹਾਂ ਜੀ, ਸਿੱਧੂ ਸਾਹਿਬ, ਕੁਝ ਕਹਿਣਾ ਚਾਹੁੰਦੇ ਹਨ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ) :** ਚੀਮਾ ਸਾਹਿਬ, ਇਹ ਗੱਲ ਬਿਲਕੁਲ ਸੱਚੀ ਹੈ ਕਿ ਸਾਲ 2013 ਵਿੱਚ ਜਦੋਂ ਸਾਡੀ ਯੂ.ਪੀ.ਏ. ਸਰਕਾਰ ਨੇ ਐਕਟ ਪਾਸ ਕੀਤਾ ਸੀ ਉਸ ਵਿੱਚ ਕਾਫੀ ਵੱਡੀ ਅਮੈਂਡਮੈਂਟ ਮੋਦੀ ਸਾਹਿਬ ਨੇ ਕਰ ਦਿੱਤੀ ਹੈ। ਉਸ ਕਰਕੇ ਜਿਹੜੀ ਪਹਿਲਾਂ ਹਾਈਵੇਅ ਵਾਸਤੇ ਜ਼ਮੀਨ ਐਕੁਆਇਰ ਕੀਤੀ ਹੈ। ਉਨ੍ਹਾਂ ਰੇਟਾਂ ਦਾ ਤੇ ਹੁਣ ਦੇ ਰੇਟਾਂ ਵਿੱਚ

ਜ਼ਮੀਨ ਅਸਮਾਨ ਦਾ ਫਰਕ ਹੈ। ਇਸ ਵਿੱਚ ਇਹ ਨਹੀਂ ਕਿ ਇਕੱਲਾ ਪੈਸੇ ਦੀ ਹੀ ਗੱਲ ਹੈ। ਜਦੋਂ ਹਾਈਵੇਅ ਬਣਨਗੇ ਤਾਂ ਸਾਡੇ ਸਾਰੇ ਇਲਾਕਿਆਂ ਵਿੱਚ ਪਾਣੀ ਦੀ ਡਫ ਲੱਗ ਜਾਵੇਗੀ ਤੇ ਸਾਰੀਆਂ ਜ਼ਮੀਨਾਂ ਡੁੱਬ ਜਾਇਆ ਕਰਨਗੀਆਂ ।ਦੂਜੀ ਗੱਲ, ਜਿੱਥੇ ਢਾਈ ਕਰੋੜ ਰੁਪਿਆ ਪਹਿਲਾਂ ਮਿਲ ਚੁੱਕਿਆ ਹੈ। ਉੱਥੇ ਹੁਣ 80 ਲੱਖ ਰੁਪਏ ਹੀ ਦੇਣਗੇ। ਕਹਿਣ ਦਾ ਮਤਲਬ ਇਹ ਹੈ ਕਿ ਕੀ ਇਸ ਨੂੰ ਜ਼ਿਮੀਦਾਰ ਐਕਸੈਪਟ ਕਰਨਗੇ। ਇਹ ਇੱਕ common ਮੁੱਦਾ ਹੈ। ਆਪਾਂ ਇਸ ਤੇ ਵਿਧਾਨ ਸਭਾ ਵਿੱਚ ਇੱਕ ਰੈਜ਼ੋਲਿਊਸ਼ਨ ਲੈ ਕੇ ਆਈਏ ਕਿ ਜਿਹੜਾ ਸਾਲ 2013 ਦਾ ਐਕਟ ਹੈ, ਉਸ ਦੇ ਮੁਤਾਬਕ ਹੀ ਲੋਕਾਂ ਨੂੰ ਪੈਸੇ ਦਿੱਤੇ ਜਾਣ। (ਵਿਘਨ)

**ਮਾਨਯੋਗ ਸਪੀਕਰ :** ਚੀਮਾ ਜੀ, ਤੁਹਾਡੀ ਗੱਲ ਆ ਗਈ ਹੈ। ਤੁਸੀਂ ਬੈਠ ਜਾਓ ਹੁਣ। ਹਾਂ ਜੀ, ਐਨ.ਕੇ. ਸ਼ਰਮਾ ਜੀ।

**ਸ਼੍ਰੀ ਐਨ.ਕੇ. ਸ਼ਰਮਾ :** ਸਪੀਕਰ ਸਾਹਿਬ, ਇੱਕ ਹੋਰ ਬੜੀ ਸੀਰੀਅਸ ਪ੍ਰਾਬਲਮ ਹੈ। ਮੇਰੇ ਹਲਕੇ ਤੋਂ ਐਕਸਪ੍ਰੈਸ ਵੇਅ ਨਿਕਲ ਰਿਹਾ ਹੈ। ਇੱਕ ਤਾਂ ਇੱਥੇ ਜਿਹੜੀ ਢਾਈ ਕਰੋੜ ਕੀਮਤ ਹੈ, ਜਿਸ ਤਰ੍ਹਾਂ ਸਿੱਧੂ ਸਾਹਿਬ ਨੇ ਵੀ ਦੱਸਿਆ ਹੈ, ਹੁਣ 80 ਲੱਖ ਹੀ ਮਿਲਣੇ ਹਨ। ਦੂਸਰਾ, ਇਹ 6-7 ਫੁੱਟ ਉੱਪਰ ਮਿਲ ਰਿਹਾ ਹੈ। ਲੋਕਾਂ ਨੂੰ ਇਸ ਦਾ ਕੋਈ ਐਕਸੈੱਸ ਨਹੀਂ ਹੈ। ਇਸ ਨਾਲ ਪਾਣੀ ਦੀ ਬੜੀ ਸਮੱਸਿਆ ਆ ਜਾਣੀ ਹੈ। ਇਹ 7-8 ਫੁੱਟ ਹਾਈ ਜਾ ਰਿਹਾ ਹੈ। ਜ਼ਮੀਨਾਂ ਨੀਚੇ ਰਹਿ ਜਾਣੀਆਂ ਹਨ। ਲੋਕਾਂ ਨੂੰ ਕੋਈ ਸਲਿੱਪ ਰੋਡ ਵੀ ਨਹੀਂ ਦੇ ਰਿਹਾ ਕਿ ਲੋਕ ਉਸ ਨੂੰ ਯੂਜ਼ ਕਰ ਸਕਣ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ) :** ਸਪੀਕਰ ਸਾਹਿਬ, ਅੱਜ ਇਸ ਤੇ ਕੋਈ ਰੈਜ਼ੋਲਿਊਸ਼ਨ ਲੈ ਕੇ ਆਓ। ਮੇਰੀ ਹੱਥ ਜੋੜ ਕੇ ਬੇਨਤੀ ਹੈ। ਸਾਰਾ ਹਾਊਸ ਇਸ ਤੇ ਇੱਕ ਮਤ ਹੈ। ਇਸ ਤੇ ਰੈਜ਼ੋਲਿਊਸ਼ਨ ਆਉਣਾ ਚਾਹੀਦਾ ਹੈ। ਇਸ ਬਾਰੇ ਦੁਬਾਰਾ ਵਿਚਾਰ ਹੋਵੇ ਤਾਂ ਕਿ ਜਿਹੜੇ ਰੇਟ ਹਨ, ਉਹ ਸਹੀ ਲੱਗਣ।

**ਮਾਨਯੋਗ ਸਪੀਕਰ :** ਇੱਕ ਮਿੰਟ ਚੰਨੀ ਜੀ। ਚੀਮਾ ਜੀ ਹੁਣ ਤੁਸੀਂ ਬੈਠੋ। (ਵਿਘਨ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਹਰਪਾਲ ਸਿੰਘ ਚੀਮਾ, ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਐਨ.ਕੇ. ਸ਼ਰਮਾ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਚੀਮਾ ਜੀ, ਤੁਸੀਂ ਬੋਲ ਲਏ ਹੋ, ਵਾਰ-ਵਾਰ ਉਹੀ ਗੱਲ। ਕਿੰਨੀ ਕੁ ਵਾਰ ਬੋਲੋਗੇ? (ਵਿਘਨ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਵਿਰੋਧੀ ਧਿਰ ਦੇ ਨੇਤਾ ਨੂੰ ਬੋਲਣ ਲਈ ਸਮਾਂ ਦੇਣ ਲਈ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਲੀਡਰ ਆਫ ਦਿ ਆਪੋਜੀਸ਼ਨ ਤੁਹਾਡੀ ਪਾਰਟੀ ਨਾਲ ਸਬੰਧਤ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਇਹ ਹਾਊਸ ਨਹੀਂ ਚੱਲੇਗਾ? (ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਨੂੰ ਸੰਬੋਧਨ ਕਰਦੇ ਹੋਏ) । ਚੀਮਾ ਜੀ, ਤੁਸੀਂ ਬੋਲ ਲਏ। ਮੈਂ ਬਾਕੀ ਹਾਊਸ ਨੂੰ ਵੀ ਟਾਈਮ ਦੇਣਾ ਹੈ। (ਵਿਘਨ..ਸ਼ੋਰ) ਜੇ ਇਹ ਗੱਲ ਹੈ ਤਾਂ ਮੈਂ ਤੁਹਾਨੂੰ ਟਾਈਮ ਨਹੀਂ ਦੇਵਾਂਗਾ। ਕੁਲਤਾਰ ਜੀ, ਤੁਸੀਂ ਵੀ ਬੈਠੋ, ਤੁਸੀਂ ਬੈਠੋ। ਮੈਂ ਉਨ੍ਹਾਂ ਨਾਲ ਗੱਲ ਕਰ ਰਿਹਾ ਹਾਂ। ਮੈਂ ਚੀਮਾ ਜੀ ਨਾਲ ਗੱਲ ਕਰ ਰਿਹਾ ਹਾਂ। ਹਾਂ ਜੀ, ਚੀਮਾ ਜੀ ਤੁਸੀਂ ਬੋਲੋ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਬੇਨਤੀ ਇਹੀ ਕਰਨੀ ਚਾਹੁੰਦਾ ਹਾਂ ਕਿ ਚੰਨੀ ਸਾਹਿਬ ਜੀ ਨੇ ਵੀ ਅਤੇ ਸਾਡੇ ਬਲਬੀਰ ਸਿੰਘ ਸਿੱਧੂ ਜੀ ਅਤੇ ਸਾਰੇ ਮਨਿਸਟਰ ਸਾਹਿਬਾਨ ਨੇ ਕਿਹਾ ਹੈ। ਇਹ ਸਭ ਦਾ ਕਨਸਰਨ ਹੈ। ਇਹ ਹਾਊਸ ਦਾ ਕਨਸਰਨ ਹੈ। ਇਹ ਪੂਰੇ ਪੰਜਾਬ ਦੇ ਕਿਸਾਨ ਦੇ ਨਾਲ ਸਬੰਧਤ ਹੈ। ਮੈਂ ਸਮਝਦਾ ਹਾਂ ਕਿ ਇਸ ਤੇ ਇੱਕ ਰੈਜ਼ੋਲਿਊਸ਼ਨ ਲੈ ਕੇ ਆਉਣਾ ਚਾਹੀਦਾ ਹੈ। ਇੱਥੇ ਸਾਰੇ ਮਨਿਸਟਰ ਸਾਹਿਬਾਨ ਬੈਠੇ ਹਨ। ਜੇਕਰ ਇਸ ਤੇ ਕੋਈ ਐਕਟ ਬਣਾਉਣਾ ਹੈ, ਐਕਟ ਵੀ ਲੈ ਕੇ ਆਉਣ ਤੇ ਤਿਆਰ ਕਰ ਲੈਣ। ਸਿੰਗਲਾ ਸਾਹਿਬ ਦੇ ਹਲਕੇ ਦਾ ਵੀ ਬਹੁਤ ਸਾਰਾ ਏਰੀਆ ਇਸ ਵਿੱਚ ਆਉਂਦਾ ਹੈ। ਸੋ, ਇਸ ਤੇ ਸਿੰਗਲਾ ਸਾਹਿਬ ਇਸ ਤੇ ਬਿਆਨ ਦੇਣ। ਇਸ ਤੇ ਰੈਜ਼ੋਲਿਊਸ਼ਨ ਲੈ ਕੇ ਆਉਣ ਜਾਂ ਐਕਟ ਲੈ ਕੇ ਆਉਣ ਜਾਂ ਸਪੈਸ਼ਲ ਸੈਸ਼ਨ ਬੁਲਾਇਆ ਜਾਵੇ। ਇਹ ਬੜਾ ਅਹਿਮ ਮਾਮਲਾ ਹੈ। ਮੈਂ ਸਮਝਦਾ ਹਾਂ ਕਿ ਹਜ਼ਾਰਾਂ ਹੀ ਕਿਸਾਨ ਇਸ ਨਾਲ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋਣਗੇ। ਜਿਨ੍ਹਾਂ ਦੀ ਇੱਕ ਏਕੜ ਜ਼ਮੀਨ ਆ ਗਈ। ਦੋ ਵਿੱਘਾ ਇੱਧਰ ਹੈ, ਇੱਕ ਵਿੱਘਾ ਉੱਧਰ ਹੈ ਉਹ ਤਾਂ ਬਿਲਕੁਲ ਹੀ ਮਾਰੇ ਜਾਣਗੇ। ਪਾਣੀ ਦੀ ਸਮੱਸਿਆ ਜਿਵੇਂ ਸਿੱਧੂ ਸਾਹਿਬ ਨੇ ਕਿਹਾ ਬਹੁਤ ਵੱਡੀ ਆ ਜਾਣੀ ਹੈ। ਜਿਹੜੇ ਨੀਵੇਂ ਇਲਾਕੇ ਹਨ , 25-25 ਕਿਲੋਮੀਟਰ, 30-30 ਕਿਲੋਮੀਟਰ ਜਦੋਂ ਬਾਰਿਸ਼ ਹੋਣੀ ਹੈ ਤਾਂ ਉਹ ਸਾਰੇ ਡੁੱਬ ਜਾਇਆ ਕਰਨਗੇ। ਹਰੇਕ ਸਾਲ ਲੱਖਾਂ ਹੀ ਕਿਸਾਨ ਆਪਣੀ ਫਸਲ ਤੋਂ ਵਾਂਝੇ

ਰਿਹਾ ਕਰਨਗੇ। ਸੋ , ਮੇਰੀ ਗੁਜ਼ਾਰਿਸ਼ ਹੈ ਸਰ ਕਿ ਇਸ ਲਈ ਸਾਰੇ ਹਾਊਸ ਨੂੰ ਜੁੜ ਕੇ ਯੂਨਾਨੀਮਸ ਇੱਕ ਰੈਜ਼ੋਲਿਊਸ਼ਨ ਲੈ ਕੇ ਆਉਣਾ ਚਾਹੀਦਾ ਹੈ ਔਰ ਐਕਟ ਬਣਾਉਣਾ ਚਾਹੀਦਾ ਹੈ।

---

**ਮਾਨਯੋਗ ਸਪੀਕਰ:** ਬ੍ਰਹਮ ਮਹਿੰਦਰਾ ਜੀ। ਮਾਮਲਾ ਬੜਾ ਸੀਰੀਅਸ ਹੈ। ਸਾਰੇ ਹਾਊਸ ਨੂੰ ਇਸ ਗੱਲ ਦਾ ਫਿਕਰ ਹੈ। ਔਰ ਮਾਮਲੇ ਵਿੱਚ ਦੋ ਇਸ਼ੂ ਹਨ। ਇੱਕ ਤਾਂ ਸੜਕ ਦੇ ਡਿਜ਼ਾਈਨ ਨੂੰ ਲੈ ਕੇ ਹੈ ਕਿ ਜੇ ਸੜਕ ਉੱਚੀ ਬਣਦੀ ਹੈ ਤਾਂ ਪਾਣੀ ਰੁਕ ਜਾਵੇਗਾ। ਦੂਜਾ ਇਹ ਵੀ ਐਨ.ਕੇ. ਸ਼ਰਮਾ ਜੀ ਨੇ ਕਿਹਾ ਕਿ ਸੜਕ ਦੀ ਹਾਈਟ ਕਰਕੇ ਸੜਕ ਨੂੰ ਐਕਸੈੱਸ ਨਹੀਂ ਰਹੇਗੀ। ਤੀਜਾ ਜਿਹੜਾ ਅਹਿਮ ਮਸਲਾ ਹੈ ਉਹ ਇਸ ਦੀਆਂ ਕੀਮਤਾਂ ਨੂੰ ਲੈ ਕੇ ਹੈ। ਮੈਂ ਇਹ ਚਾਹੁੰਦਾ ਹਾਂ ਕਿ ਜੇਕਰ ਸਰਕਾਰ ਮੁਨਾਸਿਬ ਸਮਝੇ ਚਾਹੇ ਤਾਂ ਬਿਆਨ ਦੇ ਦੇਵੇ, ਚਾਹੇ ਰੈਜ਼ਲਿਊਸ਼ਨ ਲੈ ਆਵੇ। ਲੇਕਿਨ ਹਾਊਸ ਨੂੰ ਇਸ ਗੱਲ ਦੀ ਜ਼ਰੂਰ ਐਸ਼ੋਰੈਂਸ ਮਿਲੇ ਕਿ ਸਰਕਾਰ ਇਸ ਗੱਲ ਬਾਰੇ ਚਿੰਤਤ ਹੈ ਔਰ ਸਰਕਾਰ ਇਸ ਦੇ ਵਿੱਚ ਆਪਣਾ ਦਖਲ ਦੇ ਕੇ ਲੋਕਾਂ ਨੂੰ ਰਾਹਤ ਦਿਵਾਏਗੀ। ਜੋ ਤੁਸੀਂ ਮੁਨਾਸਿਬ ਸਮਝਦੇ ਹੋ ਉਹ ਕਰ ਲਓ। ਚਾਹੇ ਐਸ਼ੋਰੈਂਸ ਦੇ ਦਿਓ , ਚਾਹੇ ਸਟੇਟਮੈਂਟ ਦੇ ਦਿਓ, ਚਾਹੇ ਤੁਸੀਂ ਰੈਜ਼ੋਲਿਊਸ਼ਨ ਲੈ ਆਉ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ, ਸਤਿਕਾਰਯੋਗ ਮੈਂਬਰਜ਼ ਨੇ ਜਿਹੜਾ ਇਸ਼ੂ ਉਠਾਇਆ ਹੈ , ਮੈਂ ਸਮਝਦਾ ਹਾਂ ਕਿ ਇਹ ਸਾਰੇ ਪੰਜਾਬ ਨਾਲ ਕਨਸਰਨਡ ਹੈ ਕਿਉਂਕਿ ਸਾਰੇ ਪੰਜਾਬ ਵਿੱਚੋਂ ਇਹ ਹਾਈਵੇ ਲੰਘਣਾ ਹੈ। ਔਰ ਜਿੱਥੋਂ ਕਿਤੋਂ ਵੀ ਲੰਘਣਾ ਹੈ , ਉਹ ਤਾਂ ਇਫੈਕਟਿਵ ਲੋਕ ਹੋਣਗੇ। ਪਰ ਸਰਕਾਰਾਂ ਦਾ ਫਰਜ਼ ਹੁੰਦਾ ਹੈ ਕਿ ਉਹ ਇਹੋ ਜਿਹੇ ਇਸ਼ੂ ਤੋਂ ਆਪਣੇ ਲੋਕਾਂ ਨੂੰ ਪ੍ਰੋਟੈਕਟ ਕਰਨ। ਮੈਂ ਇਸ ਗੱਲ ਦਾ ਐਸ਼ਿਓਰ ਕਰਦਾ ਹਾਂ ਕਿ ਕੱਲ੍ਹ ਨੂੰ we will come out with a Resolution or a Statement. ਸੀ.ਐਮ. ਸਾਹਿਬ ਜੇ ਹੁਣ ਆ ਗਏ ਤਾਂ ਆਪਾਂ ਗੱਲ ਕਰ ਲਵਾਂਗੇ। ਮੈਂ ਗੱਲ ਕਰਕੇ ਇਸ ਦੇ ਉੱਤੇ ਜੋ ਵੀ ਬਿਆਨ ਦੇਣਾ ਹੋਇਆ ਦੇ ਦੇਵਾਂਗਾ ਜੀ। ਪਰ ਮੈਂ ਇਹ ਐਸ਼ਿਓਰ ਕਰਨਾ ਚਾਹੁੰਦਾ ਹਾਂ ਕਿ ਜਿੰਨਾ ਇਨ੍ਹਾਂ ਦਾ ਕਿਸਾਨਾਂ ਦੇ ਪ੍ਰਤੀ ਕਨਸਰਨ ਹੈ , ਉਨ੍ਹਾਂ ਹੀ ਸਾਡਾ ਅਤੇ ਸਾਡੀ ਸਰਕਾਰ ਦਾ ਕੰਸਰਨ ਹੈ। ਜਿਵੇਂ ਬਲਬੀਰ ਜੀ ਨੇ ਬੜੀ ਠੀਕ ਗੱਲ ਕਹੀ ਹੈ ਕਿ ਮੋਟਰ ਇੱਕ ਪਾਸੇ ਰਹਿ ਜਾਵੇ ਤੇ ਜ਼ਮੀਨ ਦੂਜੇ ਪਾਸੇ ਰਹਿ ਜਾਵੇ। ਸੋ , ਇਹੋ ਜਿਹੇ ਇਸ਼ੂ ਜੋ ਹੁੰਦੇ ਹਨ ਉਹ ਵਾਕਿਆ ਹੀ ਕਿਸਾਨ ਨੂੰ ਤੰਗ ਕਰਦੇ ਹਨ ਔਰ ਅੱਜ ਦੇ ਦਿਨਾਂ ਵਿੱਚ ਕਿਸਾਨ ਦੀ ਜਿਹੜੀ ਤੰਗੀ ਹੋ ਜੋ ਮਾਹੌਲ ਬਣਿਆ ਹੋਇਆ ਹੈ , ਇਹ ਤੰਗੀ ਅਸੀਂ ਹੋਰ ਵਧਾਉਣੀ ਨਹੀਂ। ਅਸੀਂ ਉਨ੍ਹਾਂ ਦੀ ਤੰਗੀ ਘਟਾਉਣਾ ਚਾਹੁੰਦੇ ਹਾਂ। ਸੀ .ਐਮ. ਸਾਹਿਬ ਨੇ ਆਪਣੀ ਸਪੀਚ ਵਿੱਚ ਵੀ ਕਿਹਾ ਹੈ ਔਰ ਸਾਡੀਆਂ ਆਪਸ ਵਿੱਚ

ਵੀ ਗੱਲਾਂ ਹੁੰਦੀਆਂ ਹਨ। ਅਸੀਂ ਕਿਸਾਨਾਂ ਨਾਲ ਉਨ੍ਹਾਂ ਦੀ ਹਰ ਗੱਲ ਵਿੱਚ ਸਹਿਮਤ ਹਾਂ। ਇੱਥੇ ਇਸ਼ੂ ਇਕੱਲਾ ਐਕਟਸ ਦਾ ਨਹੀਂ ਹੈ। ਤਿੰਨ ਬਿਲਾਂ ਦਾ ਇਸ਼ੂ ਨਹੀਂ ਹੈ ਜੋ ਕਿ ਐਕਟਸ ਬਣਾਏ ਹਨ। ਕਿਸਾਨ ਦਾ ਜੋ ਬੇਸਿਕ ਕੰਸਰਨ ਹੈ, ਅਸੀਂ ਉਸ ਨੂੰ ਐਡਰੈੱਸ ਕਰਨਾ ਹੈ। ਉਨ੍ਹਾਂ ਦਾ ਬੇਸਿਕ ਕੰਸਰਨ ਪ੍ਰਾਈਸਿਸ ਹੈ। ਬਿਲਕੁਲ ਠੀਕ ਗੱਲ ਹੈ ਕਿ ਪ੍ਰਾਈਸਿਸ ਜੋ ਹੈ, ਉਹ ਜਾਂ ਤਾਂ ਮਾਰਕਿਟ ਰੇਟ ਹੋਵੇ ਜਾਂ ਕਲੈਕਟਰ ਰੇਟ ਨੂੰ ਚੇਂਜ ਕੀਤਾ ਜਾਵੇ।

**ਮਾਨਯੋਗ ਸਪੀਕਰ:** ਸਰਕਾਰ ਵੱਲੋਂ ਸਟੇਟਮੈਂਟ ਆ ਜਾਵੇ।

**ਮੰਤਰੀ:** ਮੈਂ ਹਾਊਸ ਨੂੰ ਐਸ਼ਿਓਰ ਕਰਦਾ ਹਾਂ ਸਰ, ਕਿ after talking to Hon'ble C.M., We will come out with a statement.

**ਮਾਨਯੋਗ ਸਪੀਕਰ**: ਠੀਕ ਹੈ ਜੀ। ਹਾਂ, ਵਡਾਲਾ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ** : ਸਪੀਕਰ ਸਾਹਿਬ, ਬ੍ਰਹਮ ਮਹਿੰਦਰਾ ਸਾਹਿਬ ਨੇ last ਵਿੱਚ ਇੱਕ ਬਹੁਤ ਇੰਪਾਰਟੈਂਟ ਗੱਲ ਆਖੀ ਹੈ। ਜਿਹੜਾ ਪੰਜਾਬ ਗੌਰਮਿੰਟ ਦੇ purview ਵਿੱਚ ਹੈ, and that is the collector rate. ਕਲੈਕਟਰ ਰੇਟ ਨੂੰ ਅਸੀਂ ਦੁਬਾਰਾ ਰਿਵਿਊ ਕਰ ਸਕਦੇ ਹਾਂ। Because timely, ਉਹ ਕਈ ਵਾਰ ਦੋ ਸਾਲ ਬਾਅਦ , ਡੇਢ ਸਾਲ ਬਾਅਦ ਰਿਵਿਊ ਹੁੰਦਾ ਹੈ। ਕਲੈਕਟਰ ਰੇਟ ਰਿਵਿਊ ਕਰਕੇ ਥੋੜ੍ਹਾ ਜਾਂ ਸਹੀ ਲੈ ਕੇ ਆਓ।

**Mr. Speaker:** Let Government come with statement.

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ** : ਜਿਹੜਾ ਪੰਜਾਬ ਸਰਕਾਰ ਦੇ ਅੰਡਰ ਆਉਂਦਾ ਹੈ ਉਹ ਤਾਂ ਕਲੈਕਟਰ ਰੇਟ ਹੈ ਜੀ। ਉਹ ਬ੍ਰਹਮ ਮਹਿੰਦਰਾ ਸਾਹਿਬ ਨੇ ਕਹਿ ਦਿੱਤਾ ਹੈ ਕਿ ਠੀਕ ਹੈ ਜੀ। I am thankful to him. ਇਸ ਦਾ ਜ਼ਰੂਰ ਧਿਆਨ ਰੱਖਣ ਕਿ ਕਲੈਕਟਰ ਰੇਟ ਰਿਵਿਊ ਕਰ ਦੇਣ।

---

***2958** ਉੱਤਰ ਵੱਲੋਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ(ਸਰਦਾਰ ਬਲਬੀਰ ਸਿੰਘ ਸਿੱਧੂ): ਪੰਜਾਬੀ

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਮੰਤਰੀ ਜੀ ਨੇ ਦੱਸਿਆ ਕਿ 8,43,77,645/-, ਜੋ ਕਿ ਇੱਕ ਬਹੁਤ ਵੱਡੀ ਫਿਗਰ ਹੈ, ਸਬੰਧੀ ਐਮ.ਓ.ਯੂ. ਇੱਕ ਪ੍ਰਾਈਵੇਟ ਇੰਸਟੀਚਿਊਸ਼ਨ ਨਾਲ ਸਾਈਨ ਕੀਤਾ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ

ਐਮ.ਓ.ਯੂ. ਸਾਈਨ ਕੀਤਾ, ਉਸ ਦੀ ਕੰਡੀਸ਼ਨਾਂ ਕੀ ਸੀ ਅਤੇ ਇਹੋ ਹੀ ਕਾਲਜ ਕਿਉਂ ਸਿਲੈਕਟ ਕੀਤਾ ਗਿਆ? ਕੀ ਤੁਸੀਂ ਕੋਈ ਟੈਂਡਰ ਕਾਲ ਕੀਤਾ ਸੀ ਜਾਂ ਅਖਬਾਰਾਂ ਦੇ ਵਿੱਚ ਕੋਈ ਐਡਵਰਟਾਈਜ਼ਮੈਂਟ ਦਿੱਤੀ ਸੀ ਕਿ ਕਿਹੜੇ-ਕਿਹੜੇ ਇੰਸਟੀਚਿਊਟ ਆ ਸਕਦੇ ਹਨ? ਜਿਵੇਂ ਚੈਰੀਟੇਬਲ ਇੰਸਟੀਚਿਊਟ, ਦੁਆਬਾ ਜੋ ਕਿ ਢਾਂਹਾ ਕਲੇਰਾ ਵਿੱਖੇ ਹੈ ਉਹ ਵੀ ਕੋਵਿਡ ਸੈਂਟਰ ਬਣਿਆ ਸੀ ਪਰ ਸਰਕਾਰ ਨੂੰ ਉਸ ਇੰਸਟੀਚਿਊਟ ਨੂੰ ਕੋਈ ਰਾਸ਼ੀ ਨਹੀਂ ਦਿੱਤੀ ਅਤੇ ਨਾ ਹੀ ਉਸ ਨੇ ਲਈ ਹੈ। ਕੀ ਤੁਸੀਂ ਕੋਈ ਐਡਵਰਟਾਈਜ਼ ਕੀਤੀ ਸੀ, ਕੋਈ ਮੰਗ ਰੱਖੀ ਸੀ ਕਿ ਕੋਈ ਚੈਰੀਟੇਬਲ ਇੰਸਟੀਚਿਊਟ ਇਸ ਕੰਮ ਲਈ ਤਿਆਰ ਹੈ? ਜਿਹੜੀਆਂ ਖਾਣ ਪੀਣ ਦੀਆਂ, ਇਲਾਜ ਸਬੰਧੀ ਸਹੂਲਤਾਂ ਅਤੇ ਹੋਰ ਸਹੂਲਤਾਂ ਇਨ੍ਹਾਂ ਨੇ ਦਿੱਤੀਆਂ, ਉਨ੍ਹਾਂ ਬਾਬਤ ਬਹੁਤ ਵੱਡੀਆਂ ਸ਼ਿਕਾਇਤਾਂ ਅਖਬਾਰਾਂ ਅਤੇ ਮੀਡੀਆ ਵਿੱਚ ਆਈਆਂ। ਤੁਹਾਡੇ ਆਪਣੇ ਮੁਹਾਲੀ ਸ਼ਹਿਰ ਦੇ ਵਿੱਚ ਇੱਕ ਗੁਰਪ੍ਰੀਤ ਸਿੰਘ ਨਾਂਅ ਦਾ ਵਿਅਕਤੀ ਸੀ।

**ਮਾਨਯੋਗ ਸਪੀਕਰ:** ਸਵਾਲ, ਸਵਾਲ। ਚੰਦੂਮਾਜਰਾ ਜੀ, ਸਵਾਲ ਪੁੱਛ ਲਓ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਮੈਂ ਸਮਝਦਾ ਹਾਂ ਕਿ ਮੰਤਰੀ ਜੀ ਸਾਰਾ ਕੁਝ ਸਮਝ ਰਹੇ ਹਨ। ਸਵਾਲ ਤਾਂ ਇਹ ਹੀ ਹੈ ਕਿ ਐਮ.ਓ.ਯੂ ਸਾਈਨ ਕਰਨ ਲੱਗਿਆਂ ਕੰਡੀਸ਼ਨਾਂ ਕੀ ਸਨ ਅਤੇ ਇਸੇ ਹੀ ਇੰਸਟੀਚਿਊਟ ਨੂੰ ਹੀ ਕਿਉਂ ਚੁਣਿਆ ਗਿਆ? ਕੀ ਐਡਵਰਟਾਈਜ਼ ਕੀਤਾ ਸੀ ਅਤੇ ਕੀ ਹੋਰ ਇੰਸਟੀਚਿਊਟ ਉਸ ਦੇ ਵਿੱਚ ਆਏ ਸੀ ਜਾਂ ਨਹੀਂ ਆਏ ਸੀ?

**ਮਾਨਯੋਗ ਸਪੀਕਰ:** ਸਿੱਧੂ ਸਾਹਿਬ ।

**ਮੰਤਰੀ:** ਸਰ, ਪਹਿਲੀ ਗੱਲ ਤਾਂ ਚੰਦੂਮਾਜਰਾ ਸਾਹਿਬ ਨੂੰ ਇਹ ਨਹੀਂ ਪਤਾ ਕਿ ਜਦੋਂ ਕੋਵਿਡ ਆਇਆ , ਕੋਈ ਵੀ Country throughout World ਇਸ ਵਾਸਤੇ ਪਰੀਪੇਅਰ ਨਹੀਂ ਸੀ ਔਰ ਗਿਆਨ ਸਾਗਰ ਇੱਕ ਅਜਿਹਾ ਇੰਸਟੀਚਿਊਟ ਸੀ, ਜਿਹੜਾ ਸ਼ਹਿਰ ਤੋਂ ਬਾਹਰ ਸੀ ਅਤੇ ਜਿੱਥੇ ਹਰ ਤਰ੍ਹਾਂ ਦੀਆਂ ਸਹੂਲਤਾਂ ਮੌਜੂਦ ਸਨ। ਅਸੀਂ ਜੇ ਵੇਂਟੀਲੇਟਰ ਦੀ ਗੱਲ ਕਰਦੇ ਹਾਂ ਜਾਂ ਆਕਸੀਮੀਟਰ ਦੀ ਗੱਲ ਕਰਦੇ ਹਾਂ ਜਾਂ ਮੈਸ ਦੀ ਗੱਲ ਕਰਦੇ ਹਾਂ ਜਾਂ ਬੈੱਡ ਦੀ ਗੱਲ ਕਰਦੇ ਹਾਂ, ਸਾਰੀਆਂ ਸਹੂਲਤਾਂ ਇਸ ਵਿੱਚ ਸਨ। ਇਕੱਲਾ ਇਹ ਹੀ ਨਹੀਂ, ਪਠਾਨਕੋਟ ਦੇ ਵਿੱਚ ਅਸੀਂ ਇੱਕ ਮੈਡੀਕਲ ਕਾਲਜ ਵੀ ਲਿਆ ਸੀ, ਉੱਥੇ ਵੀ ਲੋਕਾਂ ਵਾਸਤੇ quarantine ਸੈਂਟਰ ਬਣਾਇਆ ਗਿਆ ਸੀ। ਬਾਕੀ ਜਿਹੜੇ ਹਸਪਤਾਲ ਸਨ ਉਸ ਦੇ ਵਿੱਚ ਅਸੀਂ ਕੋਵਿਡ ਦੇ ਮਰੀਜ਼ਾਂ ਨੂੰ ਨਹੀਂ ਰੱਖ ਸਕਦੇ ਸਨ ਕਿਉਂਕਿ ਅਜਿਹਾ ਕਰਨ ਨਾਲ ਬਿਮਾਰੀ ਵੱਧ

ਫੈਲਦੀ ਸੀ। ਇਸ ਲਈ ਇੱਕ ਵੱਖਰਾ ਪ੍ਰਬੰਧ ਕੀਤਾ ਗਿਆ ਸੀ ਅਤੇ ਪਰਾਪਰ ਪ੍ਰੋਸੀਜ਼ਰ ਨਾਲ ਕੀਤਾ ਗਿਆ ਸੀ। ਇਸ ਸਬੰਧੀ ਚੀਫ ਸੈਕਟਰੀ, ਪੰਜਾਬ ਦੇ ਥੱਲੇ ਇੱਕ ਐਕਸਪਰਟ ਕਮੇਟੀ ਬਣਾਈ ਗਈ ਸੀ ਅਤੇ ਸਾਰਾ ਕੰਮ ਇਸ ਕਮੇਟੀ ਦੀ ਨਿਗਰਾਨੀ ਹੇਠ ਹੋਇਆ ਹੈ। ਡਾਕਟਰ ਤਲਵਾੜ ਜੀ ਤੇ ਕੁਝ ਹੋਰ ਵਿਅਕਤੀ ਉਸ ਕਮੇਟੀ ਦੇ ਮੈਂਬਰ ਸਨ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਜਿਹੜੀ ਕੰਡੀਸ਼ਨਾਂ ਦੀ ਗੱਲ ਕੀਤੀ ਹੈ, ਮੇਰੀ ਤਾਂ ਇਸ ਨਾਲ ਕੋਈ ਤਸੱਲੀ ਨਹੀਂ ਹੋਈ। ਬਾਕੀ ਹਾਊਸ ਵਿੱਚ ਬੈਠੇ ਮੈਂਬਰਾਂ ਸਬੰਧੀ ਮੈਂ ਕੁਝ ਨਹੀਂ ਕਹਿ ਸਕਦਾ। ਇਹ ਹੀ ਕਾਲਜ ਸਿਲੈਕਟ ਕਿਉਂ ਕੀਤਾ ਗਿਆ? ਜੇ ਆਪਾਂ ਐਡਵਰਟਾਈਜ਼ ਕਰਦੇ ਕੀ ਪਤਾ ਸਾਨੂੰ ਇਸ ਤੋਂ ਵੀ ਵਧੀਆ ਜਗ੍ਹਾ ਮਿਲ ਜਾਂਦੀ। ਦੂਜੀ ਗੱਲ, ਜਿਹੜੀਆਂ ਤੁਹਾਡੀਆਂ ਕੰਡੀਸ਼ਨਾਂ ਸਨ, ਜਿਹੜਾ ਤੁਸੀਂ ਕਿਹਾ ਹੈ ਕਿ ਆਪਾਂ ਨੇ 8 ਕਰੋੜ 43 ਲੱਖ ਰੁਪਏ ਸ਼ਰਤਾਂ ਅਧੀਨ ਦਿੱਤਾ ਹੈ, ਇਸ ਸਬੰਧੀ ਜਿਹੜਾ ਐਮ.ਓ.ਯੂ. ਸਾਈਨ ਕੀਤਾ ਹੈ, ਕੀ ਇਹ ਟਾਈਮ ਦੇ ਹਿਸਾਬ ਨਾਲ ਕੀਤਾ ਸੀ ਕਿ ਆਪਾਂ ਪੈਸੇ ਮਹੀਨਾਵਾਰ ਦੇਣੇ ਹਨ ਜਾਂ ਮਰੀਜ਼ਾਂ ਦੇ ਹਿਸਾਬ ਨਾਲ ਦੇਣੇ ਹਨ? ਮੈਂ ਮੰਤਰੀ ਸਾਹਿਬ ਤੋਂ ਇਸ ਸਬੰਧੀ ਜਾਣਨਾ ਚਾਹੁੰਦਾ ਹਾ। ਮੈਂ ਦੁਬਾਰਾ ਫਿਰ ਕਹਿੰਦਾ ਹਾਂ ਕਿ ਹਾਊਸ ਕੁਦਰਤੀ ਰੂਪ ਦੇ ਵਿੱਚ 8 ਕਰੋੜ 43 ਲੱਖ ਰੁਪਏ ਸਬੰਧੀ ਇਹ ਜਾਣਨ ਦਾ ਹੱਕ ਰੱਖਦਾ ਹੈ ਅਤੇ ਇਸ ਦੀ ਜਾਂਚ ਹੋਣੀ ਚਾਹੀਦੀ ਹੈ।

**ਮੰਤਰੀ:** ਵੈਸੇ ਜੀ, ਇਹ ਐਵੇਂ ਹੀ ਲੰਮਾ ਕਰੀ ਜਾ ਰਹੇ ਹਨ। ਮੈਂ ਇਨ੍ਹਾਂ ਨੂੰ ਡਿਟੇਲਵਾਈਜ਼ ਦੱਸਦਾ ਹਾਂ ਕਿ ਦਵਾਈਆਂ, ਲੈਬ ਟੈਸਟ, ਮਰੀਜ਼ਾਂ ਦੇ ਖਾਣੇ ਅਤੇ ਲਾਊਂਡਰੀ ਤੇ 1,27,52,568/- ਰੁਪਏ ਖਰਚ ਕੀਤਾ ਗਿਆ ਹੈ। ਬਾਇਓ ਮੈਡੀਕਲ ਵੇਸਟ ਦੇ ਟਰਾਂਸਪੋਰਟ ਤੇ 2,48,070/- ਰੁਪਏ ਖਰਚ ਕੀਤੇ ਗਏ ਹਨ। ਡਿਸਪੋਜ਼ੇਬਲ ਬੈਗ ਚਾਰਜਿਜ ਤੇ 78,700/- ਰੁਪਏ ਖਰਚ ਹੋਏ ਹਨ। ਬਿਜਲੀ ਤੇ 81,69,773/- ਰੁਪਏ ਖਰਚ ਹੋਏ ਹਨ। ਆਕਸੀਜਨ ਤੇ 8,75,450/- ਰੁਪਏ ਖਰਚ ਹੋਏ ਹਨ। ਐਂਬੂਲੇਂਸ ਤੇ 3,59,570/- ਰੁਪਏ ਖਰਚ ਹੋਏ ਹਨ। ਤਨਖਾਹਾਂ ਤੇ 5,95,21,514/- ਰੁਪਏ ਖਰਚ ਹੋਏ ਹਨ। ਡੀਜਲ ਤੇ 1,40,000/- ਰੁਪਏ ਖਰਚ ਹੋਏ ਹਨ ਅਤੇ ਕੁੱਲ 8,43,77,645/- ਰੁਪਏ ਖਰਚ ਹੋਏ ਹਨ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਮੈਂ ਫਿਰ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਖਾਣੇ ਦਾ ਖਰਚਾ ਪਾਇਆ ਹੈ

**ਮਾਨਯੋਗ ਸਪੀਕਰ:** ਇਹ ਤੁਹਾਡੀ ਲਾਸਟ ਵਾਰੀ ਹੈ, ਕਿਉਂਕਿ ਤਿੰਨ ਹੁੰਦੀਆਂ ਹਨ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਮੰਤਰੀ ਜੀ, ਇਹ ਅਖਬਾਰਾਂ ਦੇ ਵਿੱਚ ਵੀ ਆਇਆ ਹੈ ਅਤੇ ਮੈਂ ਤੁਹਾਨੂੰ ਦੱਸਦਾ ਹਾਂ ਕਿ ਤੁਹਾਡੇ ਸ਼ਹਿਰ ਦਾ ਗੁਰਪ੍ਰੀਤ ਸਿੰਘ ਨੌਜਵਾਨ, ਜੋ 3ਬੀ1 ਦਾ ਰਹਿਣ ਵਾਲਾ ਹੈ, ਉਸ ਦੀ ਉੱਥੇ ਡੈੱਥ ਹੋ ਗਈ। ਉਸ ਦੇ ਪਰਿਵਾਰ ਨੇ ਵੀ ਇਹ ਸਾਰੀਆਂ ਗੱਲਾਂ ਦਾ ਖੁਲਾਸਾ ਕੀਤਾ। ਇਹ ਕੇਵਲ ਇੱਕ ਹੀ ਮਰੀਜ਼ ਨਹੀਂ ਹੋਰ ਵੀ ਕਿੰਨੇ ਮਰੀਜ਼ ਹਨ, ਜਿਨ੍ਹਾਂ ਨੇ ਇਹ ਖੁਲਾਸੇ ਕੀਤੇ ਕਿ ਉੱਥੇ ਖਾਣੇ ਦੀ ਕੁਆਲਿਟੀ ਵੀ ਠੀਕ ਨਹੀਂ ਸੀ। ਸਰ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਇਹ ਇੱਕ ਬੜਾ ਹੀ ਅਹਿਮ ਅਤੇ ਗੰਭੀਰ ਮਸਲਾ ਹੈ। 8 ਕਰੋੜ 43 ਲੱਖ ਰੁਪਏ ਡਿਜਾਸਟਰ ਫੰਡ ਵਿੱਚੋਂ ਇੱਕ ਪ੍ਰਾਈਵੇਟ ਇੰਸਟੀਚਿਊਟ ਨੂੰ ਗਿਆ ਹੈ। ਤੁਸੀਂ ਹਾਊਸ ਦੀ ਇੱਕ ਕਮੇਟੀ ਹੈਲਥ ਦੇ ਇਸ ਇਸ਼ੂ ਉੱਤੇ ਬਣਾਉ ਅਤੇ ਦੋ ਦਿਨਾਂ ਦੇ ਵਿੱਚ ਪਤਾ ਲੱਗ ਜਾਵੇਗਾ ਕਿ ਜਿਹੜੇ ਇਹ ਬਿੱਲ ਮੰਤਰੀ ਜੀ ਨੇ ਪੇਸ਼ ਕੀਤੇ ਹਨ ਕੀ ਇਹ ਸਹੂਲਤਾਂ ਉੱਥੇ ਮਿਲੀਆਂ ਹਨ? ਜੇ ਮਿਲੀਆਂ ਹਨ ਤਾਂ ਕੀ ਪਰਾਪਰ ਮਿਲੀਆਂ ਹਨ? ਕਿਉਂਕਿ ਇਹ ਮਸਲਾ ਕਰੋਨਾ ਨਾਲ ਜੁੜਿਆ ਹੋਇਆ ਹੈ ਅਤੇ ਕਿੰਨੀਆਂ ਮੌਤਾਂ ਉੱਥੇ ਹੋਈਆਂ ਹਨ।

**ਮਾਨਯੋਗ ਸਪੀਕਰ:** ਸਵਾਲ ਪੁੱਛੋ, ,ਸਵਾਲ ਸਵਾਲ ਸਵਾਲ ਤਾਂ ਆਇਆ ਹੀ ਨਹੀਂ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ ਜੀ ਇਹ ਟਰਾਂਸਪੈਰੰਟ ਹੈ। ਜੇ ਮੰਤਰੀ ਜੀ ਆਪ ਹੀ ਕਹਿ ਦੇਣ ਕਿ ਕਮੇਟੀ ਬਣਾ ਲਓ। ਕੀ ਕਮੇਟੀ ਬਣਾਓਗੇ?

**ਮੰਤਰੀ:** ਮੈਂ ਕਹਿੰਦਾ ਹਾਂ ਕਿ ਤੁਸੀਂ ਜਿੱਥੋਂ ਮਰਜ਼ੀ ਇਨਕੁਆਰੀ ਕਰਵਾ ਲਓ ਮੈਨੂੰ ਤਾਂ ਕੋਈ ਇਤਰਾਜ਼ ਹੀ ਨਹੀਂ। ਦੂਜੀ ਗੱਲ ਇਹ ਹੈ ਕਿ ਜਿਹੜੀ ਕੋਵਿਡ ਦੀ ਗੱਲ ਹੈ, ਜਿਹੜਾ ਗੁਰਪ੍ਰੀਤ ਸਿੰਘ ਹੈ, ਉਹ ਸ਼ਾਇਦ ਤੇਰੇ ਨਾਲੋ ਮੇਰੇ ਨੇੜੇ ਹੋਵੇ।

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

---

## MATTERS RAISED DURING ZERO HOUR AND STATEMENTS MADE BY THE MINISTERS

**ਮਾਨਯੋਗ ਸਪੀਕਰ :** ਜ਼ੀਰੋ ਆਵਰ, ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ । ਹਾਂ ਜੀ, ਚੀਮਾ ਸਾਹਿਬ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਤੁਹਾਡੇ ਧਿਆਨ ਵਿੱਚ..

**ਮਾਨਯੋਗ ਸਪੀਕਰ:** ਇੱਕ ਮਿੰਟ ਚੀਮਾ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ ਖੜ੍ਹੇ ਹਨ। ਹਾਂ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਰ, ਮੈਂ ਤੁਹਾਡੇ ਰਾਹੀਂ ਅਕਾਲੀ ਦਲ ਦੇ ਲੀਡਰ ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਜੀ ਨੂੰ ਬੇਨਤੀ ਕਰਾਂਗਾ ਕਿ ਕੱਲ੍ਹ ਜਿਹੜਾ ਤੁਸੀਂ ਡੈਮੋਕ੍ਰੇਟਿਕ ਵੈਲਿਊਜ਼ ਨੂੰ ਵੇਖਦੇ ਹੋਏ ਔਰ magnanimity ਦਿਖਾਉਂਦੇ ਹੋਏ ਇਨ੍ਹਾਂ ਦੀ ਸਸਪੈਂਸ਼ਨ ਰਿਵੋਕ ਕੀਤੀ ਹੈ, ਉਸ ਦਾ ਇਹ ਧੰਨਵਾਦ ਤਾਂ ਕਰ ਦੇਣ ਜੀ।

**ਮਾਨਯੋਗ ਸਪੀਕਰ:** ਚਲੋ, ਕੋਈ ਨਹੀਂ (ਹਾਸਾ)

**ਸੰਸਦੀ ਮਾਮਲੇ ਮੰਤਰੀ:** ਸਰ, ਬੜਾ ਜ਼ਰੂਰੀ ਹੈ, ਬੜਾ ਜ਼ਰੂਰੀ ਹੈ।

**ਮਾਨਯੋਗ ਸਪੀਕਰ:** ਮੈਂ ਧੰਨਵਾਦ ਕਰਦਾ ਹਾਂ, ਮੈਂ ਧੰਨਵਾਦ ਕਰਦਾ ਹਾਂ ਕਿ ਸਰਦਾਰ ਸੁ਼ਰਨਜੀਤ ਸਿੰਘ ਹੁਰੀਂ ਆ ਗਏ ਹਨ (ਹਾਸਾ)

(ਅਵਾਜ਼ਾਂ: ਅਸੀਂ ਤੁਹਾਡਾ (ਮਾਨਯੋਗ ਸਪੀਕਰ) ਧੰਨਵਾਦ ਕਰਦੇ ਹਾਂ।)

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ, ਜਿਥੇ ਤੁਹਾਡਾ ਧੰਨਵਾਦ ਵੀ ਕਰਦੇ ਹਾਂ, ਨੰਬਰ ਦੋ ਉਤੇ ਅਸੀਂ ਕੋਈ ਗਲਤ ਗੱਲ ਨਹੀਂ ਸੀ, ਅਸੀਂ ਕਿਹਾ ਸੀ ਕਿ ਇੱਕ ਮਿੰਟ ਦੇ ਦਿਉ (ਹਾਸਾ) ਜੇ ਇੱਕ ਮਿੰਟ ਦਿੱਤਾ ਹੁੰਦਾ ਤਾਂ ਇਹ ਹਾਲਾਤ ਨਾ ਹੁੰਦੇ, ਖੜ੍ਹੇ ਹੋ ਕੇ ਇੱਕ ਮਿੰਟ ਮੰਗਿਆ ਸੀ। ਦੇਖੋ, ਜੇ ਕੋਈ ਆਪੋਜ਼ੀਸ਼ਨ ਦਾ ਬੰਦਾ ਇੱਕ ਮਿੰਟ ਮੰਗਦਾ ਹੈ ਤਾਂ ਉਸ ਨੂੰ ਦੇ ਦੇਣਾ ਚਾਹੀਦਾ ਹੈ ਤਾਂਕਿ ਉਸ ਨੂੰ ਇਸ ਤਰ੍ਹਾਂ ਕਰਨਾ ਹੀ ਨਾ ਪਵੇ।

**ਮਾਨਯੋਗ ਸਪੀਕਰ:** ਢਿੱਲੋਂ ਸਾਹਿਬ, ਢਿੱਲੋਂ ਸਾਹਿਬ, ਇੱਕ ਗੱਲ ਤੁਸੀਂ ਵੀ ਤੇ ਚੀਮਾ ਸਾਹਿਬ ਵੀ ਸੁਣ ਲਵੋ, ਢਿੱਲੋਂ ਸਾਹਿਬ ਤੁਸੀਂ ਵੀ ਤੇ ਚੀਮਾ ਸਾਹਿਬ ਸੁਣ ਲਵੋ। ਸਦਾ ਇਥੇ ਕੋਈ ਰਿਹਾ ਨਹੀਂ, ਨਾ ਤੁਸੀਂ ਰਹਿਣਾ ਹੈ, ਨਾ ਮੈਂ ਰਹਿਣਾ ਹੈ, ਇਥੇ ਹਮੇਸ਼ਾ ਰਿਕਾਰਡ ਰਹਿਣਾ ਹੈ, ਪਿਛਲੇ 70 ਸਾਲ ਦਾ ਰਿਕਾਰਡ ਕਢਵਾ ਕੇ ਦੇਖ ਲਇਉ ਜੇ ਆਪੋਜ਼ੀਸ਼ਨ ਨੂੰ ਮੈਂ ਹਮੇਸ਼ਾਂ ਰੂਲਿੰਗ ਪਾਰਟੀ ਤੋਂ ਵੱਧ ਟਾਈਮ ਨਾ ਦਿੰਦਾ ਹੋਇਆ, ਮੈਂ ਤੁਹਾਡਾ ਗੁਨਾਹਗਾਰ ਹਾਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਹ ਤੁਸੀਂ ਟਾਈਮ ਕਢਵਾ ਕੇ ਦੇਖ ਲੈਣਾ। 70 ਸਾਲ ਦਾ ਕਹਿ ਰਿਹਾ ਹਾਂ, ਅਗਰ 70 ਸਾਲ ਵਿਚ ਸਭ ਤੋਂ ਵੱਧ ਸੁਣਵਾਈ, ਸਭ ਤੋਂ ਵੱਧ ਸਵਾਲ, ਸਭ ਤੋਂ ਵੱਧ ਕਾਲ ਅਟੈਨਸ਼ਨ, ਸਭ ਤੋਂ ਵੱਧ ਇੰਟਰਵੈਂਸ਼ਨ ਤੁਹਾਡੀ ਨਾ ਹੋਵੇ, ਇਹ ਰਿਕਾਰਡ ਕਢਵਾ ਲੈਣਾ, ਰਿਕਾਰਡ ਦੀ ਗੱਲ ਹੈ, ਮੈਂ ਤੁਹਾਡਾ ਗੁਨਾਹਗਾਰ ਹਾਂ। ਹਾਂ ਵਡਾਲਾ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ, It is your magnanimity and we are grateful to you ਇਹ ਤੁਹਾਡੀ ਗੱਲ ਸਹੀ ਹੈ ਪਰ ਇੱਕ ਗੱਲ in a lighter vein ਉਸ ਦਿਨ ਗੁੱਸਾ ਜਿਆਦਾ ਖਾ ਗਏ ਸੀ, ਇੰਨਾ ਗੁੱਸਾ ਨਹੀਂ ਸੀ ਖਾਣਾ ਚਾਹੀਦਾ (ਹਾਸਾ) ਉਸ ਦਿਨ ਹੀ ਕੱਢ ਦਿੰਦੇ ਤਾਂ ਬਹੁਤ ਸੀ, ਏਨਾ ਹੀ ਬਹੁਤ ਸੀ ਪਰ ਤੁਸੀਂ ਸਾਨੂੰ ਬਜਟ ਤੋਂ ਬਾਹਰ ਰੱਖਣਾ ਸੀ, ਸਰਦਾਰ ਬਾਦਲ ਸਾਹਿਬ ਦਾ ਬਜਟ ਨਹੀਂ ਸੁਣਨ ਦੇਣਾ ਸੀ ਪਰ ਤੁਹਾਡਾ ਬਹੁਤ ਬਹੁਤ ਧੰਨਵਾਦ।

**ਮਾਨਯੋਗ ਸਪੀਕਰ:** ਵਡਾਲਾ ਜੀ, ਵਡਾਲਾ ਜੀ, ਤੁਹਾਡੇ ਉਤੇ ਤੇ ਢਿੱਲੋਂ ਸਾਹਿਬ ਤੋਂ ਮੈਨੂੰ ਇਹ ਉਮੀਦ ਨਹੀਂ ਸੀ ਕਿ ਤੁਸੀਂ ਮੇਰੀ ਗੱਲ ਨਹੀਂ ਮੰਨੋਗੇ ਤੇ ਤੁਸੀਂ ਸੁਣੋਗੇ ਨਹੀਂ। (ਹਾਸਾ) ਸੁਣ ਲੈਂਦੇ, ਸੁਣ ਲੈਂਦੇ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਬਹੁਤ ਬਹੁਤ ਧੰਨਵਾਦ।

**ਮਾਨਯੋਗ ਸਪੀਕਰ:** ਹੁਣ ਅਸੀਂ ਆਪਣੇ ਆਪ ਚਾਹੁੰਦੇ ਸੀ ਕਿ ਇਹ ਬਦਕਿਸਮਤੀ ਹੈ ਕਿ ਇੱਕ ਮੇਜਰ ਚੰਕ ਵਿਧਾਨ ਸਭਾ ਦਾ ਅੰਦਰ ਨਾ ਹੋਵੇ, you are welcome, you are welcome to take part ਪਰ ਇੰਨੀ ਕੁ ਗੱਲ ਮੰਨ ਲਿਆ ਕਰੋ । ਬਾਬਾ ਨਾਨਕ ਜੀ ਨੇ ਕਿਹਾ ਹੈ :

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ।।

ਸੁਣਨਾ ਪਹਿਲਾਂ ਕਿਹਾ ਹੈ, ਕਹਿਣਾ ਬਾਅਦ ਵਿੱਚ ਕਿਹਾ ਹੈ। ਸੁਣ ਲਿਆ ਕਰੋ। ਚੀਮਾ ਸਾਹਿਬ, ਹੁਣ ਤੁਸੀਂ ਬੋਲੋ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਸਾਡੇ ਸਾਥੀ ਐਮ.ਐਲ.ਏ.ਸਾਹਿਬਾਨ ਦੀ ਬਹਾਲੀ ਕੀਤੀ ਹੈ, ਤੁਹਾਡਾ ਬਹੁਤ ਬਹੁਤ ਧੰਨਵਾਦ ਜੀ। ਸਰ, ਦੂਜਾ ਤੁਹਾਡਾ ਤੇ ਇਸ ਹਾਊਸ ਦੇ ਧਿਆਨ ਵਿਚ ਲਿਆਉਣਾ ਚਾਹਾਂਗਾ ਕਿ 4 ਮਾਰਚ ਨੂੰ 3083 ਉਤੇ ਸਵਾਲ ਲੱਗਿਆ ਸੀ, ਪਿੰਡ ਖੜਿਆਲ ਦੀ ਜ਼ਮੀਨ ਦਾ, ਮਨਿਸਟਰ ਸਾਹਿਬ ਬੈਠੇ ਹਨ, ਉਹ ਜਿਹੜੀ ਜ਼ਮੀਨ ਦੀ ਪੈਰਵਾਈ ਸਰਪੰਚ ਕਰ ਰਿਹਾ ਸੀ, ਡੀ.ਡੀ.ਪੀ.,ਸਾਹਿਬ ਨੇ, ਬੀ.ਡੀ.ਓ.ਸਾਹਿਬ ਰਾਤੋ-ਰਾਤ ਉਸ ਦੇ ਖਿਲਾਫ ਰਿਪੋਰਟ ਬਣਾ ਕੇ ਭੇਜ ਦਿੱਤੀ ਕਿ ਨਜਾਇਜ਼ ਕਬਜ਼ਾ ਇਸ ਨੇ ਕੀਤਾ ਹੈ, ਯਾਨੀ ਕਿ ਜਿਹੜਾ ਬੰਦਾ ਨਜਾਇਜ਼ ਕਬਜ਼ੇ ਛੁਡਵਾ ਰਿਹਾ ਹੈ, ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਸ ਦੇ ਪਿਛੇ ਹੀ ਤੁਹਾਡਾ ਡਿਪਾਰਟਮੈਂਟ ਪੈ ਗਿਆ। ਇਸ ਤਰ੍ਹਾਂ ਕੋਈ ਬੰਦਾ ਜਿਹੜਾ ਗੈਰ ਕਾਨੂੰਨੀ ਕੰਮ ਕਰ ਰਿਹਾ ਹੈ, ਉਸ ਦੇ ਖਿਲਾਫ ਬੋਲੇਗਾ ਹੀ ਨਹੀਂ ਕੋਈ। ਇਹ ਬਹੁਤ ਅਹਿਮ ਮਾਮਲਾ ਹੈ।

ਸਰ, ਦੂਜਾ ਜਿਹੜਾ ਮਾਮਲਾ ਹੈ ਕਿ ਫਾਜ਼ਿਲਕਾ ਦੇ ਪਿੰਡ ਹੀਰਾਂਵਾਲੀ ਦਾ ਹੈ। ਇਹ ਬਹੁਤ ਹੀ ਅਹਿਮ ਮਾਮਲਾ ਹੈ ਉਥੇ ਉਸ ਇਲਾਕੇ ਵਿੱਚ ਕੈਂਸਰ, ਕਾਲਾ ਪੀਲੀਆ ਫੈਲਿਆ ਹੋਇਆ ਹੈ। ਸਰ, ਸਾਡੀ ਜਿਹੜੀ ਪੁਰਾਣੀ ਸਰਕਾਰ ਸ਼੍ਰੋਮਣੀ ਅਕਾਲੀ ਦਲ ਤੇ ਬੀ.ਜੇ.ਪੀ. ਦੀ ਸਰਕਾਰ ਸੀ ਤਾਂ ਉਸ ਨੇ ਉਥੇ ਸ਼ਰਾਬ ਦੀ ਫੈਕਟਰੀ ਲਗਾਉਣ ਦਾ ਲਾਇਸੰਸ ਦਿੱਤਾ ਸੀ ਉਸ ਸਮੇਂ ਲੋਕਾਂ ਨੇ ਵਿਰੋਧ ਕੀਤਾ, ਉਸ ਸਮੇਂ ਧਰਨੇ ਮੁਜ਼ਾਹਰੇ ਹੋਏ ਤਾਂ ਉਸ ਸਮੇਂ ਉਥੇ ਉਹ ਫੈਕਟਰੀ ਨਹੀਂ ਲੱਗੀ। ਸਰ, ਉਸ ਤੋਂ ਬਾਅਦ ਹੁਣ ਉਥੇ ਕੀ ਆ ਗਿਆ ਹੈ ਕਿ ਦੁਬਾਰਾ ਹੁਣ ਫਿਰ ਉਥੇ ਫੈਕਟਰੀ ਲੱਗ ਰਹੀ ਹੈ, ਸਪੀਕਰ ਸਾਹਿਬ, ਉਥੇ ਬਹੁਤ ਸਾਰੀਆਂ ਸਾਡੀਆਂ ਮਾਵਾਂ, ਸਾਡੀਆਂ ਭੈਣਾਂ, ਬੱਚੀਆਂ, ਮੈਂ ਵੀ ਜਾ ਕੇ ਆਇਆ ਹੈ, ਸ਼ਾਇਦ ਜਾਖੜ ਸਾਹਿਬ ਵੀ ਜਾ ਕੇ ਆਏ ਸੀ, ਘੁਬਾਇਆ ਸਾਹਿਬ ਵੀ ਜਾ ਕੇ ਆਏ ਸੀ। ਸਰ, ਇਹ ਬੜਾ ਅਹਿਮ

ਮਾਮਲਾ ਹੈ, ਇਸ ਦੇ ਵਿੱਚ ਸਾਡੇ ਮੰਤਰੀ ਸਾਹਿਬਾਨ ਬੈਠੇ ਨਹੀਂ, ਰਾਣਾ ਸੋਢੀ ਜੀ ਚਲੇ ਗਏ ਹਨ, ਉਨ੍ਹਾਂ ਦਾ ਨਾਂ ਬੜੀ ਪ੍ਰਮੁੱਖਤਾ ਦੇ ਨਾਲ ਇਲਾਕੇ ਦੇ ਲੋਕ ਲੈ ਰਹੇ ਹਨ ਕਿ ਇਹ ਜਿਹੜੀ ਫੈਕਟਰੀ ਹੈ, ਇਹ ਸੋਢੀ ਸਾਹਿਬ ਲਗਾ ਰਹੇ ਹਨ। ਮੇਰੀ ਬੇਨਤੀ ਹੈ ਕਿ ਜਦੋਂ ਆ ਜਾਣਗੇ ਤਾਂ ਜਵਾਬ ਦੇ ਦੇਣ। ਬਹੁਤ ਅਹਿਮ ਮਾਮਲਾ ਹੈ, ਹਜ਼ਾਰਾਂ ਹੀ ਲੋਕ ਹਾਈਵੇਅ ਜਾਮ ਕਰਕੇ ਉਥੇ ਬੈਠੇ ਹਨ।ਸਰ, ਇਸ ਦੇ ਉਤੇ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਤਾਂਕਿ ਇਹ ਜਿਹੜਾ ਗਲਤ ਕੰਮ ਹੋ ਰਿਹਾ ਹੈ, ਗਲਤ ਫੈਕਟਰੀ ਲੱਗ ਰਹੀ ਹੈ, ਉਸ ਦੇ ਉਤੇ ਸਰਕਾਰ ਧਿਆਨ ਦੇਵੇ। ਤੀਜਾ, ਇਕ ਬੜੀ ਅਹਿਮ ਘਟਨਾ ਹੋਈ ਹੈ। ਕਲ੍ਹ ਇੱਥੇ ਅਸੀਂ ਔਰਤ ਦਿਵਸ ਮਨਾਇਆ ਹੈ ਅਤੇ ਵੱਡੀਆਂ ਵੱਡੀਆਂ ਗੱਲਾਂ ਇਸ ਹਾਊਸ ਵਿੱਚ ਕੀਤੀਆਂ ਗਈਆਂ ਹਨ। ਐਜੂਕੇਸ਼ਨ ਮਨਿਸਟਰ ਸਾਹਿਬ ਸ਼੍ਰੀ ਵਿਜੈ ਇੰਦਰ ਸਿੰਗਲਾ ਜੀ, ਚਲੇ ਗਏ ਹਨ, ਉਹ ਸਾਡੇ ਇਲਾਕੇ ਦੇ ਹਨ। ਮੇਰੇ ਇਲਾਕੇ ਵਿੱਚ ਪਿੰਡ ਲਾਡ ਵਣਜਾਰਾ ਹੈ, ਜਿਥੋਂ ਦੇ ਸਕੂਲ ਦਾ ਪ੍ਰਿੰਸੀਪਲ ਤਿੰਨ ਔਰਤ ਅਧਿਆਪਕਾਂ ਨੂੰ ਇੰਨੀ ਬੁਰੀ ਤਰ੍ਹਾਂ ਤੰਗ ਕਰ ਰਿਹਾ ਹੈ, ਬੱਚੀਆਂ ਨੂੰ ਬੁਰੀ ਤਰ੍ਹਾਂ ਤੰਗ ਕਰ ਰਿਹਾ ਹੈ। ਪੰਜਾਬ ਦੇ ਐਜੂਕੇਸ਼ਨ ਸਕੱਤਰ ਸ਼੍ਰੀ ਕ੍ਰਿਸ਼ਨ ਕੁਮਾਰ ਜੀ ਵੀ ਉਥੇ ਜਾ ਕੇ ਆਏ ਹਨ ਪਰ ਮਾਮਲਾ ਉਸੇ ਪ੍ਰਕਾਰ ਬਣਿਆ ਹੋਇਆ ਹੈ। ਪਿੰਡ ਇਕ ਪਾਸੇ ਖੜ੍ਹਾ ਹੈ। ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਬਹੁਤ ਅਹਿਮ ਮਾਮਲਾ ਹੈ। ਜੇਕਰ ਟੀਚਰ ਸੁਰੱਖਿਅਤ ਨਹੀਂ ਹਨ, ਜੇਕਰ ਅਧਿਆਪਕਾਵਾਂ ਸੁਰੱਖਿਅਤ ਨਹੀਂ ਹਨ, ਜੇਕਰ ਸਾਡੀਆਂ ਬੱਚੀਆਂ ਸਕੂਲ ਦੇ ਪ੍ਰਿੰਸੀਪਲ ਤੋਂ ਸੁਰੱਖਿਅਤ ਨਹੀਂ ਹਨ ਤਾਂ ਉਥੇ ਪੜ੍ਹਾਈ ਦਾ ਮਾਹੌਲ ਕਿਵੇਂ ਬਣੇਗਾ? ਇਕ ਪਾਸੇ ਅਸੀਂ ਕਹਿ ਰਹੇ ਹਾਂ ਕਿ ਸਮਾਰਟ ਸਕੂਲ ਬਣ ਗਏ ਹਨ, ਇਕ ਪਾਸੇ ਅਸੀਂ ਕਹਿ ਰਹੇ ਹਾਂ ਕਿ ਪੰਜਾਬ ਵਿੱਚ ਰਿਜ਼ਲਟ ਬੜੇ ਅੱਛੇ ਆ ਰਹੇ ਹਨ ਪਰੰਤੂ ਦੂਜੇ ਪਾਸੇ ਸਹਿਮ ਦੇ ਮਾਹੌਲ ਵਿੱਚ, ਡਰ ਦੇ ਮਾਹੌਲ ਵਿੱਚ ਅਧਿਆਪਕ ਅਤੇ ਸਾਡੀਆਂ ਬੱਚੀਆਂ ਹਨ। ਇਹ ਬਹੁਤ ਹੀ ਅਹਿਮ ਮਾਮਲਾ ਹੈ ਅਤੇ ਮੈਂ ਸਮਝਦਾ ਹਾਂ ਕਿ ਸਾਡੇ ਮਨਿਸਟਰ ਸਾਹਿਬ ਇਸ ਪਾਸੇ ਧਿਆਨ ਦੇ ਕੇ ਇਨਸਾਫ ਦਿਵਾਉਣ। ਧੰਨਵਾਦ ਜੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ** : ਸਪੀਕਰ ਸਾਹਿਬ, thank you. ਇਹ ਬੜਾ ਅਹਿਮ ਮੁੱਦਾ ਹੈ ਕਿ ਕੇਂਦਰ ਸਰਕਾਰ ਦੀ ਸੂਬਿਆਂ ਦੇ ਅਧਿਕਾਰ ਖੇਤਰ ਵਿੱਚ ਦਖਲ ਅੰਦਾਜ਼ੀ ਕਾਰਨ ਖੇਤੀਬਾੜੀ ਸਬਜੈਕਟ ਵਾਸਤੇ ਕਿਸਾਨ ਸੰਘਰਸ਼ ਚੱਲ ਰਿਹਾ ਹੈ। ਇਸ ਦੇ ਨਾਲ ਹੀ RDF ਦੇ ਮੁੱਦੇ ਉੱਪਰ ਬਿਆਨ ਪੜ੍ਹੇ ਹਨ ਪਰ ਜੋ ਚੀਜ਼ ਸਾਮ੍ਹਣੇ ਆਈ ਹੈ, 3% ਤੋਂ ਘਟਾ ਕੇ 1% ਕਰਨ ਦਾ ਕੇਂਦਰ ਸਰਕਾਰ ਨੇ ਹੁਕਮ ਸੁਣਾ ਦਿੱਤਾ ਹੈ। ਜਿਸ ਕਾਰਨ 1200 ਕਰੋੜ ਵਿਚੋਂ ਸਾਡੇ ਸੂਬੇ ਨੂੰ ਸਿਰਫ 400

ਕਰੋੜ ਮਿਲਣਾ ਹੈ, 800 ਕਰੋੜ ਦੱਬ ਲਿਆ ਗਿਆ ਹੈ। ਜਦੋਂ ਕਿ ਸਾਡੇ ਸੂਬੇ ਵਲੋਂ, ਪੰਜਾਬ ਵਲੋਂ ਬਣਾਇਆ ਹੋਇਆ ਜਿਹੜਾ ਕਾਨੂੰਨ ਹੈ ਅਤੇ ਮੈਂ ਸਮਝਦਾ ਹਾਂ ਕਿ ਇਹ ਕੇਂਦਰ ਸਰਕਾਰ ਦੀ ਸਿੱਧੀ ਦਖਲਅੰਦਾਜ਼ੀ ਹੈ।

ਇੱਥੇ ਹੀ ਬਸ ਨਹੀਂ, ਚੰਡੀਗੜ੍ਹ ਜੋ ਕਿ ਪੰਜਾਬ ਦੀ ਰਾਜਧਾਨੀ ਹੈ ਅਤੇ ਟੈਂਪਰੇਰੀ ਤੌਰ ਤੇ ਯੂ.ਟੀ. ਬਣਾਈ ਗਈ ਹੈ ਜੋ ਕਿ ਪੰਜਾਬ ਦੇ ਪਿੰਡ ਉਜਾੜ ਕੇ ਬਣੀ ਹੈ। ਇਥੋਂ ਦੇ ਪਾਵਰ ਸੈਕਟਰ ਨੂੰ ਪ੍ਰਾਈਵੇਟਾਈਜ਼ ਕਰਕੇ ਨਿੱਜੀ ਹੱਥਾਂ ਵਿੱਚ ਦਿੱਤਾ ਜਾ ਰਿਹਾ ਹੈ। ਇਨ੍ਹਾਂ ਦੋਵੇਂ ਇਸ਼ੂਜ ਤੇ ਹਾਲੇ ਤੱਕ ਪੰਜਾਬ ਸਰਕਾਰ ਦਾ ਰੁਖ ਸਪੱਸ਼ਟ ਨਹੀਂ ਹੋਇਆ ਹੈ। ਐਗਰੀਕਲਚਰ ਡਿਪਾਰਟਮੈਂਟ ਸੀ.ਐਮ ਸਾਹਿਬ ਕੋਲ ਹੈ, ਉਨ੍ਹਾਂ ਨੇ ਹੁਣ ਤੱਕ ਇਸ ਵਾਸਤੇ ਕੀ ਪਹੁੰਚ ਅਪਣਾਈ ਹੈ।

**ਮਾਨਯੋਗ ਸਪੀਕਰ** : ਬੈਠੋ ਜੀ। ਤੁਹਾਡੀ ਗੱਲ ਆ ਗਈ।(ਵਿਘਨ...) ਕੀ ਸਾਰੇ ਹੀ ਬੋਲੋਗੇ? ਢੀਂਡਸਾ ਸਾਹਿਬ, ਜ਼ਰਾ ਰੁਕੋ ਜੀ।

**ਸਰਦਾਰ ਬਲਦੇਵ ਸਿੰਘ ਕਲਿਆਣ** : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਪਟਿਆਲਾ ਵਿੱਚ ਪਰਸੋਂ ਸਾਂਝਾ ਮੁਲਾਜ਼ਮ ਮੋਰਚਾ ਤੇ ਲਾਠੀ ਚਾਰਜ ਹੋਇਆ ਹੈ। ਮੇਰੇ ਕੋਲ ਤਸਵੀਰਾਂ ਹਨ। ਉਨ੍ਹਾਂ ਤੇ ਡਾਂਗਾਂ ਪਈਆਂ ਹਨ ਅਤੇ ਲੱਤਾਂ ਤੋੜੀਆਂ ਗਈਆਂ ਹਨ। ਉਨ੍ਹਾਂ ਦੀਆਂ ਮੰਗਾਂ ਕੀ ਹਨ? ਲਗਾਤਾਰ ਚਾਰ ਸਾਲ ਤੋਂ ਮੰਗ ਕਰ ਰਹੇ ਹਨ ਕਿ ਪੇ ਕਮਿਸ਼ਨ ਲਾਗੂ ਕੀਤਾ ਜਾਵੇ ਜਿਹੜਾ ਕਿ 5-6 ਸਾਲ ਤੋਂ ਰੁਕਿਆ ਹੋਇਆ ਹੈ, ਡੀ.ਏ ਦੀਆਂ ਕਿਸ਼ਤਾਂ ਦਿੱਤੀਆਂ ਜਾਣ, ਪੈਨਸ਼ਨ ਸਕੀਮ ਜਿਹੜੀ ਕਿ 2004-05 ਤੋਂ ਖਤਮ ਹੈ, ਉਹ ਲਾਗੂ ਕੀਤੀ ਜਾਵੇ, ਆਂਗਣਵਾੜੀ ਵਰਕਰਾਂ ਦੀਆਂ ਤਨਖਾਹਾਂ ਵਧਾਈਆਂ ਜਾਣ, ਕੱਚੇ ਵਰਕਰਾਂ ਨੂੰ ਪੱਕਾ ਕੀਤਾ ਜਾਵੇ, ਮੁਲਾਜ਼ਮਾਂ ਦੀਆਂ ਪ੍ਰੋਮੋਸ਼ਨਾਂ ਰੁਕੀਆਂ ਹੋਈਆਂ ਹਨ। ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਿੱਖਿਆ ਮੰਤਰੀ ਜੀ ਬੈਠੇ ਹਨ, ਇਨ੍ਹਾਂ ਨੇ ਪ੍ਰਾਇਮਰੀ ਸਕੂਲਾਂ ਵਿੱਚ ਟੀਚਰਾਂ ਦੀਆਂ ਪ੍ਰੋਮੋਸ਼ਨਾਂ ਕੀਤੀਆਂ ਸਨ, ਜਿਹੜੇ ਆਦਰਸ਼ ਸਕੂਲ ਹਨ, ਉਨ੍ਹਾਂ ਦੇ ਥੋੜ੍ਹੇ ਜਿਹੇ ਮੁਲਾਜ਼ਮਾਂ ਦੀਆਂ ਪ੍ਰੋਮੋਸ਼ਨਾਂ ਰੁਕਣ ਉਨ੍ਹਾਂ ਦੀਆਂ ਤਨਖਾਹਾਂ ਵਿਚੋਂ 2400/- ਰੁਪਏ ਹਨ, ਵਿਚੋਂ 200/- ਰੁਪਿਆ ਕੱਟਿਆ ਜਾ ਰਿਹਾ ਹੈ, ਇਹ ਬੰਦ ਕੀਤਾ ਜਾਵੇ। ਸਰਕਾਰੀ ਅਦਾਰੇ, ਜਿਹੜੇ ਕਿ ਵੇਚੇ ਜਾ ਰਹੇ ਹਨ, ਉਹ ਬੰਦ ਕੀਤੇ ਜਾਣ। ਜਿਹੜੇ 12 ਮੁਲਾਜ਼ਮ ਅਰੈਸਟ ਕੀਤੇ ਗਏ ਹਨ, ਉਨ੍ਹਾਂ ਨੂੰ ਰਿਹਾ ਕੀਤਾ ਜਾਵੇ। ਨਵੇਂ ਮੁਲਾਜ਼ਮ, ਜਿਨ੍ਹਾਂ ਦਾ ਤਿੰਨ ਸਾਲ ਦਾ ਪ੍ਰੋਬੇਸ਼ਨ ਪੂਰਾ ਹੋ ਗਿਆ ਹੈ, ਉਨ੍ਹਾਂ ਨੂੰ ਪੂਰੇ ਸਕੇਲ ਦਿੱਤੇ ਜਾਣ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸਪੀਕਰ ਸਾਹਿਬ, ਮੈਂ ਦੋ ਇਸ਼ੂਜ਼ ਤੇ ਗੱਲ ਕਰਨੀ ਹੈ। ਅੱਜ ਸਵੇਰੇ ਖਬਰ ਮਿਲੀ ਹੈ ਕਿ ਸਾਡੇ ਹਾਊਸ ਦੇ ਐਮ.ਐਲ.ਏ ਅਤੇ ਸਾਬਕਾ ਲੀਡਰ ਆਫ ਦਿ ਆਪੋਜ਼ੀਸ਼ਨ ਦੇ ਘਰ ਈ.ਡੀ. ਨੇ ਛਾਪਾ ਮਾਰਿਆ ਹੈ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਇਕੱਲਾ violation of law ਦਾ ਕੇਸ ਨਹੀਂ ਹੈ, ਇਹ ਕੇਸ political intimidation ਦਾ ਹੈ ਕਿਉਂਕਿ ਸਰਦਾਰ ਸੁਖਪਾਲ ਸਿੰਘ ਖਹਿਰਾ ਵੱਖ ਵੱਖ ਮੁੱਦਿਆਂ ਤੇ ਗੱਲ ਕਰਦੇ ਹਨ, ਚਾਹੇ ਉਹ ਯੂ.ਏ.ਪੀ.ਏ ਦਾ ਮੁੱਦਾ ਹੈ, ਚਾਹੇ ਨਵਰੀਤ ਸਿੰਘ ਕਤਲ ਕੇਸ ਦਾ ਮੁੱਦਾ ਹੈ, ਉਨ੍ਹਾਂ ਬਾਰੇ ਉਨ੍ਹਾਂ ਨੇ ਕੇਂਦਰ ਸਰਕਾਰ ਤੇ ਕਾਫੀ ਅਟੈਕ ਕੀਤਾ ਹੈ ਅਤੇ ਉਸ ਨੂੰ ਆੜੇ ਹੱਥੀਂ ਲਿਆ ਹੈ। ਮੈਂ ਸਮਝਦਾ ਹਾਂ ਕਿ ਉਸ ਦਾ ਹੀ ਨਤੀਜਾ ਹੈ ਕਿ ਅੱਜ ਈ.ਡੀ ਵਲੋਂ ਛਾਪਾ ਮਾਰਿਆ ਗਿਆ ਹੈ। ਇੱਥੇ ਹੀ ਨਹੀਂ, ਤੁਸੀਂ ਦੇਖੋਗੇ ਕਿ ਮੁੰਬਈ ਵਿੱਚ ਐਕਟਰਜ਼, ਪ੍ਰੋਡਿਊਸਰਜ਼ ਤੇ ਈ.ਡੀ ਵਲੋਂ ਛਾਪੇ ਮਾਰੇ ਗਏ ਹਨ। ਈ.ਡੀ ਹੁਣ ਇਕ ਟੂਲ ਬਣ ਚੁੱਕਿਆ ਹੈ। ਕੇਂਦਰ ਸਰਕਾਰ ਦੇ ਖਿਲਾਫ ਜਿਹੜਾ ਵੀ ਕੋਈ ਬੋਲਦਾ ਹੈ, ਉਸ ਨੂੰ ਦਬਾਉਣ ਲਈ ਉਸ ਖਿਲਾਫ ਈ.ਡੀ ਨੂੰ ਵਰਤਦੇ ਹਨ। ਮੈਂ ਸਮਝਦਾ ਹਾਂ ਕਿ ਸਾਨੂੰ ਇਸ ਚੀਜ਼ ਨੂੰ ਕੰਡੈਮ ਕਰਨਾ ਚਾਹੀਦਾ ਹੈ ਕਿ ਜੋ ਕੇਂਦਰ ਸਰਕਾਰ ਦਾ ਲੋਕਤੰਤਰ ਵਿੱਚ ਅਵਾਜ਼ ਦਬਾਉਣ ਦਾ ਰਵੱਈਆ ਅਸੀਂ ਕਦੇ ਸਹਿਣ ਨਹੀਂ ਕਰਾਂਗੇ। ਮੇਰੀ ਬੇਨਤੀ ਹੈ ਕਿ ਇਸ ਮੁੱਦੇ ਸਾਨੂੰ ਇੱਕਠੇ ਹੋਣਾ ਚਾਹੀਦਾ ਹੈ। ਚਾਹੇ ਸਾਡੀ ਸੋਚ ਤੇ ਵਿਚਾਰ ਵਿੱਚ ਵੱਖਰੇਵੇਂ ਹੋ ਸਕਦੇ ਹਨ ਪਰ ਇਸ ਇੱਕ ਡੈਮੋਕ੍ਰੇਟਿਕ ਪ੍ਰਿੰਸੀਪਲ ਦੇ ਅਧਾਰ ਤੇ ਸਾਨੂੰ ਇੱਕ ਸਪੱਸ਼ਟ ਸਟੈਂਡ ਲੈਣਾ ਚਾਹੀਦਾ ਹੈ ਤੇ ਸਾਨੂੰ ਇਹ ਰੈਜੋਲਿਊਸ਼ਨ ਪਾਸ ਕਰਨਾ ਚਾਹੀਦਾ ਹੈ। ਇਹ ਮੇਰੀ ਪਹਿਲੀ ਬੇਨਤੀ ਹੈ।

ਸਪੀਕਰ ਸਾਹਿਬ, ਮੇਰੀ ਦੂਜੀ ਬੇਨਤੀ ਹੈ ਕਿ ਮੇਰੇ ਹਲਕੇ ਵਿੱਚ ....

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਪਹਿਲਾਂ ਇੱਕ ਦਾ ਨਿਪਟਾਰਾ ਕਰਵਾ ਲਵੋ। ਇਨ੍ਹਾਂ ਦੀ ਗੱਲ ਬਿਲਕੁਲ ਠੀਕ ਹੈ ਜੀ।

**ਮਾਨਯੋਗ ਸਪੀਕਰ:** ਚੰਨੀ ਜੀ, ਇਨ੍ਹਾਂ ਦੀ ਗੱਲ ਪੂਰੀ ਹੋ ਲੈਣ ਦਿਉ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਦੂਸਰਾ ਮੇਰੇ ਹਲਕੇ ਦਾ ਕੇਸ ਹੈ। ਉਹ ਤਕਨੀਕੀ ਸਿੱਖਿਆ ਮੰਤਰੀ ਸਰਦਾਰ ਚਰਨਜੀਤ ਸਿੰਘ ਚੰਨੀ ਸਾਹਿਬ ਨਾਲ ਹੀ ਸਬੰਧਤ ਹੈ। ਸਾਡੇ ਹਲਕੇ ਵਿੱਚ ਬੜੇ ਲੰਬੇ ਸਮੇਂ ਤੋਂ ਪੌਲੀਟੈਕਨਿਕ ਕਾਲਜ ਬਾਬਾ ਹੀਰਾ ਸਿੰਘ ਭੱਠਲ ਚੱਲ ਰਿਹਾ ਹੈ। ਤਕਰੀਬਨ ਇੱਕ ਸਾਲ ਤੋਂ ਉਥੋਂ ਦੇ ਮੁਲਾਜ਼ਮਾਂ ਨੂੰ ਤਨਖਾਹਾਂ ਨਹੀਂ ਮਿਲੀਆਂ। ਕਾਲਜ ਨੂੰ ਬੰਦ ਕਰਨ ਦੇ

ਆਦੇਸ਼ ਦਿੱਤੇ ਗਏ ਹਨ। ਉਹ ਕਹਿੰਦੇ ਹਨ ਕਿ ਇਹ ਸੈਲਫ ਫਾਈਨਾਂਸ ਹੈ, ਇਸ ਨੂੰ ਇੱਕ ਸੈਪਰੇਟ ਆਈਡੈਂਟਟੀ ਬਣਾ ਦਿੱਤਾ ਗਿਆ ਸੀ, ਜੇ ਇਸ ਦੇ ਕੋਲ ਸਾਧਨ ਨਹੀਂ ਹਨ ਤਾਂ ਇਸ ਨੂੰ ਬੰਦ ਕਰ ਦਿੱਤਾ ਜਾਵੇ। ਜਿਹੜੇ ਉਥੋਂ ਦੇ ਅਧਿਆਪਕ ਟੀਚਰਜ਼ ਹਨ, ਉਨ੍ਹਾਂ ਨੂੰ ਹੋਰ ਕਿਧਰੇ ਟਰਾਂਸਫਰ ਕੀਤਾ ਜਾ ਰਿਹਾ ਹੈ। ਸੋ, ਮੇਰੀ ਬੇਨਤੀ ਹੈ ਕਿ ਇੱਕ ਪਾਸੇ ਤਾਂ ਸਰਕਾਰ ਨੇ ਬਜਟ ਵਿੱਚ ਬਹੁਤ ਗੱਲਾਂ ਕੀਤੀਆਂ ਹਨ ਕਿ ਅਸੀਂ ਹਾਇਰ ਐਜੂਕੇਸ਼ਨ ਨੂੰ, ਟੈਕਨੀਕਲ ਐਜੂਕੇਸ਼ਨ ਨੂੰ ਪ੍ਰਮੋਟ ਕਰ ਰਹੇ ਹਾਂ। ਦੂਜੇ ਪਾਸੇ ਇੰਨੇ ਇੰਪੌਰਟੈਂਟ ਅਦਾਰੇ ਬੰਦ ਹੋ ਰਹੇ ਹਨ। ਮੈਂ ਬੇਨਤੀ ਕਰਦਾ ਹਾਂ ਕਿ ਉਸ ਨੂੰ ਬੰਦ ਨਾ ਹੋਣ ਦਿੱਤਾ ਜਾਵੇ, ਉਸ ਵਾਸਤੇ ਬਜਟ ਵਿੱਚ ਜ਼ਰੂਰ ਪ੍ਰੋਵੀਜ਼ਨ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਚਲੋ, ਬੈਠੋ ਜੀ। ਹਾਂ ਜੀ, ਰੰਧਾਵਾ ਸਾਹਿਬ, ਤੁਸੀਂ ਕੁਝ ਕਹਿਣਾ ਚਾਹੁੰਦੇ ਸੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦੇ ਮਸਲੇ ਦਾ ਜਵਾਬ ਤਾਂ ਦੇਣਾ ਬਣਦਾ ਹੈ।

**ਮਾਨਯੋਗ ਸਪੀਕਰ:** ਚੰਨੀ ਜੀ, ਤੁਸੀਂ ਜਵਾਬ ਦੇ ਦਿਉ। ਵੈਸੇ ਜ਼ੀਰੋ ਆਵਰ ਵਿੱਚ ਜਵਾਬ ਦੇਣਾ ਜ਼ਰੂਰੀ ਨਹੀਂ ਹੁੰਦਾ ਪਰ ਦੇ ਦਿਉ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਸਪੀਕਰ ਸਾਹਿਬ, ਜੇ ਮੰਤਰੀ ਚਾਹੇ ਤਾਂ ਜਵਾਬ ਦੇ ਸਕਦਾ ਹੈ। ਜੇ ਤੁਹਾਡੀ ਇਜਾਜ਼ਤ ਹੈ, ਬਾਕੀ ਤਾਂ Hon'ble Speaker is all in all. You are like God to us.

**ਮਾਨਯੋਗ ਸਪੀਕਰ :** ਠੀਕ ਹੈ ਜੀ। ਜਵਾਬ ਦੇ ਦਿਉ

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਸਪੀਕਰ ਸਾਹਿਬ, ਪਹਿਲਾਂ ਤਾਂ ਜਿਹੜਾ ਮੈਂਬਰ ਸਾਹਿਬ ਨੇ ਧਿਆਨ ਵਿੱਚ ਲਿਆਂਦਾ ਹੈ ਕਿ ਖਹਿਰਾ ਸਾਹਿਬ ਦੇ ਘਰ ਈ.ਡੀ. ਦੀ ਰੇਡ ਹੋਈ ਹੈ, ਮੈਂ ਇਨ੍ਹਾਂ ਦੀ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹਾਂ। ਇਹ ਗੱਲ ਬਿਲਕੁਲ ਗਲਤ ਹੈ। ਅਨਨੈਸੇਸਰਲੀ, ਬਿਲਕੁਲ ਤਰੀਕੇ ਦੇ ਨਾਲ ਲੋਕ ਨੁਮਾਇੰਦਿਆਂ ਨੂੰ ਦਬਾਇਆ ਜਾ ਰਿਹਾ ਹੈ। ਇਹ ਕੇਂਦਰ ਸਰਕਾਰ ਦੀ ਜਿਹੜੀ ਸੋਚ ਹੈ, ਇਹ ਵਾਕਿਆ ਹੀ ਨਿੰਦਣਯੋਗ ਹੈ। ਜੇਕਰ ਠੀਕ ਸਮਝੋ, ਤਾਂ ਸਾਨੂੰ ਇਸ ਦੇ ਖਿਲਾਫ ਹਾਊਸ ਵਿੱਚ ਮਤਾ ਲੈ ਕੇ ਆਉਣਾ ਚਾਹੀਦਾ ਹੈ। ਅੱਜ ਇੱਕ ਘਰ ਨੂੰ ਅੱਗ ਲੱਗੀ ਹੈ, ਜੇ ਅਸੀਂ ਸਾਰੇ ਜਣੇ ਬੈਠ ਕੇ ਦੇਖਾਂਗੇ ਤਾਂ ਗਲਤ ਹੈ। ਉਨ੍ਹਾਂ ਤੋਂ ਕੀ ਕਰਵਾਉਣਾ ਹੈ, ਉਨ੍ਹਾਂ ਨੂੰ ਕਿਉਂ ਦਬਾਇਆ ਜਾ ਰਿਹਾ ਹੈ, ਅਜੇ ਸਾਨੂੰ ਪਤਾ ਨਹੀਂ ਹੈ ਕਿ ਇਸ ਵਿੱਚ ਉਨ੍ਹਾਂ ਦੀ ਕੀ ਗੱਲ ਹੈ। ਲੇਕਿਨ ਸਾਨੂੰ ਪਤਾ ਹੈ ਕਿ

ਖਹਿਰਾ ਸਾਹਿਬ ਨੇ ਕੀ ਕਮਾ ਲਿਆ ਹੋਵੇਗਾ ਜਾਂ ਕੁਝ ਹੋਰ ਕਰ ਲਿਆ ਹੋਵੇਗਾ ਜੋ ਈ.ਡੀ. ਦੀ ਰੇਡ ਪਈ ਹੈ। ਅਨਨੈਸੇਸਰਲੀ ਇੱਕ ਲੋਕ ਨੁਮਾਇੰਦੇ ਨੂੰ ਦਬਾਉਣ ਵਾਸਤੇ ਕੇਂਦਰ ਸਰਕਾਰ ਦੀਆਂ ਇਸ ਤਰ੍ਹਾਂ ਦੀਆਂ ਹਰਕਤਾਂ ਬਿਲਕੁਲ ਨਿੰਦਣਯੋਗ ਹਨ। ਸਰ, ਇਸ ਬਾਰੇ ਅਵਾਜ਼ਾਂ ਆ ਰਹੀਆਂ ਹਨ ਕਿ ਰੈਜੋਲਿਊਸ਼ਨ ਆਉਣਾ ਚਾਹੀਦਾ ਹੈ, ਇਸ ਦਾ ਖੰਡਨ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਪੰਜਾਬ ਵਿੱਚ ਆਪਣਾ ਦਬਾਅ ਪਾਉਣ ਵਾਸਤੇ ਈ.ਡੀ. ਦੀਆਂ ਰੇਡਜ ਪਵਾ ਕੇ, ਜੋ ਉਨ੍ਹਾਂ ਦੀਆਂ ਅਜਿਹੀਆਂ ਕਾਰਵਾਈਆਂ ਹਨ, ਇਹ ਪੰਜਾਬ ਦੇ ਵਿੱਚੋਂ ਰੋਕਣੀਆਂ ਚਾਹੀਦੀਆਂ ਹਨ। ਪਹਿਲਾਂ ਸੀ.ਐਮ. ਸਾਹਿਬ ਨੇ ਬੜਾ ਤਕੜਾ ਬਿਆਨ ਦਿੱਤਾ ਸੀ ਕਿ ਸੀ.ਬੀ.ਆਈ. ਇੱਥੇ ਆ ਕੇ ਦਿਖਾਵੇ। ਹੁਣ ਈ.ਡੀ. ਵਾਲੇ ਸਾਡੇ ਤੇ ਧੱਕਾ ਕਰਨ ਲੱਗ ਗਏ ਹਨ। ਕੀ ਉਨ੍ਹਾਂ ਨੂੰ ਬੀ.ਜੇ.ਪੀ. ਵਿੱਚ ਮਿਲਾਉਣਾ ਚਾਹੁੰਦੇ ਹਨ? ਉਹ ਨਹੀਂ ਰਲ਼ਦੇ, ਕੀ ਫਿਰ ਇਸ ਤਰ੍ਹਾਂ ਮਿਲਾ ਲੈਣਗੇ? ਜੇ ਕੋਈ ਨੁਮਾਇੰਦਾ ਕਿਸਾਨਾਂ ਦੀ ਅਵਾਜ਼ ਉਠਾਉਂਦਾ ਹੈ ਤਾਂ ਉਸ ਨੂੰ ਇਸ ਤਰ੍ਹਾਂ ਦਬਾਅ ਦੇਣਗੇ? ਅੱਜ ਕਿਸਾਨਾਂ ਤੇ ਈ.ਡੀ. ਤੇ ਸੀ.ਬੀ.ਆਈ. ਦੀਆਂ ਰੇਡਜ਼ ਹੋ ਰਹੀਆਂ ਹਨ, ਆੜ੍ਹਤੀਆਂ ਤੇ ਹੋ ਰਹੀਆਂ ਹਨ, ਪੰਜਾਬ ਵਿੱਚ ਕਿਸਾਨ ਐਜੀਟੇਸ਼ਨ ਨੂੰ ਇਸ ਤਰ੍ਹਾਂ ਦਬਾਉਣਾ ਗਲਤ ਹੈ। ਇਹ ਪੰਜਾਬੀਆਂ ਦੀ ਅਣਖ ਦੀ ਗੱਲ ਹੈ, ਪੰਜਾਬੀਆਂ ਦੀ ਅਣਖ ਨੂੰ ਕੇਂਦਰ ਸਰਕਾਰ ਕਦੇ ਮਾਰ ਨਹੀਂ ਸਕਦੀ।

ਸਪੀਕਰ ਸਾਹਿਬ, ਇਸ ਕਰਕੇ ਮੈਂ ਸਾਰੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਦੇ ਖਿਲਾਫ ਡੱਟ ਕੇ ਖੜ੍ਹੇ ਹੋਣ ਲਈ, ਕਿਸਾਨਾਂ ਦੇ ਨਾਲ ਖੜ੍ਹੇ ਹੋਣ ਲਈ, ਇਸ ਤਰ੍ਹਾਂ ਦੀਆਂ ਹਰਕਤਾਂ ਦੇ ਖਿਲਾਫ ਖੜ੍ਹੇ ਹੋਣ ਲਈ ਇੱਕ ਰੈਜੋਲਿਊਸ਼ਨ ਹਾਊਸ ਵਿੱਚ ਆਵੇ ਅਤੇ ਇਸ ਚੀਜ਼ ਦਾ ਖੰਡਨ ਹੋਣਾ ਚਾਹੀਦਾ ਹੈ।

ਸਪੀਕਰ ਸਾਹਿਬ, ਦੂਸਰਾ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਨੇ ਹੀਰਾ ਸਿੰਘ ਭੱਠਲ ਕਾਲਜ ਦੀ ਗੱਲ ਕੀਤੀ ਹੈ.. (ਵਿਘਨ)

**ਮਾਨਯੋਗ ਸਪੀਕਰ:** ਚੰਦੂਮਾਜਰਾ ਜੀ, ਹਰ ਗੱਲ ਤੇ ਖੜ੍ਹੇ ਨਾ ਹੋਇਆ ਕਰੋ। (ਵਿਘਨ) ਤੁਸੀਂ ਬਹਿ ਜਾਵੋ। ਸਾਰਾ ਹਾਊਸ ਬੈਠਾ ਹੈ। (ਵਿਘਨ) ਤੁਸੀਂ ਬੈਠ ਜਾਵੋ। I am not going to listen. ਤੁਸੀਂ ਬਹਿ ਜਾਵੋ। ਇੱਕ ਮਿੰਟ ਜੀ। ਸਾਰੇ ਹੀ ਬੈਠੋ। ਚੰਨੀ ਜੀ, ਉਨ੍ਹਾਂ ਦੀ ਗੱਲ ਦਾ ਜਵਾਬ ਰਹਿ ਗਿਆ ਹੈ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਹਾਂ ਜੀ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਉਸ ਕਾਲਜ ਬਾਰੇ ਬੀਬੀ ਰਾਜਿੰਦਰ ਕੌਰ ਭੱਠਲ ਜੀ ਨੇ ਵੀ ਸਾਨੂੰ ਚਿੱਠੀ ਲਿਖੀ ਹੈ ਕਿ

ਉਹ ਕਾਲਜ ਬੰਦ ਨਹੀਂ ਹੋਣਾ ਚਾਹੀਦਾ, ਅਸੀਂ ਕਾਲਜ ਬਿਲਕੁਲ ਬੰਦ ਨਹੀਂ ਕਰ ਰਹੇ। ਮੈਂ ਐਫ.ਐਮ. ਸਾਹਿਬ ਨੂੰ ਲਿਖਤੀ ਤੌਰ ਤੇ ਬੇਨਤੀ ਕੀਤੀ ਹੈ ਕਿ ਇੱਕ ਮਲੋਟ ਦਾ ਕਾਲਜ ਹੈ, ਮਿਮਟ ਮਲੋਟ ਅਤੇ ਦੂਸਰਾ ਕਾਲਜ ਹੀਰਾ ਸਿੰਘ ਭੱਠਲ ਹੈ, ਇਹ ਦੋਵੇਂ ਕਾਲਜ ਬੰਦ ਨਹੀਂ ਹੋਣੇ ਚਾਹੀਦੇ। ਸਾਨੂੰ ਫਾਈਨਾਂਸ਼ੀਅਲ ਕਰਾਈਸਿਜ਼ ਹੈ, ਅਸੀਂ ਫਾਈਨਾਂਸ ਨੂੰ ਬੇਨਤੀ ਕੀਤੀ ਹੈ ਕਿ ਕਿ ਅਮਲੇ ਦੀਆਂ ਤਨਖਾਹਾਂ 60:40 ਦੀ ਰੇਸ਼ੋ ਨਾਲ ਕਰਨ। Sir, because we are a welfare State. ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਪੰਜਾਬ ਵਿੱਚ ਨੌਜਵਾਨਾਂ ਨੂੰ ਘੱਟ ਰੇਟਾਂ ਤੇ ਮੁਫ਼ਤ ਪੜ੍ਹਾਈ ਮੁਹੱਈਆ ਕਰਵਾਈਏ। ਮੈਂ ਉਸ ਵਾਸਤੇ ਐਫ.ਐਮ. ਸਾਹਿਬ ਨੂੰ ਕੀਤੀ ਹੈ। ਉਨ੍ਹਾਂ ਤੋਂ ਜਵਾਬ ਆਉਣ ਤੋਂ ਬਾਅਦ ਅਸੀਂ ਇਹ ਪੈਸੇ ਵਾਪਸ ਦੇ ਦਿਆਂਗੇ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਸਾਬਕਾ ਸਰਪੰਚ ਰਹੇ ਹਨ ਜਾਂ ਮੌਜੂਦਾ ਸਰਪੰਚ ਹਨ। ਸਾਡੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਅਤੇ ਗੜ੍ਹਸ਼ੰਕਰ ਹਲਕੇ ਵਿਚ ਜਿੰਨੇ ਵੀ ਸਰਪੰਚ ਹਨ, ਅੱਜ ਤੱਕ ਸਰਕਾਰ ਵੱਲੋਂ ਉਨ੍ਹਾਂ ਨੂੰ ਜਿਹੜਾ ਮਾਣਭੱਤਾ ਅਨਾਊਂਸ ਕੀਤਾ ਗਿਆ ਸੀ, ਉਹ ਨਹੀਂ ਦਿੱਤਾ ਗਿਆ। ਮੈਂ ਸਦਨ ਨੂੰ ਵੀ ਬੇਨਤੀ ਕਰਦਾ ਹਾਂ ਕਿ ਇਹ ਕੇਵਲ ਮਾਣ ਦੀ ਗੱਲ ਹੈ, ਕੇਵਲ ਭੱਤੇ ਦੀ ਨਹੀਂ ਹੈ। ਵਿੱਤ ਕਮਿਸ਼ਨ ਜਾਂ ਮਨਰੇਗਾ ਤੋਂ ਇਲਾਵਾ ਪਿੰਡਾਂ ਨੂੰ ਕੋਈ ਗਰਾਂਟ ਨਹੀਂ ਦਿੱਤੀ ਗਈ। ਜੇਕਰ ਪਿੰਡਾਂ ਨੂੰ ਗਰਾਂਟ ਨਹੀਂ ਦੇ ਸਕਦੇ ਤਾਂ ਘੱਟੋ ਘੱਟੋ ਜਿਹੜਾ ਸਰਪੰਚਾਂ ਦਾ ਮਾਣ ਭੱਤਾ ਬਕਾਇਆ ਰਹਿੰਦਾ ਹੈ ਉਹ ਜ਼ਰੂਰ ਦਿੱਤਾ ਜਾਵੇ। ਧੰਨਵਾਦ ਜੀ।

**ਸਰਦਾਰ ਮਨਜੀਤ ਸਿੰਘ:** ਸਪੀਕਰ ਸਾਹਿਬ, ਮੇਰੇ ਹਲਕੇ ਨਿਹਾਲ ਸਿੰਘ ਵਾਲਾ ਵਿਚ ਇਕ ਰਾਏਕੋਟ ਰਜਬਾਹਾ ਲੰਘਦਾ ਹੈ। ਜਿਹੜਾ ਕਿ ਪਿੰਡ ਬਿਲਾਸਪੁਰ, ਲੋਹਾਰਾ, ਧੂੜਕੋਟ, ਸੈਦੋਂ ਅਤੇ ਰੌਂਤੇ ਨੂੰ ਜਾਂਦਾ ਹੈ। ਪਰ ਇਸ ਦੇ ਮੋਘਿਆਂ ਦੇ ਖਾਲੇ ਚਾਰ ਇੰਚੀ ਹੋਣ ਕਰਕੇ ਪੂਰੀ ਤਰ੍ਹਾਂ ਟੁੱਟ ਚੁੱਕੇ ਹਨ, ਜਿਸ ਕਰਕੇ ਪਾਣੀ ਅੱਗੇ ਜਾਣ ਦੀ ਬਜਾਏ ਪਿੰਡ ਤਖਤੂਪੁਰਾ, ਜਿਹੜਾ ਕਿ ਇਤਿਹਾਸਕ ਪਿੰਡ ਹੈ, ਤਿੰਨ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਹੈ, ਉਸ ਪਿੰਡ ਦੇ ਖਤਾਨਾਂ ਵਿਚ ਚਲੇ ਜਾਂਦਾ ਹੈ, ਜਿਸ ਕਰਕੇ ਸਬੰਧਤ ਕਿਸਾਨਾਂ ਨੂੰ ਪ੍ਰੇਸ਼ਾਨੀ ਹੁੰਦੀ ਹੈ। ਸੋ, ਕ੍ਰਿਪਾ ਕਰਕੇ ਉਹ ਖਾਲੇ 9 ਇੰਚੀ ਬਣਾਏ ਜਾਣ ਅਤੇ ਸੂਆ ਵੀ ਕਾਫੀ ਥਾਵਾਂ ਤੋਂ ਟੁੱਟਿਆ ਹੋਇਆ ਹੈ, ਇਸ ਦੀ ਵੀ ਰਿਪੇਅਰ ਕਰਵਾਈ ਜਾਵੇ। ਸਪੀਕਰ ਸਾਹਿਬ, ਇਕ ਹੋਰ ਮਸਲਾ ਹੈ ਇਕ ਕਾਨੂੰਨ ਹੈ ਕਿ ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੀ ਸਾਰੀ ਪ੍ਰਾਪਰਟੀ ਉਸਦੇ ਵਾਰਸਾਂ ਦੇ ਨਾਮ ਹੋ ਜਾਂਦੀ ਹੈ, ਜ਼ਮੀਨ ਦੇ ਨਾਲ ਨਾਲ

ਬਿਜਲੀ ਦਾ ਮੋਟਰ ਕੁਨੈਕਸ਼ਨ ਵੀ ਵਾਰਸਾਂ ਦੇ ਨਾਮ ਹੋ ਜਾਂਦਾ ਹੈ ਪ੍ਰੰਤੂ ਜੇਕਰ ਕਿਸੇ ਵਿਅਕਤੀ ਕੋਲ ਇਕ ਏਕੜ ਤੋਂ ਘੱਟ ਜ਼ਮੀਨ ਹੋਵੇ ਤਾਂ ਅਜਿਹੇ ਹਾਲਾਤ ਵਿਚ ਜ਼ਮੀਨ ਤਾਂ ਵਾਰਸਾਂ ਦੇ ਨਾਮ ਲੱਗ ਜਾਂਦੀ ਹੈ ਪਰ ਮੋਟਰ ਕੁਨੈਕਸ਼ਨ ਸਬੰਧੀ ਮਹਿਕਮਾ ਕਹਿ ਦਿੰਦਾ ਹੈ ਕਿ ਜ਼ਮੀਨ ਇਕ ਏਕੜ ਤੋਂ ਘੱਟ ਹੈ। ਸੋ ਇਸ ਦਾ ਵੀ ਕੋਈ ਹੱਲ ਕੱਢਿਆ ਜਾਵੇ। ਧੰਨਵਾਦ ਜੀ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਅਤੇ ਸਰਦਾਰ ਅਮਰਜੀਤ ਸਿੰਘ ਸੰਦੋਆ ਆਪਣੀ ਸੀਟ ਤੋਂ ਖੜੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਮੀਤ ਜੀ, ਤੁਸੀਂ ਕਾਲ ਅਟੈਂਸ਼ਨ ਤੇ ਬੋਲਣਾ ਹੈ, ਹੁਣ ਤੁਸੀਂ ਬਹਿ ਜਾਓ। ਸੰਦੋਆ ਜੀ, ਤੁਸੀਂ ਕਈ ਵਾਰ ਬੋਲ ਲਏ ਹੋ, ਇਸ ਤਰ੍ਹਾਂ ਨਾ ਕਰੋ। ਹਾਂ ਜੀ, ਸਿਮਰਜੀਤ ਸਿੰਘ ਬੈਂਸ ਸਾਹਿਬ, ਤੁਸੀਂ ਬੋਲੋ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਮੈਂ ਇਕ ਕਾਲ ਅਟੈਂਸ਼ਨ ਦਿੱਤੀ ਸੀ, ਜੋ ਤੁਸੀਂ ਰਿਜੈਕਟ ਕਰ ਦਿੱਤੀ। ਪੂਰੇ ਦੇਸ਼ ਦੇ ਅੰਦਰ ਜਿਹੜਾ ਈ.ਵੀ.ਐਮ. ਦਾ ਭੂਤ ਲੋਕਾਂ ਨੂੰ ਡਰਾ ਰਿਹਾ ਹੈ, ਈ.ਵੀ.ਐਮ. ਦੀ ਜਗ੍ਹਾ ਬੈਲਟ ਪੇਪਰ ਲੈ ਕੇ ਆਓ। ਉਸ ਬਾਰੇ ਇਹ ਕਾਲ ਅਟੈਂਸ਼ਨ ਸੀ। ਤੁਸੀਂ ਇਸ ਨੂੰ ਅਸਵੀਕਾਰ ਕਰਦੇ ਹੋਏ ਲਿਖ ਦਿੱਤਾ ਕਿ ਇਹ ਸਟੇਟ ਅਸੰਬਲੀ ਦਾ ਸਬਜੈਕਟ ਨਹੀਂ, ਰਾਜ ਦਾ ਵਿਸ਼ਾ ਨਹੀਂ ਹੈ।

**ਮਾਨਯੋਗ ਸਪੀਕਰ:** ਹਾਂ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਮੈਂ ਬੜਾ ਪੜਨ ਤੋਂ ਬਾਅਦ ਇਹ ਕਾਲ ਅਟੈਂਸ਼ਨ ਮੂਵ ਕੀਤੀ ਸੀ। ਮਹਾਂਰਾਸ਼ਟਰ ਅਬੰਸਲੀ ਵਿਚ ਉਸ ਅਸੰਬਲੀ ਦੇ ਸਤਿਕਾਰਯੋਗ ਸਪੀਕਰ ਸ਼੍ਰੀ ਨਾਨਾ ਪਟੋਲੇ ਜੀ ਨੇ ਇਕ ਕਮੇਟੀ ਦਾ ਗਠਨ ਕੀਤਾ ਹੈ। ਭਾਰਤੀ ਸੰਵਿਧਾਨ ਦੇ ਆਰਟੀਕਲ 328 ਦੇ ਤਹਿਤ ਸਟੇਟ ਅਸੰਬਲੀ ਇੰਪਾਵਰਡ ਹੈ ਕਿ ਉਸ ਨੇ ਵੋਟਾਂ ਈ.ਵੀ.ਐਮ. ਤੇ ਕਰਵਾਉਣੀਆਂ ਹਨ ਜਾਂ ਬੈਲਟ ਪੇਪਰ ਤੇ ਕਰਵਾਉਣੀਆਂ ਹਨ। ਕਮੇਟੀ ਦੀ ਰਿਪੋਰਟ ਆ ਗਈ ਹੈ।ਰਿਪੋਰਟ ਆਉਣ ਤੋਂ ਬਾਅਦ ਮਹਾਂਰਾਸ਼ਟਰਾ ਅਸੰਬਲੀ ਦੇ ਸਪੀਕਰ ਨੇ ਮਹਾਂਰਾਸ਼ਟਰਾ ਸਰਕਾਰ ਨੂੰ ਕਿਹਾ ਹੈ ਕਿ ਇਸ ਤੇ ਬਿਲ ਲੈ ਕੇ ਆਓ। ਅਗਲੇ ਸੈਸ਼ਨ ਵਿਚ ਉਹ ਬਿਲ ਆ ਰਿਹਾ ਹੈ।ਸਪੀਕਰ ਸਾਹਿਬ, ਤੁਸੀਂ ਸਾਡੇ ਸਤਿਕਾਰਯੋਗ

ਹੋ। ਸੱਤਵੇਂ ਸ਼ਡਿਊਲ ਦੀ ਜਿਹੜੀ ਲੜਾਈ ਬਾਰਡਰਾਂ ਤੇ ਕਿਸਾਨ ਲੜ ਰਿਹਾ ਹੈ। ਸੱਤਵੇਂ ਸ਼ਡਿਊਲ ਦੀ 14ਵੀਂ ਅਤੇ 28ਵੀਂ ਐਂਟਰੀ ਇਹ ਸਾਡੇ ਸਟੇਟ ਦੇ ਸਬਜੈਕਟ ਸੀ, ਜਿਨ੍ਹਾਂ ਤੇ ਕੇਂਦਰ ਦਾ ਡਾਕਾ ਵੱਜ ਰਿਹਾ ਹੈ। ਸਟੇਟ ਦੇ ਸਾਰੇ ਅਧਿਕਾਰ, ਜਿਸ ਵਿਚ ਸਟੇਟ ਅਸੰਬਲੀ ਨੂੰ ਤਾਕਤਾਂ ਮਿਲੀਆਂ ਹਨ।

**ਮਾਨਯੋਗ ਸਪੀਕਰ:** ਇਕ ਮਿੰਟ ਜੀ, ਬੈਂਸ ਸਾਹਿਬ, ਜਿਹੜੀ ਗੱਲ ਤੁਸੀਂ ਕਹੀ ਹੈ, ਤੁਹਾਡੀ ਗੱਲ ਵਿਚ ਵੇਟ ਹੈ। ਅਸੀਂ ਇਸ ਨੂੰ ਐਗਜ਼ਾਮਿਨ ਕਰਵਾ ਲੈਂਦੇ ਹਾਂ। ਹਾਂ ਜੀ, ਸਿੱਧੂ ਸਾਹਿਬ।

**ਸਰਦਾਰ ਨਵਜੋਤ ਸਿੰਘ ਸਿੱਧੂ:** ਸਪੀਕਰ ਸਾਹਿਬ, ਜੋ ਬੈਂਸ ਸਾਹਿਬ ਨੇ ਗੱਲ ਕੀਤੀ ਹੈ, ਮੈਂ ਇਸ ਦਾ ਪੁਰਜ਼ੋਰ ਸਮਰਥਨ ਕਰਦਾ ਹਾਂ। ਇਸ ਦੇ ਕੁੱਝ ਕਾਰਨ ਹਨ। ਸਪੀਕਰ ਸਾਹਿਬ, ਦੁਨੀਆਂ ਦੇ ਵਿਚ ਫਸਟ ਵਰਲਡ ਕੰਟਰੀਜ਼ ਨੂੰ ਅਸੀਂ ਫਾਲੌਅ ਕਰਦੇ ਹਾਂ। ਫਸਟ ਵਰਲਡ ਕੰਟਰੀਜ਼ ਡਿਵੈਲਪਮੈਂਟ ਅਤੇ ਹਰ ਪੱਖੋਂ ਇਕ ਐਗਜ਼ਾਂਪਲ ਹਨ। ਸਪੀਕਰ ਸਾਹਿਬ, ਅਮਰੀਕਾ ਔਰ ਇੰਗਲੈਂਡ ਦੋਹਾਂ ਦੇ ਵਿਚ ਈ.ਵੀ.ਐਮ. ਨਾ ਮੰਨਜ਼ੂਰ ਹੋਇਆ ਹੈ। ਇਸ ਦੇ ਬਕਾਇਦਾ ਕਾਰਨ ਦਿੱਤੇ ਗਏ ਹਨ ਕਿ ਕੋਈ ਵੀ ਟੈਕਨਾਲੋਜੀ ਨੂੰ ਤੁਸੀਂ ਮੈਨਿਊਪੁਲੇਟ ਕਰ ਸਕਦੇ ਹੋ ਲੇਕਿਨ ਜਿਹੜੀਆਂ ਪਰਚੀਆਂ ਹਨ, ਉਹ ਮੈਨਿਊਪੁਲੇਟ ਨਹੀਂ ਹੋ ਸਕਦੀਆਂ। ਇਸੇ ਪਾਕ ਸਦਨ ਦੇ ਵਿਚ ਆਪਣੇ ਇਕ ਐਮ.ਐਲ.ਏ. ਸਾਹਿਬ, ਜਿਹੜੇ ਉਮਰ ਵਿਚ ਸਭ ਤੋਂ ਛੋਟੇ ਹਨ। ਜਦੋਂ ਇਲੈਕਸ਼ਨ ਹੋਇਆ ਲੋਕ ਸਭਾ ਦਾ ਉਨ੍ਹਾਂ ਦੇ ਫਾਦਰ ਸਾਹਿਬ ਨੇ ਪ੍ਰੈਸ ਕਾਨਫਰੰਸ ਕਰਕੇ ਕਚਹਿਰੀਆਂ ਵਿੱਚ ਵੀ ਦਰਖਾਸਤ ਦਿੱਤੀ ਸੀ। ਸਪੀਕਰ ਸਾਹਿਬ, ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ 16 ਰਾਊਂਡ ਹੋਣ ਅਤੇ 16 ਰਾਊਂਡਸ ਦੇ ਵਿੱਚ 37/53 ਦਾ ਫਰਕ ਹੋਵੇ। Humanly not possible. ਇਹ ਲੋਕਤੰਤਰ ਦਾ ਸਭ ਤੋਂ ਵੱਡਾ ਘਾਣ ਹੈ। ਮੈਂ ਜੋ ਚੰਨੀ ਭਾਅਜੀ ਨੇ ਕਿਹਾ ਉਸ ਦਾ ਸਮਰਥਨ ਕਰਦਾ ਹਾਂ ਅਤੇ ਜੋ ਪਹਿਲਾਂ ਗੱਲ ਹੋਈ ਕਿ ਸੰਸਥਾਵਾਂ ਕਥਪੁਤਲੀਆਂ ਬਣਾ ਦਿੱਤੀਆਂ ਹਨ। Politicization of the institutions. ਕਿੰਨੇ ਦੁੱਖ ਦੀ ਗੱਲ ਹੈ ਕਿ ਪਾਰਲੀਮੈਂਟ ਵਿੱਚ ਇੱਕ ਮੈਂਬਰ ਚੀਫ ਜਸਟਿਸ ਆਫ ਇਡੀਆ ਦੇ ਉੱਤੇ ਇਲਜ਼ਾਮ ਲਗਾਵੇ, ਉਂਗਲ ਚੁੱਕੇ ਅਤੇ ਉਸ ਚੀਫ ਜਸਟਿਸ ਨੂੰ ਰਾਜ ਸਭਾ ਦਾ ਮੈਂਬਰ ਬਣਾਇਆ ਜਾਵੇ। ਇਹ ਪਾਕ ਸਦਨ ਮੈਨੂੰ ਹੱਕ ਦਿੰਦੀ ਹੈ, ਮੈਨੂੰ ਹੱਕ ਦਿੰਦੀ ਹੈ ਕਿ ਮੈਂ ਲੋਕਾਂ ਦੀ ਆਵਾਜ਼ ਚੁੱਕਾ। ਜਦੋਂ ਮੈਰਿਟ ਇਗਨੋਰ ਹੁੰਦੀ ਹੈ, ਜਦੋਂ ਇਹ ਹੁੰਦਾ ਕਿ 16 ਰਾਊਂਡਾਂ ਦੇ ਵਿੱਚ 37/53, 37/53 ਹੁੰਦੀ ਹੈ। ਘੁਬਾਇਆ ਸਾਹਿਬ, ਮੈਂ ਸਮਰਥਨ ਕਰਦਾ ਹਾਂ। ਕਿਉਂਕਿ ਜੇ ਅਸੀਂ ਇਹ ਨਾ ਕੀਤਾ ਤਾਂ ਕੀ ਕੀਤਾ। ਮੈਂ ਕਿਸਾਨਾਂ ਦੀਆਂ ਗੱਲਾਂ ਸੁਣਦਾ ਸੀ। ਉਥੇ ਸਾਰੇ ਠੋਕ ਕੇ ਕਹਿੰਦੇ ਹਨ ਕਿ EVMs ਦੇ ਨਾਲ ਬਦਮਾਸ਼ੀ ਹੋਈ ਹੈ। ਮੈਂ

ਤੁਹਾਨੂੰ ਕਹਿੰਦਾ ਹਾਂ, ਛਾਤੀ ਠੋਕ ਕੇ ਕਹਿੰਦਾ ਹਾਂ, ਟਿਕਾ ਕੇ ਕਹਿੰਦਾ ਹਾਂ ਕਿ ਤੁਸੀਂ ਈ.ਵੀ.ਐਮ ਦੇ ਨਾਲ ਪੰਜਾਬ ਵਿੱਚ ਇਲੈਕਸ਼ਨ ਨਾ ਹੋਣ ਦਿਓ, ਪੰਜਾਬ ਵਿੱਚ ਜੇ ਇੱਕ ਵੀ ਸੀਟ ਜਿੱਤ ਗਈ ਇਹ ਸੈਂਟਰ ਦੀ ਸਰਕਾਰ ਤਾਂ ਮੈਂ ਮਾਂ ਦਾ ਪੁੱਤ ਨਹੀਂ ਹੈ। (ਥੰਪਿੰਗ) ਸਵਾਲ ਇਹ ਹੈ ਕਿ ਇਹ ਜਿਹੜੇ ਤੋੜ ਮੋੜ , ਇਹ ਜਿਹੜੀਆਂ ਚਾਬੀਆਂ ਕੱਸੀਆਂ, ਇਨ੍ਹਾਂ ਦੇ ਖਿਲਾਫ ਵਿਰੋਧ ਵਿੱਚ ਉਠੀਏ, ਇਥੇ ਪਾਰਟੀਆਂ ਦਾ ਮਸਲਾ ਨਹੀਂ ਹੈ, ਇਥੇ ਲੋਕਤੰਤਰ ਦਾ ਮਸਲਾ ਹੈ। ਸੀ.ਬੀ.ਆਈ, ਰਾਅ, ਇਹ ਵੱਡੀਆਂ ਵੱਡੀਆਂ ਇੰਸਟੀਚਿਊਸ਼ਨਜ਼, ਜੁਡੀਸ਼ਰੀ, ਕਤਲ ਕਰ ਦਿੱਤੇ ਜੱਜਾਂ ਦੇ , ਬਾਹ ਮਰੋੜਦੇ ਹਨ। ਜਿਥੇ ਦੇਖਦੇ ਹਨ, ਈ.ਡੀ. ਦੀ ਰੇਡ ਪਾ ਦਿੰਦੇ ਹਨ। ਮੈਂ ਕਹਿੰਦਾ ਹਾਂ ਕਿ ਚੰਦ ਲੋਕ ਇਹੋ ਜਿਹੇ ਹਨ ਜਿਨ੍ਹਾਂ ਦੀ ਬਾਂਹ ਨਹੀਂ ਮਰੋੜੀ ਜਾਂਦੀ, ਉਨ੍ਹਾਂ ਦੇ ਗੋਲੀਆਂ ਵਰਾ ਦਿੰਦੇ ਹਨ। ਸਪੀਕਰ ਸਾਹਿਬ, ਕਾਇਰ ਆਦਮੀ ਹਰ ਰੋਜ਼ ਸੋ ਵਾਰ ਮਰਦਾ ਹੈ, ਲੇਕਿਨ ਬਹਾਦਰ ਸਰਦਾਰ ਭਗਵਾਨ ਸਿੰਘ ਸਿੱਧੂ ਦਾ ਸਪੁੱਤਰ ਜ਼ਿੰਦਗੀ ਵਿੱਚ ਇੱਕ ਵਾਰ ਮਰੇਗਾ। ਇਹ ਸੱਚੀ ਗੱਲ ਹੈ। ਇਹ ਬਹੁਤ ਵੱਡੀ ਗੱਲ ਹੈ। ਮੈਂ ਬੈਠਾ ਸੀ, ਚੁੱਪ ਸੀ ਪਰ ਇਸ ਮੁੱਦੇ ਦੇ ਉੱਤੇ ਮੈਨੂੰ ਕਿਤੇ ਖੜਾ ਲੈਣਾ, ਚਾਹੇ ਮੇਰਾ ਸਭ ਕੁਝ ਚਲਾ ਜਾਏ ਲੇਕਿਨ ਇਹ ਲੋਕਤੰਤਰ ਦਾ ਸਭ ਤੋਂ ਵੱਡਾ ਘਾਣ ਹੈ। ਮਤਾ ਇਸ ਦੇ ਉੱਤੇ ਆਉਣਾ ਚਾਹੀਦਾ ਹੈ। ਫਿਰ ਪਤਾ ਲੱਗੇਗਾ ਕਿ ਕੌਣ ਕਿੰਨੇ ਪਾਣੀ ਵਿੱਚ ਹੈ। ਫਿਰ ਪਤਾ ਲੱਗੇਗਾ ਕਿ ਇਲੈਕਸ਼ਨ ਕਿਸ ਤਰ੍ਹਾਂ ਹੁੰਦੇ ਹਨ। ਕਿਹੜੇ ਭਾਅ ਵਿਕਦੀ ਹੈ। ਇਲੈਕਸ਼ਨ ਲੋਕਾਂ ਦੇ ਵਾਸਤੇ ਸਭ ਤੋਂ ਵੱਡਾ ਮਾਪਦੰਡ ਹੈ। ਲੋਕਾਂ ਦੀ ਸਿਲੈਕਸ਼ਨ ਇਨ੍ਹਾਂ ਨੇ ਖਤਮ ਕਰ ਦਿੱਤੀ ਹੈ। ਕਿੱਥੇ ਕਿੱਥੇ ਤਾਰ ਜੁੜੇ ਹੋਏ ਹਨ। ਕਿੱਥੋਂ ਕਿੱਥੋਂ ਆਈ.ਏ.ਐਸ ਅਫਸਰਾਂ ਨੇ ਅਸਤੀਫੇ ਦਿੱਤੇ। ਕਿੱਥੋ ਕਿੱਥੋਂ ਪਰੂਫ ਦਿੱਤੇ ਫਿਰ ਵੀ ਜੂ ਨਹੀਂ ਰੇਂਗਦੀ। ਇਹ ਲੋਕਤੰਤਰ ਹੈ, ਗੁੰਡਾਤੰਤਰ ਨਹੀਂ, ਡੰਡਾਤੰਤਰ ਨਹੀਂ ਹੈ ਅਤੇ ਈ.ਵੀ.ਐਮ ਤੰਤਰ ਵੀ ਨਹੀਂ ਹੈ। ਮੈਂ ਛਾਤੀ ਠੋਕ ਕੇ ਕਹਿੰਦਾ ਹਾਂ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਬੜੇ ਹੀ ਅਹਿਮ ਮਸਲੇ ਤੇ ਗੱਲਬਾਤ ਸ਼ੁਰੂ ਹੋ ਚੁੱਕੀ ਹੈ ਅਤੇ ਈ.ਵੀ.ਐਮ ਦਾ ਮਾਮਲਾ ਸਾਹਮਣੇ ਆਇਆ ਹੈ। ਬਿਲਕੁਲ ਇਸ ਦੇ ਵਿੱਚ ਕੋਈ ਸ਼ਕ ਨਹੀਂ ਹੈ ਕਿ ਪੂਰੇ ਦੇਸ਼ ਦੇ ਅੰਦਰ ਬਹੁਤ ਸਾਰੇ ਲੋਕ ਇਸ ਤੇ ਗੱਲ ਕਰ ਰਹੇ ਹਨ ਕਿ ਈ.ਵੀ.ਐਮ ਦੇ ਨਾਲ ਸਰਕਾਰਾਂ ਬਣ ਰਹੀਆਂ ਹਨ। ਜਿਵੇਂ ਤੁਸੀਂ ਕਿਸੇ ਇੱਕ ਦੇ ਹੱਕ ਵਿੱਚ ਵੋਟ ਪਾਓ, ਈ.ਵੀ.ਐਮ. ਰਾਹੀਂ ਜਿਸ ਨੂੰ ਜਿਤਾਉਣਾ ਉਸ ਦੇ ਹੱਕ ਵਿੱਚ ਵੋਟ ਚਲੀ ਜਾਂਦੀ ਹੈ। ਸਾਡੀ ਪਾਰਟੀ ਵੱਲੋਂ ਦਿੱਲੀ ਦੀ ਅਸੈਂਬਲੀ ਦੇ ਅੰਦਰ ਇੱਕ ਇੰਜੀਨੀਅਰ ਬੁਲਾ ਕੇ ਇੱਕ Mock test ਕੀਤਾ ਗਿਆ ਸੀ, ਸਾਡੇ ਭਾਰਦਵਾਜ ਸਾਹਿਬ ਐਮ.ਐਲ.ਏ ਹਨ, ਉਨ੍ਹਾਂ ਨੇ ਦਿਖਾਇਆ ਸੀ ਕਿ ਕਿਸ ਤਰ੍ਹਾਂ machine

tampering ਹੁੰਦੀ ਹੈ। ਅਸੀਂ ਲੋਕਾਂ ਵਿੱਚ ਇਹ ਮਸਲਾ ਲੈ ਕੇ ਗਏ ਸੀ ।ਕੇਂਦਰ ਸਰਕਾਰ ਸਾਨੂੰ ਸਭ ਨੂੰ ਪਤਾ ਹੈ ਕਿ ਈ.ਵੀ.ਐਮ ਦੇ ਨਾਲ ਬਣਦੀ ਹੈ। ਇੱਕਲਾ ਇੱਕਲਾ ਬੱਚਾ ਇਹ ਗੱਲ ਜਾਣਦਾ ਹੈ। ਜਿਵੇਂ ਕਿ ਸਿੱਧੂ ਸਾਹਿਬ ਨੇ ਕਿਹਾ ਹੈ ਕਿ ਜਿਹੜੀ ਪਾਰਟੀ ਅੱਜ ਦੇਸ਼ ਦੇ ਵਿੱਚ ਕਾਲੇ ਬਿਲ ਲੈ ਕੇ ਆਈ ਹੈ ਅਤੇ ਜਿਸ ਪਾਰਟੀ ਨੇ ਕਾਲੇ ਬਿਲ ਲਿਆਂਦੇ ਹਨ, ਜੇਕਰ ਦੇਸ਼ ਦੀਆਂ ਜਿਹੜੀਆਂ ਅਗਲੀਆਂ ਵੋਟਾਂ ਪਰਚੀ ਰਾਹੀਂ ਪੈਣ ਤਾਂ ਉਨ੍ਹਾਂ ਲੋਕਾਂ ਦਾ ਪੰਜਾਬ ਦੇ ਵਿੱਚੋਂ ਸਫਾਇਆ ਹੋਵੇਗਾ। ਉਨ੍ਹਾਂ ਨੂੰ ਲੋਕਾਂ ਨੇ ਕਦੇ ਮੂੰਹ ਨਹੀਂ ਲਗਾਉਣਾ ਹੈ। ਜਦੋਂ ਪਿੰਡਾਂ ਵਿੱਚ ਅਸੀਂ ਜਾਂਦੇ ਹਾਂ, ਤੁਸੀਂ ਵੀ ਜਦੋਂ ਜਾਂਦੇ ਹੋ ਤਾਂ ਲੋਕ ਤੁਹਾਨੂੰ ਵੀ ਇਹੀ ਕਹਿੰਦੇ ਹਨ ਕਿ ਇਹ ਈ.ਵੀ.ਐਮ ਵਾਲਾ ਖੇਲ ਬੰਦ ਕਰੋ। ਵੱਡੇ ਵੱਡੇ ਮੁਲਕਾਂ ਨੇ ਅਮਰੀਕਾ, ਜਰਮਨ, ਫਰਾਂਸ, ਇਹ ਜਿਹੜੇ ਕਿ ਬੜੇ high technology ਵਾਲੇ ਦੇਸ਼ ਹਨ, ਜਿਨ੍ਹਾਂ ਮੁਲਕਾਂ ਵਿੱਚ technology ਬਹੁਤ ਜ਼ਿਆਦਾ ਅੱਗੇ ਵਧੀ ਹੋਈ ਹੈ, ਜਦੋਂ ਉਹ ਬੰਦ ਕਰ ਸਕਦੇ ਹਨ, ਅਸੀਂ ਤਾਂ ਫਿਰ ਵੀ ਡਿਵੈਲਪਮੈਂਟ ਦੇ ਵਿੱਚੋਂ ਨਿਕਲ ਰਹੇ ਹਾਂ, ਅਸੀਂ ਕਿਉਂ ਨਹੀਂ ਬੰਦ ਕਰਦੇ। ਸਪੀਕਰ ਸਾਹਿਬ, ਸੋ ਮੈਂ ਹਾਊਸ ਨੂੰ ਇਹੀ ਪ੍ਰਾਥਨਾ ਕਰਾਂਗਾ ਕਿ ਸਾਨੂੰ ਅੱਜ ਇੱਕ ਰੈਜ਼ੋਲਿਊਸ਼ਨ ਅਡਾਪਟ ਕਰਨਾ ਚਾਹੀਦਾ ਹੈ, ਸਾਨੂੰ ਇੱਕ ਮਤਾ ਲੈ ਕੇ ਆਉਣਾ ਚਾਹੀਦਾ ਹੈ ਕਿ ਈ.ਵੀ.ਐਮ ਦੇ ਨਾਲ ਪੂਰੇ ਦੇਸ਼ ਵਿੱਚ ਵੋਟਾਂ ਨਾ ਪੈਣ। ਖਾਸ ਤੌਰ ਤੇ ਪੰਜਾਬ ਸਰਕਾਰ ਐਨਸ਼ਿਓਰ ਕਰੇ ਕਿ ਜਿਹੜੀਆਂ ਅਗਲੀਆਂ ਇਲੈਕਸ਼ਨਾਂ ਪੰਜਾਬ ਦੇ ਵਿੱਚ ਹੋਣਗੀਆਂ ਚਾਹੇ ਉਹ ਪੰਚਾਇਤਾਂ ਦੀਆਂ ਹਨ, ਮਿਉਂਸਪਲ ਕਮੇਟੀਆਂ ਦੀਆਂ ਹਨ ਜਾਂ ਫਿਰ ਐਮ.ਐਲ.ਏ/ਐਮ.ਪੀ ਦੀਆਂ ਹਨ, ਸਾਰੀਆਂ ਵੋਟਾਂ ਪਰਚੀਆਂ ਰਾਹੀਂ ਹੋਣ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਐਨ.ਕੇ. ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ ।)

**ਮਾਨਯੋਗ ਸਪੀਕਰ** : ਤੁਸੀਂ ਬੋਲ ਚੁੱਕੇ ਹੋ, ਹੁਣ ਤੁਹਾਡੇ ਵੱਲੋਂ ਸ਼ਰਨਜੀਤ ਢਿੱਲੋਂ ਬੋਲਣਗੇ। ਤੁਹਾਡੇ ਗਰੁੱਪ ਵੱਲੋਂ ਹੁਣ ਸਿਰਫ ਸ਼ਰਨਜੀਤ ਢਿੱਲੋਂ ਬੋਲਣਗੇ। ਮੈਂ ਬੈਲੇਂਸ ਬਣਾ ਕੇ ਰੱਖਣਾ ਹੈ, ਹੁਣ ਤੁਸੀਂ ਨਹੀਂ ਬੋਲੋਗੇ।

**ਸ਼੍ਰੀ ਕੰਵਰ ਸੰਧੂ** : ਸਪੀਕਰ ਸਾਹਿਬ, ਕਿਉਂਕਿ ਈ.ਵੀ.ਐਮ. ਤੇ ਮੇਰਾ ਖਿਆਲ ਹੈ ਕਿ ਜੋ ਨਵਜੋਤ ਸਿੰਘ ਸਿੱਧੂ ਨੇ ਕਿਹਾ ਹੈ, ਉਹ ਬਿਲਕੁਲ ਕਨਕਲੂਸਿਵ ਹੀ ਗੱਲ ਕੀਤੀ ਹੈ। ਮੇਰਾ ਖਿਆਲ ਹੈ ਕਿ ਇਸ ਤੇ ਹੋਰ ਕੁਝ ਕਹਿਣ ਦੀ ਜ਼ਰੂਰਤ ਨਹੀਂ ਹੈ। ਜਿਹੜਾ ਪੁਰਾਣਾ ਮਸਲਾ ਪਰਮਿੰਦਰ ਸਿੰਘ ਢੀਂਡਸਾ ਅਤੇ ਚੰਨੀ ਸਾਹਿਬ ਨੇ ਰੇਜ਼ ਕੀਤਾ ਸੀ ਮੈਂ ਉਸ ਤੇ ਫਿਰ ਤੋਂ ਜਾਣਾ ਚਾਹੁੰਦਾ ਹਾਂ। ਜਿਹੜਾ ਅੱਜ ਸਵੇਰੇ ਸੁਖਪਾਲ

ਸਿੰਘ ਖਹਿਰਾ ਦੇ ਚੰਡੀਗੜ੍ਹ ਅਤੇ ਰਾਮਗੜ੍ਹ ਘਰ ਤੇ ਈ.ਡੀ. ਦੀ ਰੇਡ ਹੋਈ ਹੈ, ਇਸ ਦੀ ਜੋ ਟਾਈਮਿੰਗ ਹੈ, ਵੈਸੇ ਤਾਂ ਰੇਡ ਹੀ ਬਹੁਤ ਮੰਦਭਾਗੀ ਹੈ, ਪਰ ਟਾਈਮਿੰਗ ਵੀ ਗਲਤ ਹੈ। ਜਿਸ ਵੇਲੇ ਹਾਊਸ ਦਾ ਇਜਲਾਸ ਚੱਲ ਰਿਹਾ ਹੈ, ਇਹ ਰੇਡ ਹਾਊਸ ਦੀ ਫੰਕਸ਼ਨਿੰਗ ਨਾਲ ਇੰਟਰਫੇਰੈਂਸ ਹੈ। ਇਸ ਦਾ ਸਾਨੂੰ ਸਾਰਿਆਂ ਨੂੰ ਬਹੁਤ ਸੀਰੀਅਸ ਨੋਟਿਸ ਲੈਣਾ ਚਾਹੀਦਾ ਹੈ। ਸਿਰਫ ਇਹੋ ਹੀ ਨਹੀਂ, ਸਪੀਕਰ ਸਾਹਿਬ ਲਾਅ ਐਂਡ ਆਰਡਰ ਸਟੇਟ ਸਬਜੈਕਟ ਹੈ। ਕੀ ਈ.ਡੀ. ਨੇ ਇਸ ਮਸਲੇ ਤੇ ਆਨਰੇਬਲ ਸਪੀਕਰ ਨੂੰ ਜਾਂ ਪੰਜਾਬ ਸਰਕਾਰ ਨੂੰ ਕਾਨਫੀਡੈਂਸ ਵਿੱਚ ਲਿਆ ਹੈ ਕਿ ਅਸੀਂ ਇਹ ਰੇਡ ਕਰਨੀ ਹੈ? ਅਦਰਵਾਈਜ਼ ਜੇਕਰ ਇਹ ਰੇਡਜ਼ ਦੁਬਾਰਾ ਦੁਬਾਰਾ ਹੁੰਦੇ ਰਹਿਣਗੇ ਤਾਂ ਫਿਰ ਇਹ ਤਾਂ ਤਮਾਸ਼ਾ ਹੀ ਬਣ ਜਾਵੇਗਾ। ਇਸ ਤੋਂ ਪਹਿਲਾਂ ਆੜ੍ਹਤੀਆਂ ਤੇ ਹੋਇਆ, ਹੋਰ ਜਿਹੜੇ ਸਮਾਜਕ ਕਾਰਕੁੰਨ ਹਨ, ਉਨ੍ਹਾਂ ਤੇ ਹੋਇਆ, ਜਨਰਲਿਸਟ ਤੇ ਰੇਡ ਹੋਏ, ਅੱਜ ਸੁਖਪਾਲ ਸਿੰਘ ਖਹਿਰਾ ਨੂੰ ਫੜਿਆ ਹੈ, ਕੱਲ੍ਹ ਨੂੰ ਹੋਰ ਕਿਸੇ ਮੈਂਬਰ ਨੂੰ ਕਿਸੇ ਨਾ ਕਿਸੇ ਕਾਰਨ ਕਰਕੇ ਫੜਿਆ ਜਾ ਸਕਦਾ ਹੈ। ਇਸ ਦੇ ਨਾਲ ਨਾਲ ਸੁਖਪਾਲ ਸਿੰਘ ਖਹਿਰਾ ਕਿਸਾਨੀ ਮਸਲੇ ਤੇ ਜਿਹੜੀਆਂ ਵਧੀਕੀਆਂ ਹੋਈਆਂ ਹਨ, ਉਸ ਤੇ ਲਗਾਤਾਰ ਆਵਾਜ਼ ਚੁੱਕਦੇ ਰਹੇ ਹਨ। ਇਸ ਲਈ ਖਦਸ਼ਾ ਹੈ ਕਿ ਜਿਹੜੀ ਉਨ੍ਹਾਂ ਨੇ ਵਧੀਕੀਆਂ ਖਿਲਾਫ ਆਵਾਜ਼ ਉਠਾਈ ਹੈ, ਉਸ ਕਰਕੇ ਉਨ੍ਹਾਂ ਨੂੰ ਪੀਨਲਾਈਜ਼ ਕਰਨ ਵਾਸਤੇ, ਡਰਾਉਣ ਵਾਸਤੇ ਰੇਡ ਹੋਈ ਹੈ। ਸੋ, ਇੱਥੇ ਇੱਕ ਇਹ ਰੈਜ਼ੋਲਿਊਸ਼ਨ ਲਿਆਉਣਾ ਚਾਹੀਦਾ ਹੈ ਕਿ ਈ.ਡੀ. ਜਦੋਂ ਵੀ ਕਿਤੇ ਸਟੇਟ ਵਿੱਚ ਰੇਡ ਕਰਨਾ ਚਾਹੇ ਤਾਂ ਸਟੇਟ ਗੌਰਮਿੰਟ ਦੀ ਪਰਮਿਸ਼ਨ ਤੋਂ ਬਿਨਾ ਰੇਡ ਨਾ ਕਰ ਸਕਣ।

ਸਪੀਕਰ ਸਾਹਿਬ, ਇੱਕ ਮਸਲਾ ਹੋਰ। ਸਿਰਫ ਇੱਕ ਮਿੰਟ, ਬਲਕਿ ਅੱਧਾ ਮਿੰਟ। ਇਸ ਤੋਂ ਇਲਾਵਾ, ਸਪੀਕਰ ਸਾਹਿਬ, ਇਸੇ ਹਾਊਸ ਨਾਲ ਸਬੰਧਤ ਇੱਕ ਮਸਲਾ ਹੈ। ਜਿਸ ਵੇਲੇ ਰਾਜਪਾਲ ਦਾ ਭਾਸ਼ਣ ਹੁੰਦਾ ਹੈ, ਜਿਸ ਵੇਲੇ ਕੋਈ ਡਿਸਟਰਬ ਕਰਦਾ ਹੈ ਤਾਂ ਤੁਸੀਂ ਬਹੁਤ ਵਧੀਆ ਗੱਲ ਕਹੀ ਕਿ ਹਾਊਸ ਨੂੰ ਚਲਾਉਣਾ ਤੁਹਾਡਾ ਧਰਮ ਹੈ। ਇਸ ਦੀ ਲਾਈਵ ਟੈਲੀਕਾਸਟ ਹੁੰਦੀ ਹੈ। ਉਸ ਤੋਂ ਬਾਅਦ ਜਦੋਂ ਸੀ.ਐਮ. ਸਾਹਿਬ ਬਹਿਸ ਦਾ ਜਵਾਬ ਦਿੰਦੇ ਹਨ, ਉਸ ਦਾ ਲਾਈਵ ਟੈਲੀਕਾਸਟ ਹੁੰਦਾ ਹੈ। ਪਰ ਜਦੋਂ ਬਹਿਸ ਹੁੰਦੀ ਹੈ, ਉਸ ਦਾ ਲਾਈਵ ਟੈਲੀਕਾਸਟ ਨਹੀਂ ਹੁੰਦਾ। ਜਵਾਬ ਟੈਲੀਕਾਸਟ ਕਰਦੇ ਹਾਂ ਲੇਕਿਨ ਬਹਿਸ ਲਾਈਵ ਟੈਲੀਕਾਸਟ ਨਹੀਂ ਕਰਦੇ। ਇਸੇ ਤਰ੍ਹਾਂ ਜਿਹੜਾ ਬਜਟ ਪੇਸ਼ ਹੋਇਆ ਹੈ, ਲਾਈਟ ਟੈਲੀਕਾਸਟ ਸੀ। ਅੱਜ ਬਹਿਸ ਹੋ ਰਹੀ ਹੈ, ਮੇਰਾ ਖਿਆਲ ਹੈ ਕਿ ਸ਼ਾਇਦ ਇਹ ਲਾਈਵ ਟੈਲੀਕਾਸਟ ਨਹੀਂ ਕੀਤਾ ਜਾ ਰਿਹਾ। ਪਰ ਜਦੋਂ ਐਫ.ਐਮ. ਸਾਹਿਬ ਜਵਾਬ ਦੇਣਗੇ, ਤਾਂ ਫਿਰ ਲਾਈਵ ਟੈਲੀਕਾਸਟ ਹੋਵੇਗਾ। ਮੇਰਾ ਮਤਲਬ ਹੈ ਕਿ ਇਹ ਪਰੰਪਰਾ ਕਿੱਥੋਂ ਦੀ ਸ਼ੁਰੂ ਕੀਤੀ ਹੈ। ਡੈਮੋਕ੍ਰੇਟਿਕ

ਸਿਸਟਮ ਵਿੱਚ ਜੇਕਰ ਜਵਾਬ ਦਾ ਟੈਲੀਕਾਸਟ ਹੋ ਰਿਹਾ ਹੈ ਤਾਂ ਇਹ ਕਾਹਦਾ ਜਵਾਬ ਹੈ? ਸੋ, ਜਿਹੜੀ ਬਹਿਸ ਹੈ, ਉਸ ਨੂੰ ਵੀ ਲਾਈਵ ਟੈਲੀਕਾਸਟ ਕੀਤਾ ਜਾਵੇ ਤਾਂ ਕਿ ਲੋਕਾਂ ਨੂੰ, ਜਿਹੜੇ ਬਾਹਰ ਸੁਣ ਰਹੇ ਹਨ, ਉਨ੍ਹਾਂ ਨੂੰ ਸਮਝ ਆ ਸਕੇ ਕਿ ਇਹ ਕਿਹੜੀ ਚੀਜ਼ ਦਾ ਜਵਾਬ ਦਿੱਤਾ ਜਾ ਰਿਹਾ ਹੈ। ਮੈਂ ਤੁਹਾਨੂੰ ਤਾਂ ਇਹ ਨਹੀਂ ਕਹਿ ਸਕਦਾ ਪਰ ਪਾਰਲੀਮੈਂਟਰੀ ਮੰਤਰੀ ਜੀ ਜ਼ਰੂਰ ਇਸ ਹਾਊਸ ਦੇ ਧਰਮ ਨੂੰ ਮੰਨਦੇ ਹੋਏ ਸਾਰੀ ਬਹਿਸ ਨੂੰ, ਰਾਜਪਾਲ ਜੀ ਦੇ ਭਾਸ਼ਣ ਦੀ ਅਤੇ ਬਜਟ ਦੀ ਬਹਿਸ ਨੂੰ ਲਾਈਵ ਟੈਲੀਕਾਸਟ ਕੀਤਾ ਜਾਵੇ।

**ਮਾਨਯੋਗ ਸਪੀਕਰ** : ਸੰਧੂ ਸਾਹਿਬ, ਇੱਕ ਮੰਟ। ਇਸ ਵਿੱਚ ਇਹ ਗੱਲ ਹੈ ਕਿ ਰਾਜਸਥਾਨ ਨੇ ਕਰ ਦਿੱਤਾ ਹੈ ਕਿ ਤਮਾਮ ਪ੍ਰੋਸੀਡਿੰਗਜ਼ ਫੇਸਬੁੱਕ, ਸੋਸ਼ਲ ਮੀਡੀਆ ਰਾਹੀਂ ਬਾਹਰ ਭੇਜੀ ਜਾਵੇ। ਅਸੀਂ ਵੀ ਇੱਕ ਕਮੇਟੀ ਬਣਾ ਦਿੱਤੀ ਹੈ। ਅਗਲੇ ਸੈਸ਼ਨ ਤੋਂ ਪਹਿਲਾਂ ਮੈਂ ਇਸ ਗੱਲ ਨੂੰ ਇਨਸ਼ੋਅਰ ਕਰਨਾ ਚਾਹੁੰਦਾ ਹਾਂ ਕਿ ਜੋ ਤਮਾਮ ਹਾਊਸ ਦੀ ਪ੍ਰੋਸੀਡਿੰਗਜ਼ ਹੈ, ਉਹ ਸਾਰੀ ਸੋਸ਼ਲ ਮੀਡੀਆ ਤੇ ਬਾਹਰ ਜਾਵੇ। (ਥੰਪਿੰਗ)

**ਸ਼੍ਰੀ ਕੰਵਰ ਸੰਧੂ** : ਸਪੀਕਰ ਸਾਹਿਬ, ਤੁਸੀਂ ਇਹ ਬਹੁਤ ਅੱਛਾ ਸਟੈੱਪ ਲਿਆ ਹੈ। ਪਰ ਅੱਜ ਬਜਟ ਤੇ ਬਹਿਸ ਹੋਣੀ ਹੈ, ਸੋ ਬੇਨਤੀ ਹੈ......

**ਮਾਨਯੋਗ ਸਪੀਕਰ** : ਨਹੀਂ। Let committee report. ਇਸ ਤਰ੍ਹਾਂ ਨਹੀਂ। ਅਮਰਜੀਤ ਜੀ ਬੋਲੋ।(ਵਿਘਨ) (ਸ਼ੋਰ) ਅਮਰਜੀਤ ਜੀ ਜਲਦੀ ਬੋਲੋ।

**ਸਰਦਾਰ ਅਮਰਜੀਤ ਸਿੰਘ ਸੰਦੋਆ** : ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਸਾਡੇ ਮਾਲ ਮੰਤਰੀ ਜੀ ਬੈਠੇ ਹਨ। ਬਹੁਤ ਜ਼ਰੂਰੀ ਮਸਲਾ ਹੈ। ਸਾਡੇ ਹਲਕੇ ਦੀ ਬਸੀ ਪਿੰਡ ਦੀ ਇੱਕ ਔਰਤ ਜਾਮਨੂ ਗੂੰਗੀ ਹੈ। ਉਹ ਆਪਣੀ ਪ੍ਰਾਪਰਟੀ ਆਪਣੇ ਪਤੀ ਦੇ ਨਾਂ ਕਰਵਾਉਣੀ ਚਾਹੁੰਦੀ ਹੈ। ਮੈਂ ਤਹਿਸੀਲਦਾਰ ਸਾਹਿਬ ਨੂੰ ਕਈ ਵਾਰ ਫੋਨ ਕਰ ਲਿਆ, ਡੀ.ਸੀ. ਸਾਹਿਬ ਨੂੰ ਕਰ ਲਿਆ। ਉਸ ਨੇ ਪਹਿਲਾਂ ਵੀ ਆਪਣੇ ਪਤੀ ਦੇ ਨਾਂ ਰਜਿਸਟਰੀਆਂ ਕੀਤੀਆਂ ਹਨ। ਇਹ ਬੜਾ ਗੰਭੀਰ ਮਸਲਾ ਹੈ ਕਿ ਉਹ ਆਪਣੇ ਪਤੀ ਦੇ ਨਾਂ ਤੇ ਪ੍ਰਾਪਰਟੀ ਨਹੀਂ ਕਰ ਪਾ ਰਹੀ। ਉਸ ਦਾ ਸਰਟੀਫਿਕੇਟ ਵੀ ਬਣਿਆ ਹੋਇਆ ਹੈ ਕਿ ਉਹ ਜਾਮਨੂ ਗੂੰਗੀ ਹੈ। ਉਸ ਦੀ ਰਜਿਸਟਰੀ ਨਹੀਂ ਹੋ ਰਹੀ ਹੈ।

**ਮਾਨਯੋਗ ਸਪੀਕਰ** : ਇਹ ਵੈਸੇ ਕਾਨੂੰਨੀ ਮਸਲਾ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ** : ਸਰ, ਰਜਿਸਟਰੀ ਹੋ ਨਹੀਂ ਰਹੀ ਹੈ।

**ਮਾਨਯੋਗ ਸਪੀਕਰ**: (ਮਾਲ ਮੰਤਰੀ ਵੱਲ ਇਸ਼ਾਰਾ ਕਰਦੇ ਹੋਏ) ਤੁਸੀਂ ਇਸ ਨੂੰ ਨਿੱਜੀ ਤੌਰ ਤੇ ਟੇਕ ਅੱਪ ਕਰਕੇ ਦੇਖ ਲੈਣਾ। ਵੈਸੇ ਤਾਂ ਇਹ ਕਾਨੂੰਨੀ ਮਸਲਾ ਹੈ, ਜੋ ਕਾਨੂੰਨ ਹੈ, ਉਸ ਮੁਤਾਬਕ ਹੀ ਹੋਣਾ ਹੈ। ਧੰਨਵਾਦ ਜੀ। ਢਿੱਲੋਂ ਸਾਹਿਬ। ਹੁਣ ਢਿੱਲੋਂ ਸਾਹਿਬ ਲਾਸਟ ਸਪੀਕਰ ਹਨ। ਇਹ ਕਾਨੂੰਨੀ ਮਸਲਾ ਹੈ। ਜੋ ਕਾਨੂੰਨ ਕਹਿੰਦਾ ਹੈ, ਉਸ ਦੇ ਮੁਤਾਬਿਕ ਹੀ ਹੋਣਾ ਹੈ। ਥੈਂਕਿਊ। ਢਿੱਲੋਂ ਸਾਹਿਬ। (ਵਿਘਨ) ਹੁਣ ਹੋ ਗਿਆ ਜੀ। ਹੁਣ ਲਾਸਟ ਸਪੀਕਰ ਹੈ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ, ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸੈਂਟਰ ਸਰਕਾਰ ਦੇ ਉਤੇ ਹਰੇਕ ਕਿਸਮ ਦੀਆਂ ਉਂਗਲਾਂ ਉਠਦੀਆਂ ਹਨ। ਇੱਥੋਂ ਤੱਕ ਕਿ ਇਹ ਇੰਨੀ ਨਿਰਦੱਈ ਸਰਕਾਰ ਹੈ ਕਿ 450 ਤੋਂ ਵੱਧ ਬੰਦਾ ਸਰਹੱਦਾਂ ਤੇ ਬੈਠਾ ਮਰ ਗਿਆ ਹੈ ਲੇਕਿਨ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਅਜੇ ਤੱਕ ਇਸ ਦੀ ਸਾਰ ਨਹੀਂ ਲਈ ਹੈ। ਜਿਹੜੀਆਂ ਗੱਲਾਂ ਇੱਥੇ ਈ.ਵੀ.ਐਮ. ਦੀਆਂ ਆਈਆਂ ਹਨ, ਜੇ ਉਹ ਗੱਲਾਂ ਸੱਚ ਹਨ ਕਿ ਸਰਕਾਰ ਨਿਰਦਈ ਹੈ ਤਾਂ ਈ.ਵੀ.ਐਮ. ਦੀਆਂ ਗੱਲਾਂ ਵੀ ਸੱਚ ਹੋਣਗੀਆਂ ਕਿ ਹੋ ਸਕਦਾ ਹੈ ਕਿ ਆਪਣੀ ਮਰਜ਼ੀ ਨਾਲ ਹੀ ਇਹ ਸਾਰਾ ਰਿਜ਼ਲਟ ਕੱਢੀ ਜਾਂਦੇ ਹੋਣ। ਅਸੀਂ ਉਸ ਦੇ ਨਾਲ ਬਿਲਕੁਲ ਸਹਿਮਤ ਹਾਂ। ਬਾਕੀ ਰਹੀ ਗੱਲ ਮੈਂ ਸਮਝਦਾ ਹਾਂ ਕਿ ਇਹ ਬੜੇ ਘਾਤਕ ਹਮਲੇ ਹਨ। ਚਾਹੇ ਕੋਈ ਕਿਸੇ ਵੀ ਪਾਰਟੀ ਦਾ ਬੰਦਾ ਹੋਵੇ ਚਾਹੇ ਆਮ ਆਦਮੀ ਪਾਰਟੀ ਦਾ ਹੋਵੇ, ਲੋਕ ਇਨਸਾਫ ਪਾਰਟੀ ਦਾ ਹੋਵੇ, ਕਾਂਗਰਸ ਦਾ ਹੋਵੇ, ਅਕਾਲੀ ਦਲ ਦਾ ਹੋਵੇ, ਕਿਸੇ ਵੀ ਪਾਰਟੀ ਦਾ ਹੋਵੇ ਮੈਂ ਸਮਝਦਾ ਹਾਂ ਕਿ ਜਿਹੜੀ ਗੈਰ-ਕਾਨੂੰਨੀ ਤਰੀਕੇ ਦੇ ਨਾਲ ਕਿਸੇ ਦੇ ਘਰ ਰੇਡ ਹੁੰਦੀ ਹੈ ਜਿਵੇਂ ਖਹਿਰਾ ਜੀ ਦੇ ਘਰ ਹੋਈ ਹੈ, ਇਹ ਬਿਲਕੁਲ ਗਲਤ ਹੈ। ਇਸ ਤੇ ਆਪਾਂ ਨੂੰ ਐਕਸ਼ਨ ਲੈਣਾ ਚਾਹੀਦਾ ਹੈ। ਮੈਂ ਲਾਸਟ ਵਿੱਚ ਇੱਕ ਮਸਲਾ ਉਠਾਉਣਾ ਚਾਹੁੰਦਾ ਹਾਂ ਕਿ 646 ਪੀ.ਟੀ.ਆਈ. ਟੀਚਰਜ਼ ਸਨ, ਉਹ ਸਿਲੈਕਟ ਹੋ ਗਏ ਸਨ, ਉਸ ਤੋਂ ਬਾਅਦ ਉਨ੍ਹਾਂ ਨੂੰ ਰਿਜੈਕਟ ਕਰ ਦਿੱਤਾ ਗਿਆ, ਰਿਜੈਕਟ ਹੋਣ ਤੋਂ ਬਾਅਦ ਸਪੀਕਰ ਸਾਹਿਬ, ਹੁਣ ਕੋਰਟ ਨੇ ਫੈਸਲਾ ਕੀਤਾ ਹੈ ਕਿ ਇਨ੍ਹਾਂ ਦੀ ਮੈਰਿਟ ਬਣਾਈ ਜਾਵੇ। ਉਹ ਟੀਚਰਜ਼ ਕਈ ਦਿਨਾਂ ਤੋਂ ਸਿੰਗਲਾ ਸਾਹਿਬ ਦੀ ਕੋਠੀ ਦੇ ਮੂਹਰੇ ਬੈਠੇ ਹਨ। ਜਦੋਂ ਕੋਰਟ ਨੇ ਹੀ ਫੈਸਲਾ ਕਰ ਦਿੱਤਾ ਹੈ ਤਾਂ ਕਿਰਪਾ ਕਰਕੇ ਸਪੀਕਰ ਸਾਹਿਬ, ਉਸ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਲਾਗੂ ਕਰੋ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਧਿਆਨ ਦਿਵਾਊ ਮਤਾ।

------

## CALLING ATTENTION NOTICES UNDER RULE 66

***(Sr. No. 37)***

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਧੰਨਵਾਦ ਸਪੀਕਰ ਸਾਹਿਬ। ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ ਮੇਰੇ ਹਲਕੇ ਬਰਨਾਲਾ ਦੇ ਪਿੰਡਾਂ ਨੰਗਲ ਅਤੇ ਧਨੌਲਾ ਖੁਰਦ ਵਿਖੇ ਛੱਪੜਾਂ ਦਾ ਪਾਣੀ ਲੋਕਾਂ ਦੇ ਘਰਾਂ ਵਿੱਚ ਵੜ ਜਾਂਦਾ ਹੈ। ਇਹ ਛੱਪੜ ਅਕਸਰ ਓਵਰ ਫਲੋਅ ਰਹਿੰਦੇ ਹਨ ਜਦਕਿ ਬਰਸਾਤ ਦੇ ਦਿਨਾਂ ਵਿੱਚ ਤਾਂ ਸਥਿਤੀ ਬਦ ਤੋਂ ਬਦਤਰ ਹੋ ਜਾਂਦੀ ਹੈ ਜਿਸ ਕਾਰਨ ਛੱਪੜਾਂ ਦੇ ਨਜ਼ਦੀਕ ਦੇ ਨਿਵਾਸੀਆਂ ਵਿੱਚ ਭਿਆਨਕ ਬਿਮਾਰੀਆਂ ਦਾ ਖੌਫ ਬਣਿਆ ਰਹਿੰਦਾ ਹੈ। ਸਥਾਨਕ ਲੋਕਾਂ ਦੀ ਅਜਿਹੀ ਤਰਸਯੋਗ ਹਾਲਤ ਨੂੰ ਵੇਖਦੇ ਹੋਏ ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਇਸ ਸਮੱਸਿਆ ਦਾ ਕੋਈ ਪੁਖਤਾ ਹੱਲ ਕੀਤਾ ਜਾਵੇ। ਇਸ ਸਬੰਧੀ ਸਥਾਨਕ ਲੋਕਾਂ ਵਿੱਚ ਭਾਰੀ ਨਿਰਾਸ਼ਾ ਅਤੇ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸਪੀਕਰ ਸਾਹਿਬ, ਦੋ ਸਾਲ ਹੋ ਚੱਲੇ ਹਨ, ਅਸੀਂ ਹਰ ਬਾਰਿਸ਼ ਤੋਂ ਪਹਿਲਾਂ ਛੱਪੜ ਖਾਲੀ ਕਰਵਾਉਂਦੇ ਹਾਂ ਪਰ ਇਹ ਫਿਰ ਭਰ ਜਾਂਦੇ ਹਨ। ਸਪੀਕਰ ਸਾਹਿਬ, ਮੈਂ ਆਪਣਾ XEN ਉੱਥੇ ਭੇਜ ਕੇ ਪੁਖਤਾ ਇਲਾਜ ਕਰਨ ਦਾ ਹੱਲ ਲਭਾਂਗਾ। ਮੈਂ ਐਮ.ਐਲ.ਏ. ਸਾਹਿਬ ਦੀ ਮਦਦ ਵੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਹੁਣ ਪੰਜਾਬ ਵਿੱਚ ਇੰਨੀਆਂ ਬਾਰਿਸ਼ਾਂ ਤਾਂ ਹੁੰਦੀਆਂ ਨਹੀਂ ਹਨ ਤੇ ਛੱਪੜ ਫਿਰ ਵੀ ਭਰ ਜਾਂਦੇ ਹਨ। ਉਸ ਦਾ ਕਾਰਨ ਇਹ ਹੈ ਕਿ ਹੁਣ ਹਰ ਘਰ ਵਿੱਚ ਸਬਮਰਸਿਬਲ ਮੋਟਰ ਲੱਗ ਚੁੱਕੀ ਹੈ। ਜਿਸ ਨੇ ਵੀ ਸਬਮਰਸਿਬਲ ਮੋਟਰ ਲਗਾਈ ਹੈ ਤਾਂ ਉਹ ਨਾ ਤਾਂ ਟੂਟੀਆਂ ਬੰਦ ਕਰਦਾ ਹੈ ਤੇ ਜਦੋਂ ਮੋਟਰ ਰਾਹੀਂ ਪਾਣੀ ਓਵਰ ਫਲੋਅ ਕਰਦਾ ਹੈ ਤਾਂ ਉਹ ਮੋਟਰ ਬੰਦ ਨਹੀਂ ਕਰਦਾ ਹੈ। ਇਨ੍ਹਾਂ ਛੱਪੜਾਂ ਵਿੱਚ ਉਹ ਪਾਣੀ ਭਰਦਾ ਹੈ ਜਿਹੜਾ ਟੂਟੀਆਂ ਤੋਂ ਵਾਧੂ ਪਾਣੀ ਚਲਦਾ ਰਹਿੰਦਾ ਹੈ। ਇਸ ਨਾਲ ਜ਼ਮੀਨੀ ਪਾਣੀ ਵੀ ਖਤਮ

ਹੁੰਦਾ ਹੈ ਤੇ ਮੋਟਰਾਂ ਵੀ ਬੰਦ ਨਹੀਂ ਹੁੰਦੀਆਂ ਹਨ। ਜੇ ਸਾਰੀਆਂ ਪੰਚਾਇਤਾਂ ਤੇ ਅਸੀਂ ਸਾਰੇ ਐਮ.ਐਲ.ਏ. ਇਕੱਠੇ ਹੋ ਕੇ ਇਸ ਗੱਲ ਤੇ ਧਿਆਨ ਦੇਈਏ ਤਾਂ ਸ਼ਾਇਦ ਇਹ ਛੱਪੜ ਛੇਤੀ ਨਾ ਭਰਨ। ਪਰ ਜਿਹੜੀ ਇਹ ਸਮੱਸਿਆ ਤੁਸੀਂ ਦੱਸੀ ਹੈ ਮੈਂ XEN ਸਾਹਿਬ ਨੂੰ ਭੇਜ ਕੇ ਇਸ ਦਾ ਇਲਾਜ ਲੱਭਾਂਗਾ, ਜੋ ਹਾਊਸ ਵਿੱਚ ਕਿਹਾ ਹੈ, ਉਹ ਕਰਾਂਗੇ। (ਵਿਘਨ)

**ਮਾਨਯੋਗ ਸਪੀਕਰ:** ਕਾਲ ਅਟੈਨਸ਼ਨ ਵਿੱਚ ਨਹੀਂ ਬੋਲ ਸਕਦੇ ਬੈਂਸ ਸਾਹਿਬ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਧੰਨਵਾਦ ਮੰਤਰੀ ਸਾਹਿਬ ਜੀ। ਸਪੀਕਰ ਸਾਹਿਬ, ਇਹ ਜਿਹੜੀ ਕਾਲ ਅਟੈਨਸ਼ਨ ਹੈ, ਮੰਤਰੀ ਸਾਹਿਬ, ਇਹ ਮੈਂ ਪਹਿਲੀ ਵਾਰ ਨਹੀਂ ਲਗਾਈ ਹੈ, ਮੈਂ ਦੋ ਸਾਲ ਪਹਿਲਾਂ ਵੀ ਸੇਮ ਕਾਲ ਅਟੈਨਸ਼ਨ ਲਗਾਈ ਸੀ, ਉਦੋਂ ਮੰਤਰੀ ਸਾਹਿਬ ਨੇ ਹਾਊਸ ਦੇ ਅੰਦਰ ਵਿਸ਼ਵਾਸ ਦਿਵਾਇਆ ਸੀ ਕਿ ਚਾਹੇ ਕੋਈ ਗ੍ਰਾਂਟ ਲਗੇ ਜਿਵੇਂ ਮਰਜ਼ੀ ਹੋਵੇ ਇਸ ਦਾ ਪਾਣੀ ਜਿਹੜੀ ਨੇੜੇ ਕੋਈ ਡਰੇਨ ਜਾਂਦੀ ਹੈ ਉਸ ਦੇ ਵਿੱਚ ਪਾਇਆ ਕਰਾਂਗੇ। ਸਪੀਕਰ ਸਾਹਿਬ, ਕਿਉਂਕਿ ਤੁਸੀਂ ਹਾਊਸ ਦੇ ਮਾਲਕ ਹੋ ਮੈਂ ਇਹ ਗੱਲ ਧੁਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਵਾਲ ਤੇ ਸਬੰਧਿਤ ਮੰਤਰੀ ਇੱਥੇ ਕਮਿਟਮੈਂਟ ਕਰ ਦੇਣ ਜੇ ਉਹ ਪੂਰੀ ਨਾ ਹੋਵੇ ਤਾਂ ਅਸੀਂ ਕਿੱਧਰ ਨੂੰ ਜਾਈਏ? ਬਲਬੀਰ ਸਿੱਧੂ ਸਾਹਿਬ, ਚਲੇ ਗਏ, ਉਹ ਮੇਰੇ ਜ਼ਿਲ੍ਹੇ ਤੋਂ ਹਨ। ਜਦੋਂ ਉਹ ਪਸ਼ੂ ਪਾਲਣ ਮੰਤਰੀ ਸੀ ਤਾਂ ਉਨ੍ਹਾਂ ਨੇ ਵੀ ਇਸੇ ਤਰ੍ਹਾਂ ਦੀ ਕਮਿਟਮੈਂਟ ਕੀਤੀ ਤੇ ਧਨੌਲਾ ਲਈ 29 ਲੱਖ 56 ਹਜ਼ਾਰ ਰੁਪਏ ਸਾਲ 2019 ਤੋਂ ਪਾਸ ਹੋਏ ਪਏ ਹਨ। ਉਸ ਤੋਂ ਬਾਅਦ ਇਹ ਮਹਿਕਮਾ ਬਾਜਵਾ ਸਾਹਿਬ ਕੋਲ ਆ ਗਿਆ। ਇਨ੍ਹਾਂ ਨੂੰ ਵੀ ਮੈਂ ਕਈ ਵਾਰੀ ਬੇਨਤੀ ਕੀਤੀ ਹੈ ਕਿ ਤੁਸੀਂ ਹਾਊਸ ਵਿੱਚ ਕਮਿਟਮੈਂਟ ਕੀਤੀ ਹੋਈ ਹੈ, ਪਾਸ ਤੁਸੀਂ ਕੀਤਾ ਹੋਇਆ ਹੈ, ਉਹ ਪੈਸਾ ਦੇ ਦਿਓ।

**ਮਾਨਯੋਗ ਸਪੀਕਰ:** ਮੈਂ ਥੋੜ੍ਹਾ ਜਿਹਾ ਤੁਹਾਨੂੰ ਕਰੈਕਟ ਕਰ ਦਿੰਦਾ ਹਾਂ। ਇੱਥੇ ਵਜ਼ੀਰ ਸਾਹਿਬਾਨ ਤੁਹਾਨੂੰ ਕਿਸੇ ਗੱਲ ਨੂੰ ਪੂਰਾ ਕਰਨ ਲਈ ਵਚਨ ਦਿੰਦੇ ਹਨ, ਉਹ ਪੂਰਾ ਨਾ ਕਰਨ ਤਾਂ ਗੌਰਮਿੰਟ ਐਸ਼ੋਰੈਂਸ ਕਮੇਟੀ ਹੈ। ਮੈਂ ਤੁਹਾਨੂੰ ਸਾਰਿਆਂ ਨੂੰ ਸਲਾਹ ਦਿੰਦਾ ਹਾਂ ਕਿ ਮਾਮਲੇ ਨੂੰ ਉੱਥੇ ਲੈ ਕੇ ਜਾਇਆ ਕਰੋ। ਉਹ ਕਮੇਟੀ ਇਸ ਕਰਕੇ ਹੀ ਬਣੀ ਹੈ ਕਿ ਜਿਹੜੇ ਹਾਊਸ ਵਿਚ ਵਜ਼ੀਰ ਸਾਹਿਬ ਵਾਅਦੇ ਕਰਦੇ ਹਨ, ਉਹ ਵਾਅਦੇ ਪੂਰੇ ਹੋ ਸਕਣ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਧੰਨਵਾਦ ਜੀ। ਉੱਥੇ ਵੀ ਲਿਆ ਦੇਵਾਂਗੇ। ਹੁਣ ਮੇਰੀ ਮੰਤਰੀ ਸਾਹਿਬ ਨੂੰ ਇਹੀ ਬੇਨਤੀ ਹੈ ਕਿ ਮੈਂ ਮੰਤਰੀ ਸਾਹਿਬ ਪਿਛਲੀ ਵਾਰ ਵੀ ਦੱਸਿਆ ਸੀ ਕਿ ਇਕੱਲੇ ਬਾਰਸ਼ਾਂ ਦੇ

ਸੀਜ਼ਨ ਵਿਚ ਨਹੀਂ, ਤੁਸੀਂ ਸਰਦੀ ਵਿਚ ਕਦੇ ਬਰਨਾਲੇ ਆਇਓ, ਸਰਦੀਆਂ ਵਿਚ ਵੀ ਛੱਪੜ ਦਾ ਪਾਣੀ ਓਵਰਫਲੋ ਹੁੰਦਾ ਰਹਿੰਦਾ ਹੈ। ਗੁਰੂ ਘਰ ਨੂੰ ਉਹੀ ਰਸਤਾ ਜਾਂਦਾ ਹੈ। ਲੇਡੀਜ਼ ਚੱਪਲਾਂ ਹੱਥ ਵਿਚ ਫੜ ਕੇ ਛੱਪੜ ਦੇ ਪਾਣੀ ਵਿਚੋਂ ਲੰਘ ਕੇ ਜਾਂਦੀਆਂ ਹਨ। ਦੂਜਾ ਮਾਮਲਾ ਧਨੌਖਾ ਖੁਰਦ ਦਾ ਹੈ।

**ਮਾਨਯੋਗ ਸਪੀਕਰ:** ਇਸ ਵਿਚ ਇੱਕੋ ਹੀ ਸਪਲੀਮੈਂਟਰੀ ਹੁੰਦੀ ਹੈ। ਤੁਸੀਂ ਪੁੱਛ ਲਵੋ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਮੇਰਾ ਤਾਂ ਅਜੇ ਚੱਲੀ ਜਾਂਦਾ ਹੈ।

**ਮਾਨਯੋਗ ਸਪੀਕਰ:** ਨਹੀਂ, ਇਵੇਂ ਤਾਂ ਬਸ ਫਿਰ ਚੱਲੀ ਜਾਣਾ ਹੈ, ਹਾਊਸ ਨੇ ਹੋਰ ਵੀ ਚੱਲਣਾ ਹੈ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਸਵਾਲ ਇਹੀ ਹੈ।

**ਮਾਨਯੋਗ ਸਪੀਕਰ:** ਬਾਜਵਾ ਸਾਹਿਬ, ਦੱਸੋ ਜੀ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਇੱਕ ਮਿੰਟ ਜੀ। ਲੋਕਾਂ ਦੇ ਬੜੇ ਤਰਸਯੋਗ ਹਾਲਾਤ ਹਨ। ਬੱਚੇ ਸਕੂਲ ਜਾਣ ਤੋਂ ਪਹਿਲਾਂ ਬਾਲਟੀਆਂ ਲੈ ਕੇ ਘਰਾਂ ਵਿਚੋਂ ਪਾਣੀ ਕੱਢ ਕੇ ਜਾਂਦੇ ਹਨ। ਧਨੌਲੇ ਖੁਰਦ ਅਤੇ ਨੰਗਲ ਪਿੰਡ ਦੇ ਵੀ ਇਹੀ ਹਾਲਾਤ ਹਨ। ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇਸ ਦਾ ਕੋਈ ਪੁਖਤਾ ਹੱਲ ਕਰਨ, ਨੇੜੇ ਡਰੇਨ ਲੰਘਦੀ ਹੈ ਜੀ। ਮੈਨੂੰ ਪਤਾ ਹੈ ਕਿ ਤੁਸੀਂ ਡੀ.ਡੀ.ਪੀ.ਓ. ਸਾਹਿਬ ਨੂੰ ਫੋਨ ਵੀ ਕੀਤਾ ਹੈ ਕਿ ਕਿੰਨੇ-ਕੁ ਦਾ ਐਸਟੀਮੇਟ ਲੱਗੇਗਾ। ਹੁਣ ਤੁਸੀਂ ਸਬਮਰਸੀਬਲ ਦੀ ਗੱਲ ਤੇ ਨਾ ਪਾਓ।

**ਮਾਨਯੋਗ ਸਪੀਕਰ:** ਕਰਵਾ ਦਿਉ ਜੀ, ਕਰਵਾ ਦਿਉ ਜੀ, ਬਾਜਵਾ ਸਾਹਿਬ, ਕਰਵਾ ਦਿਉ।

**ਮੰਤਰੀ:** ਛੱਪੜ ਤਾਂ ਹਰ ਵਾਰ ਖਾਲੀ ਕਰਵਾਉਂਦੇ ਹਾਂ ਜੀ। ਇਹ ਤਾਂ ਫਿਰ ਭਰ ਜਾਂਦਾ ਹੈ। ਚਾਰ ਕਿਲੋਮੀਟਰ ਦੂਰ ਡਰੇਨ ਹੈ ਜੀ। ਉੱਥੇ ਪਾਈਪਾਂ ਨਹੀਂ ਹਨ ਅਤੇ ਕੋਈ ਆਪਣੀ ਪੈਲੀ ਥੱਲਿਓਂ ਪਾਈਪਾਂ ਨਹੀਂ ਲੰਘਣ ਦਿੰਦਾ। ਇਹ ਚਾਹੁੰਦੇ ਹਨ ਕਿ ਉਹ ਸੜਕ ਦੇ ਨਾਲ-ਨਾਲ ਪਾਈਪਾਂ ਪੈਣ। ਉਹ ਵੀ ਕਰਕੇ ਦੇਖ ਲੈਂਦੇ ਹਾਂ ਜੀ। ਉਸ ਦਾ ਐਸਟੀਮੇਟ ਬਣਵਾ ਕੇ ਦੇਖ ਲੈਂਦੇ ਹਾਂ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਲੰਘ ਜਾਵੇਗੀ ਜੀ। ਅਸੀਂ ਲੰਘਾਵਾਂਗੇ।

**ਮਾਨਯੋਗ ਸਪੀਕਰ:** ਇੱਕੋ ਹੀ ਸਪਲੀਮੈਂਟਰੀ ਹੁੰਦੀ ਹੈ ਜੀ, ਦੋ ਨਹੀਂ ਹੁੰਦੀਆਂ ਜੀ। ਸਰਦਾਰ ਕੁਲਤਾਰ ਸਿੰਘ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਤੁਹਾਡਾ ਬਹੁਤ ਹੀ ਸ਼ੁਕਰ-ਗੁਜ਼ਾਰ ਹਾਂ ਅਤੇ ਮੁਤਾਸਿਰ ਹਾਂ ਕਿ ਤੁਸੀਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪੰਨਾ ਨੰ. 660 ਤੇ ਅੰਕਿਤ ਗੁਰਬਾਣੀ ਦੀ ਗੱਲ ਕੀਤੀ ਜਦੋਂ ਆਪਾਂ ਅਕਾਲੀ ਦਲ ਵਾਲਿਆਂ ਨੂੰ ਕਿਹਾ ਸੀ। ਉਸ ਵਿਚ ਮੈਂ ਇੱਕ ਰਿਕਾਰਡ ਠੀਕ ਕਰਵਾਉਣਾ ਚਾਹੁੰਦਾ ਹਾਂ ਕਿਉਂਕਿ ਵੱਡੀ ਗੱਲ ਹੈ ਜੀ। ਗਲਤੀ ਕੋਈ ਵੀ ਕਰ ਸਕਦਾ ਹੈ, ਮੈਂ ਵੀ ਕਰ ਸਕਦਾ ਹਾਂ, ਤੁਸੀਂ ਵੀ ਕਰ ਸਕਦੇ ਹੋ। ਉਸ ਤੁੱਕ ਦੇ ਵਿਚ ਇਹ ਹੈ ਜੀ:

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥

ਉਹ ਥੋੜ੍ਹਾ ਅੱਗੇ-ਪਿੱਛੇ ਹੋ ਗਿਆ ਜੀ। ਇਹ ਠੀਕ ਕਰਵਾ ਦਿਉ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ। ਅਸੀਂ ਤਾਂ ਤੁਹਾਨੂੰ ਹੀ ਬੇਨਤੀ ਕਰਨੀ ਹੁੰਦੀ ਹੈ।

**ਮਾਨਯੋਗ ਸਪੀਕਰ:** ਠੀਕ ਹੈ ਜੀ ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਬਸ ਕੋਰਟ ਵੱਲ ਨਾ ਤੋਰਿਓ ਜੀ।

**ਮਾਨਯੋਗ ਸਪੀਕਰ:** ਕਹੋ, ਕਹੋ, ਕਹੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਅਸੀਂ ਭਾਈ ਘਨੱਈਆ ਦੇ ਵਾਰਿਸ ਹਾਂ। ਦੁਸ਼ਮਣ ਜ਼ਖਮੀ ਹੁੰਦਾ ਹੈ, ਬਿਮਾਰ ਹੁੰਦਾ ਹੈ ਤਾਂ ਅਸੀਂ ਉਸ ਦੀ ਵੀ ਮਦਦ ਕਰਨੀ ਹੁੰਦੀ ਹੈ। ਮੈਡੀਕਲ ਫਰੀਦਕੋਟ ਕਾਲਜ ਦੇ ਹਾਲਾਤ ਇਹ ਹਨ ਕਿ ਉੱਥੇ ਜਿਹੜੀ ਆਯੁਸ਼ਮਾਨ ਸਿਹਤ ਬੀਮਾ ਯੋਜਨਾ ਹੈ, ਜੇ ਕੋਈ ਰਾਤ ਨੂੰ ਕਾਰਡ ਲੈ ਕੇ ਚਲਾ ਜਾਵੇ ਤਾਂ ਉਸ ਨੂੰ ਕਹਿ ਦਿੰਦੇ ਹਨ ਕਿ ਖਿੜਕੀ ਬੰਦ ਹੈ, ਸਵੇਰੇ ਆਇਓ। ਉਹ ਗਰੀਬ ਬੰਦਾ ਕਾਰਡ ਹੱਥ ਵਿਚ ਫੜ ਕੇ ਤੁਰਿਆ ਫਿਰਦਾ ਹੈ। ਸਵੇਰੇ ਪੰਜ ਵਜੇ ਉਹ ਖਿੜਕੀ ਵਿਚ ਖੜ੍ਹੇ ਹੋ ਜਾਂਦੇ ਹਨ ਤੇ ਸ਼ਾਮ ਦੇ 6 ਵਜੇ ਤੱਕ ਉਨ੍ਹਾਂ ਦਾ ਕੰਮ ਨਹੀਂ ਹੁੰਦਾ। ਹਫਤਾ-ਹਫਤਾ ਉਸ ਨੂੰ ਲਟਕਦੇ ਰਹਿਣਾ ਪੈਂਦਾ ਹੈ। ਮੈਡੀਕਲ ਕਾਲਜ ਵਿਚ ਇੱਕ ਤਾਂ ਇਹ ਵੱਡਾ ਇਸ਼ੂ ਹੈ। ਦੂਜਾ ਵੱਡਾ ਇਸ਼ੂ ਇਹ ਹੈ ਜੀ।

**ਮਾਨਯੋਗ ਸਪੀਕਰ:** ਕਾਲ ਅਟੈਂਸ਼ਨ ਪੜ੍ਹਨੀ ਪੈਣੀ ਹੈ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮੈਂ ਪੜ੍ਹ ਦਿੰਦਾ ਹਾਂ ਜੀ।

-------

**(ਕ੍ਰਮ ਨੰ. 43)**

**ਸਰਦਾਰ ਕੁਲਤਾਰ ਸਿੰਘ ਸੰਧਵਾਂ:**

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ :** ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਫਰੀਦਕੋਟ ਮੈਡੀਕਲ ਕਾਲਜ ਵਿਚ ਆਯੁਸ਼ਮਾਨ ਸਿਹਤ ਬੀਮਾ ਯੋਜਨਾ ਤਹਿਤ ਲਾਭਪਾਤਰੀਆਂ ਨੂੰ ਬਹੁਤ ਖਜਲ-ਖੁਆਰ ਹੋਣਾ ਪੈਂਦਾ ਹੈ। ਸਵੇਰੇ 5 ਵਜੇ ਉੱਠਕੇ ਉਨ੍ਹਾਂ ਨੂੰ ਖਿੜਕੀ ਤੇ ਆਪਣਾ ਨੰਬਰ ਲਗਾਉਣ ਲਈ ਖੜਨਾ ਪੈਂਦਾ ਹੈ ਅਤੇ ਸਾਰਾ-ਸਾਰਾ ਦਿਨ ਖੜ੍ਹੇ ਰਹਿਣ ਤੋਂ ਬਾਅਦ ਵੀ ਕੰਮ ਨਹੀਂ ਹੁੰਦਾ। ਇਸੇ ਤਰ੍ਹਾਂ ਹਫਤਾ ਨਿਕਲ ਜਾਂਦਾ ਹੈ। ਇਸ ਸਬੰਧੀ ਮੈਡੀਕਲ ਕਾਲਜ ਫਰੀਦਕੋਟ ਵੱਲੋਂ ਇਹ ਕਿਹਾ ਗਿਆ ਕਿ ਇਹ ਹਸਪਤਾਲ ਪ੍ਰਾਈਵੇਟ ਕੰਪਨੀ ਨੂੰ ਦਿੱਤਾ ਗਿਆ ਹੈ। ਪ੍ਰਾਈਵੇਟ ਕੰਪਨੀ ਦੁਆਰਾ ਉੱਥੇ ਮੁਲਾਜ਼ਮਾਂ ਦੀ ਗਿਣਤੀ ਘਟਾ ਦਿੱਤੀ ਗਈ ਹੈ ਅਰਥਾਤ ਲੋਕਾਂ ਦੀ ਸਿਹਤ ਵੱਲ ਉੱਕਾ ਵੀ ਧਿਆਨ ਨਹੀਂ ਦਿੱਤਾ ਗਿਆ। ਫਰੀਦਕੋਟ ਮੈਡੀਕਲ ਕਾਲਜ ਵੱਲੋਂ ਅਜਿਹੇ ਵਤੀਰੇ ਕਾਰਨ ਸਥਾਨਕ ਲੋਕਾਂ ਵਿਚ ਭਾਰੀ ਬੇਚੈਨੀ ਪਾਈ ਜਾ ਰਹੀ ਹੈ। ਸੋ, ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਇਸ ਸਬੰਧੀ ਕੋਈ ਪੁਖਤਾ ਹੱਲ ਕੱਢੇ ਜਾਣ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

**ਮੈਡੀਕਲ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਓਮ ਪ੍ਰਕਾਸ਼ ਸੋਨੀ):** ਸਪੀਕਰ ਸਾਹਿਬ, ਮੈਂ ਇਸ ਵਿਸ਼ੇ ਦੇ ਸਬੰਧ ਵਿਚ ਮਾਨਯੋਗ ਮੈਂਬਰ ਸਾਹਿਬਾਨ ਨੂੰ ਇਹ ਜਾਣੂ ਕਰਵਾਉਣਾ ਚਾਹੁੰਦਾ ਹਾਂ ਕਿ 20 ਅਗਸਤ, 2019 ਤੋਂ 3 ਮਾਰਚ, 2021 ਤੱਕ ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਵਿਖੇ ਆਯੁਸ਼ਮਾਨ ਭਾਰਤ ਸਕੀਮ ਅਧੀਨ 8340 ਲਾਭਪਾਤਰੀਆਂ ਨੂੰ ਸਕੀਮ ਅਧੀਨ 18 ਕਰੋੜ 14 ਲੱਖ ਰੁਪਏ ਦੀਆਂ ਸੇਵਾਵਾਂ ਦਾ ਲਾਭ ਮਿਲਿਆ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ

ਸਾਲ 2020 ਦੇ ਦੌਰਾਨ ਕੋਵਿਡ ਮਹਾਂਮਾਰੀ ਕਰਕੇ ਆਯੂਸ਼ਮਾਨ ਭਾਰਤ ਸਕੀਮ ਅਧੀਨ ਨਾਨ-ਕੋਵਿਡ ਮਰੀਜ਼ਾਂ ਵੱਲੋਂ ਹਸਪਤਾਲ ਵਿੱਚ ਘੱਟ ਐਡਮਿਸ਼ਨਾਂ ਹੋਈਆਂ ਸਨ। ਆਯੂਸ਼ਮਾਨ ਸਕੀਮ ਤਹਿਤ ਮਰੀਜ਼ਾਂ ਦੀ ਸਹਾਇਤਾਂ ਲਈ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵੱਲੋਂ ਸੋਸ਼ਲ ਕੰਪਨੀ ਨੂੰ ਕੰਮ ਦਿੱਤਾ ਗਿਆ ਹੈ ਅਤੇ ਉਨ੍ਹਾਂ ਵੱਲੋਂ ਤਿੰਨ ਅਰੋਗਿਆ ਮਿੱਤਰ 24 ਘੰਟਿਆਂ ਦੀ ਸੇਵਾ ਵਾਸਤੇ ਰੱਖੇ ਗਏ ਹਨ। ਹੁਣ ਜਦੋਂ ਆਯੂਸ਼ਮਾਨ ਸਕੀਮ ਅਧੀਨ ਮਰੀਜ਼ਾਂ ਦੀ ਗਿਣਤੀ ਵਧੇਗੀ ਤਾਂ ਹੋਰ ਸਟਾਫ ਮੁਹੱਈਆ ਕਰਵਾ ਦਿੱਤਾ ਜਾਵੇਗਾ। ਇਸ ਸਬੰਧੀ ਹਸਪਤਾਲ ਦੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾਂ-ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ ਤਾਂ ਕਿ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਨਾ ਆਵੇ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮਾਨਯੋਗ ਸਪੀਕਰ ਸਾਹਿਬ, ਦਿਸ਼ਾਂ-ਨਿਰਦੇਸ਼ਾਂ ਦੀ ਅੱਜ ਤੱਕ ਕੋਈ ਕਮੀ ਨਹੀਂ ਹੋਈ। ਕਮੀ ਤਾਂ ਕੰਮ ਦੀ ਹੈ। ਤੁਸੀਂ ਇਹ ਦੇਖੋ (ਹੱਥ ਵਿੱਚ ਫੜ੍ਹੇ ਕਾਗਜ਼ ਦਿਖਾਉਂਦੇ ਹੋਏ)। ਤੁਸੀਂ ਮੈਨੂੰ ਇਜਾਜ਼ਤ ਦਿਓ, ਮੈਂ ਸਦਨ ਦੀ ਟੇਬਲ ਤੇ ਰੱਖਣਾ ਚਾਹੁੰਦਾ ਹਾਂ। ਫਰੀਦਕੋਟ, ਮੈਡੀਕਲ ਕਾਲਜ ਵਿੱਚ ਇਹ ਗਾਇਨੀ ਵਿਭਾਗ ਦਾ ਬੈੱਡ ਹੈ, ਇਸ ਵਿੱਚ ਮੋਰੀਆਂ ਨਿਕਲੀਆਂ ਹੋਈਆਂ ਹਨ। ਮੰਤਰੀ ਸਾਹਿਬ, ਇੱਧਰ ਦੇਖੋ (ਹੱਥ ਵਿੱਚ ਫੜ੍ਹੇ ਕਾਗਜ਼ ਦਿਖਾਉਂਦੇ ਹੋਏ) ਮੈਂ ਰੱਖ ਦਿੰਦਾ ਹਾਂ ਜੀ। ਜਿੱਥੇ ਗਾਇਨੀ ਵਿਭਾਗ ਹੈ, ਉਥੇ ਵਿੱਚ ਹਵਾ ਜਾਂਦੀ ਹੈ।

**ਮਾਨਯੋਗ ਸਪੀਕਰ:** ਇਸ ਨੂੰ ਟੇਬਲ ਕਰ ਦਿਓ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮੈਂ ਇਸ ਨੂੰ ਟੇਬਲ ਕਰ ਰਿਹਾ ਹਾਂ ਜੀ। ਦੂਜਾ, ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਉਥੇ ਕਰੋਨਾ ਦਾ ਵੀ ਇਲਾਜ ਹੈ। ਕਰੋਨਾ ਦਾ ਇਲਾਜ ਉਥੇ ਬੜਾ ਵਧੀਆ ਕੀਤਾ ਗਿਆ ਹੈ, ਭਾਵੇਂ ਉਥੇ ਗਟਰ ਵਿੱਚ ਡਿੱਗ ਕੇ ਇੱਕ ਮਰੀਜ਼ ਵੀ ਮਰ ਗਿਆ ਸੀ ਪਰੰਤੂ ਇਸ ਵਾਸਤੇ ਫਿਰ ਵੀ ਕਿਸੇ ਦੀ ਕੋਈ ਜ਼ਿੰਮੇਵਾਰੀ ਫਿਕਸ ਨਹੀਂ ਕੀਤੀ ਗਈ। ਲੇਕਿਨ ਜਿਹੜਾ ਵੇਸਟ ਹੈ, ਉਹ ਸੀਵਰ ਵਿੱਚ ਜਾਂਦਾ ਹੈ। ਹਸਪਤਾਲ ਦਾ ਸਾਰਾ ਹੀ ਸੀਵਰ ਚੋਕ ਪਿਆ ਹੈ। ਸਪੀਕਰ ਸਾਹਿਬ, ਜਦੋਂ ਦੀ ਕਾੱਲ ਅਟੈਂਸ਼ਨ ਲਗਾਈ ਹੈ, ਉਥੋਂ ਦਾ ਸਾਫ ਹੋਣ ਲੱਗਿਆ ਹੈ। ਲੇਕਿਨ ਜਿਹੜੇ ਬੰਦੇ ਸੀਵਰੇਜ ਸਾਫ ਕਰਦੇ ਹਨ, ਉਨ੍ਹਾਂ ਨੂੰ ਕਿੱਟ ਮੁਹੱਈਆ ਨਹੀਂ ਕਰਵਾਈ ਗਈ। ਉਨ੍ਹਾਂ ਨੂੰ ਵੀ ਕਰੋਨਾ ਹੋ ਸਕਦਾ ਹੈ। ਜਿਹੜੇ ਸੀਵਰੇਜ ਵਾਲੇ ਉਥੇ ਪੰਜ ਮੁਲਾਜ਼ਮ ਲੱਗੇ ਹੋਏ ਹਨ, ਉਨ੍ਹਾਂ ਨੂੰ ਕੋਈ ਕਿੱਟ ਮੁਹੱਈਆ ਨਹੀਂ ਕਰਵਾਈ ਗਈ। ਸਰ, ਮੈਂ ਬੇਨਤੀ ਕਰਦਾ ਹਾਂ ਕਿ ਪਰਾਪਰ ਤਰੀਕੇ ਦੇ ਨਾਲ ਇੱਕ ਕਮੇਟੀ ਬਣਾ ਦਿੱਤੀ ਜਾਵੇ,

ਜਿਹੜੀ ਇੱਕ ਵਾਰੀ ਮਹੀਨੇ ਵਿੱਚ ਉਥੇ ਜਾ ਕੇ ਇੰਸਪੈਕਸ਼ਨ ਕਰ ਲਵੇ, ਉਹ ਲੋਕਲ ਲੋਕਾਂ ਦੀ ਹੋਵੇ। ਸਪੀਕਰ ਸਾਹਿਬ, ਇੱਕ ਦੋ ਡਾਕਟਰ ਹੋਣ ਅਤੇ ਇੱਕ ਦੋ ਪਬਲਿਕ ਦੇ ਨੁਮਾਇੰਦੇ ਹੋਣ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦੀ ਹਾਂ ਕਿ ਜਿਹੜੀ ਆਯੂਸ਼ਮਾਨ ਸਰਬੱਤ ਸਿਹਤ ਬੀਮਾ ਯੋਜਨਾ ਹੈ, ਇਹ ਕੇਂਦਰ ਅਤੇ ਪੰਜਾਬ ਦੀ ਸਾਂਝੀ ਯੋਜਨਾ ਹੈ। ਪਿੰਡਾਂ ਵਿੱਚ ਇਸ ਸਕੀਮ ਦੇ ਕਾਰਡ ਕੈਫੇ ਦੁਬਾਰਾ ਬਣਾਏ ਜਾਂਦੇ ਹਨ। ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਪਿੰਡਾਂ ਵਿੱਚ ਇੰਨੇ ਕੈਫੇ ਹੀ ਨਹੀਂ ਹੁੰਦੇ ਹਨ ਅਤੇ ਪਿੰਡਾਂ ਦੇ ਲੋਕਾਂ ਨੂੰ ਕਾਫੀ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਰਡ ਬਣਾਉਣ ਵੇਲੇ ਕੈਫੇ ਵਿੱਚ ਫੀਸ ਵੀ ਲਈ ਜਾਂਦੀ ਹੈ। ਸਰ, ਕ੍ਰਿਪਾ ਕਰਕੇ ਜਿਹੜੇ ਇਹ ਕਾਰਡ ਹਨ, ਇਹ ਪੀ.ਐਚ.ਸੀ., ਸੀ.ਐਚ.ਸੀ. ਅਤੇ ਸਬ-ਸੈਂਟਰਾਂ ਵਿੱਚ ਹੀ ਬਣਾਏ ਜਾਣ ਕਿਉਂਕਿ ਪਿੰਡਾਂ ਵਿੱਚ ਕਈ ਲੋਕ ਬਹੁਤ ਗਰੀਬ ਹਨ, ਉਹ ਆਪਣੀ ਅਜੀਵਿਕਾ ਵੀ ਮੁਸ਼ਕਲ ਨਾਲ ਚਲਾਉਂਦੇ ਹਨ। ਸਰ, ਉਨ੍ਹਾਂ ਲੋਕਾਂ ਵੱਲੋਂ ਕੋਈ ਫੀਸ ਨਾ ਲਈ ਜਾਵੇ। ਇਸ ਤੋਂ ਇਲਾਵਾ ਮਰੀਜ਼ਾਂ ਨੂੰ ਦਾਖਲ ਕਰਨ ਲਈ ਸਬੰਧਤ ਕੰਪਨੀ ਵੱਲੋਂ ਅਰੋਗਿਆ ਮਿੱਤਰ ਰੱਖੇ ਗਏ ਸਨ। ਸਪੀਕਰ ਸਾਹਿਬ, ਕਈ ਥਾਵਾਂ ਉਤੇ ਕੰਪਨੀ ਵੱਲੋਂ ਅਰੋਗਿਆ ਮਿੱਤਰ ਹਟਾ ਲਏ ਗਏ ਹਨ ਕਿਉਂਕਿ ਉਨ੍ਹਾਂ ਨੂੰ ਤਨਖਾਹਾਂ ਦੇਣੀਆਂ ਪੈਂਦੀਆਂ ਸਨ। ਮੇਰੇ ਸੀ.ਐਚ.ਸੀ., ਸੰਗਤ ਅਤੇ ਐਸ.ਡੀ.ਐਚ.ਸੀ., ਘੁੱਦਾ ਵਿਖੇ ਕੋਈ ਅਰੋਗਿਆ ਮਿੱਤਰ ਨਹੀਂ ਹੈ ਅਤੇ ਲੋਕਾਂ ਨੂੰ ਬਹੁਤ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰ, ਕ੍ਰਿਪਾ ਕਰਕੇ ਇਨ੍ਹਾਂ ਵਿੱਚ ਅਰੋਗਿਆ ਮਿੱਤਰ ਰੱਖੇ ਜਾਣ ਤਾਂ ਕਿ ਲੋਕਾਂ ਨੂੰ ਕੋਈ ਪਰੇਸ਼ਾਨੀ ਨਾ ਆਵੇ। ਧੰਨਵਾਦ ਜੀ।

**ਮਾਨਯੋਗ ਸਪੀਕਰ:** ਸੋਨੀ ਸਾਹਿਬ, ਅਰੋਗਿਆ ਮਿੱਤਰ ਪੂਰੇ ਕੀਤੇ ਜਾਣ।

**ਮੰਤਰੀ:** ਵੈਸੇ ਤਾਂ ਆਲਰੇਡੀ ਤਿੰਨ ਅਰੋਗਿਆ ਮਿੱਤਰ ਉਥੇ ਹਨ, ਇਹ ਸਾਰਾ ਹੈਲਥ ਡਿਪਾਰਟਮੈਂਟ ਦੇਖ ਰਿਹਾ ਹੈ। ਸਾਡੇ ਕੋਲ ਤਾਂ ਤਿੰਨ ਭੇਜੇ ਗਏ ਹਨ। ਜੇਕਰ ਹੋਰ ਪੇਸੈਂਟ ਵਧਣਗੇ ਤਾਂ ਹੋਰ ਵਧਾ ਦਿੱਤੇ ਜਾਣਗੇ। ਬਾਕੀ ਮੈਂ ਆਪਣੇ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਂ ਉਥੇ 15 ਤਾਰੀਖ ਨੂੰ ਜਾ ਰਿਹਾ ਹਾਂ, ਤੁਸੀਂ ਵੀ ਉਥੇ ਆ ਜਾਣਾ ਅਤੇ ਤੁਹਾਨੂੰ ਟਾਈਮ ਦੱਸ ਦਿੱਤਾ ਜਾਵੇਗਾ। ਜਿਹੜੀਆਂ ਮੁਸ਼ਕਲਾਂ ਹਨ, ਉਹ ਉਥੇ ਹੱਲ ਕਰ ਲਵਾਂਗੇ। 15 ਤਾਰੀਖ ਨੂੰ ਤੁਹਾਨੂੰ ਮੈਸੇਜ ਆ ਜਾਵੇਗਾ।

**ਮਾਨਯੋਗ ਸਪੀਕਰ:** ਸੋਨੀ ਸਾਹਿਬ, ਜਦੋਂ ਤੁਸੀਂ ਜਾਣਾ ਹੈ ਤਾਂ ਇਨ੍ਹਾਂ ਨੂੰ ਉਥੇ ਬੁਲਾ ਲੈਣਾ, ਬੁਲਾ ਕੇ ਸਾਰੇ ਮਸਲੇ ਹੱਲ ਕਰ ਦਿਓ।ਰੂਬੀ ਜੀ, ਤੁਸੀਂ ਸ਼ਾਮਲ ਹੋ ਜਾਣਾ, ਤੁਸੀਂ ਨਾਲ ਹੋ ਜਾਣਾ।

**ਮੰਤਰੀ:** ਠੀਕ ਹੈ ਜੀ। ਮੈਂ ਉਥੇ 15 ਤਾਰੀਖ ਨੂੰ ਜਾ ਰਿਹਾ ਹਾਂ ਅਤੇ ਇਨ੍ਹਾਂ ਨੂੰ ਮੈਸੇਜ ਮਿਲ ਜਾਵੇਗਾ।

(ਇਸ ਸਮੇਂ ਆਮ ਆਦਮੀ ਪਾਰਟੀ ਦੀ ਮੈਂਬਰ, ਸ਼੍ਰੀਮਤੀ ਰੁਪਿੰਦਰ ਕੌਰ ਰੂਬੀ ਸਪਲੀਮੈਂਟਰੀ ਕਰਨ ਲਈ ਸਮਾਂ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਰੂਬੀ ਜੀ, ਇੱਕੋ ਹੀ ਸਪਲੀਮੈਂਟਰੀ ਹੁੰਦੀ ਹੈ। ਬੀਬਾ ਜੀ, ਇੱਕੋ ਹੀ ਸਪਲੀਮੈਂਟਰੀ ਹੁੰਦੀ ਹੈ। ਬੈਠੋ, ਬੀਬਾ ਜੀ, ਇੱਕ ਹੀ ਸਪਲੀਮੈਂਟਰੀ ਹੁੰਦੀ ਹੈ।

**(ਇੱਕ ਆਵਾਜ਼:** ਸਪੀਕਰ ਸਾਹਿਬ, ਇੱਕ ਸਪਲੀਮੈਂਟਰੀ ਦੇ ਦਿਓ ਜੀ।)

**ਮਾਨਯੋਗ ਸਪੀਕਰ:** ਚਲੋ, ਬੋਲੋ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਜੀ। ਸਪੀਕਰ ਸਾਹਿਬ, ਉਥੇ ਅਰੋਗਿਆ ਮਿੱਤਰ ਕੋਈ ਵੀ ਨਹੀਂ ਹੈ। ਮੈਂ ਖੁਦ ਵੀ ਉਥੇ ਵਿਜ਼ਟ ਕੀਤਾ ਸੀ। ਉਥੇ ਕੋਈ ਅਰੋਗਿਆ ਮਿੱਤਰ ਨਹੀਂ ਹੈ ਅਤੇ ਆਲਰੇਡੀ ਸਟਾਫ ਦੀ ਵੀ ਬਹੁਤ ਕਮੀ ਹੈ। ਅਗਰ ਹਸਪਤਾਲਾਂ ਨੇ ਰੱਖਣੇ ਹੀ ਹਨ ਤਾਂ ਕਾਈਂਡਲੀ ਵਿਭਾਗ ਵੱਲੋਂ ਉਨ੍ਹਾਂ ਨੂੰ ਲੈਟਰ ਭੇਜ ਦਿਓ ਕਿ ਇਸ ਹਦਾਇਤਾਂ ਅਨੁਸਾਰ ਕਾਰਵਾਈ ਨੂੰ ਅਮਲੀ ਰੂਪ ਵਿੱਚ ਲਿਆਂਦਾ ਜਾ ਸਕੇ।

**ਮਾਨਯੋਗ ਸਪੀਕਰ:** ਰੂਬੀ ਜੀ, ਰੂਬੀ ਜੀ, ਜਦੋਂ ਮੰਤਰੀ ਜੀ ਉਥੇ ਆ ਰਹੇ ਹਨ, ਤੁਹਾਨੂੰ ਬੁਲਾਉਣਗੇ ਤਾਂ ਤੁਸੀਂ ਇਨ੍ਹਾਂ ਨਾਲ ਬੈਠ ਕੇ ਸਾਰੇ ਮਸਲੇ sort out ਕਰ ਲਓ। ਚਲੋ ਬੈਠੋ। ਹਾਂ ਜੀ, ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਜੀ।

---------

**(ਕ੍ਰਮ ਨੰ: 46)**

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:**

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਸ਼੍ਰੀਮਾਨ ਜੀ, ਮੈਂ ਸਦਨ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਬਰਨਾਲਾ ਜ਼ਿਲ੍ਹਾ ਬਣੇ ਨੂੰ 14 ਸਾਲ ਹੋ ਚੁੱਕੇ ਹਨ ਪਰ ਹੁਣ ਵੀ ਸਥਾਨਕ ਲੋਕਾਂ ਨੂੰ ਅਜੇ ਵੀ ਬਹੁਤ ਸਾਰੇ ਦਫਤਰ ਸੰਗਰੂਰ ਹੋਣ ਕਾਰਨ ਆਪਣੇ ਸਰਕਾਰੀ ਕੰਮ ਕਰਵਾਉਣ ਲਈ ਸੰਗਰੂਰ ਜਾਣਾ ਪੈਂਦਾ ਹੈ। ਸਰਕਾਰ ਵੱਲੋਂ ਵਿਕਸਿਤ ਕਰਕੇ ਜ਼ਿਲ੍ਹਾ ਬਣਾਵੁਣ ਦੇ ਬਾਵਜੂਦ ਵੀ ਬਰਨਾਲਾ ਨੂੰ ਪੂਰਨ ਜ਼ਿਲ੍ਹੇ ਦਾ ਦਰਜਾ ਪ੍ਰਾਪਤ ਨਹੀਂ ਹੋਇਆ ਸਰਕਾਰ ਦੀ ਇਸ ਅਣਦੇਖੀ ਕਾਰਨ ਲੋਕਾਂ ਨੂੰ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ। ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਆਮ ਲੋਕਾਂ ਲਈ ਸੰਗਰੂਰ ਜਾਣਾ ਮੁਮਕਿਨ ਨਹੀਂ ਹੈ ਸੋ ਕਿਰਪਾ ਕਰਕੇ ਲੋਕਾਂ ਦੀ ਇਸ ਮੁਸ਼ਕਿਲ ਨੂੰ ਵੇਖਦੇ ਹੋਏ ਇਸ ਸਮੱਸਿਆ ਦਾ ਹੱਲ ਜਲਦ ਤੋਂ ਜਲਦ ਕੀਤਾ ਜਾਵੇ।

ਸਬੰਧਿਤ ਮੰਤਰੀ ਕਿਰਪਾ ਕਰਕੇ ਇਸ ਸਬੰਧੀ ਸਦਨ ਵਿੱਚ ਬਿਆਨ ਦੇਣ ਦੀ ਕਿਰਪਾਲਤਾ ਕਰਨ।

**ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ):** ਸਪੀਕਰ ਸਾਹਿਬ, ਮੈਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਡਿਪਟੀ ਕਮਿਸ਼ਨਰ, ਬਰਨਾਲਾ ਵੱਲੋਂ ਮਿਤੀ 3-3-2021 ਨੂੰ ਭੇਜੀ ਰਿਪੋਰਟ ਅਨੁਸਾਰ ਜਿੱਥੋਂ ਤੱਕ ਮਾਲ ਵਿਭਾਗ ਦਾ ਸਬੰਧ ਹੈ, ਜ਼ਿਲ੍ਹਾ ਬਰਨਾਲਾ ਵਿੱਚ ਰੈਵੀਨਿਊ ਨਾਲ ਸਬੰਧਤ ਬਣੇ ਸਾਰੇ ਸਰਕਾਰੀ ਦਫਤਰ ਮੌਜੂਦ ਹਨ।

**ਮਾਨਯੋਗ ਸਪੀਕਰ:** ਹਾਂ ਜੀ, ਮੀਤ ਜੀ, ਤੁਸੀਂ ਇੱਕ ਸਵਾਲ ਹੀ ਪੁੱਛ ਸਕਦੇ ਹੋ। ਪੁੱਛੋ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਪੀਕਰ ਸਾਹਿਬ, ਜਦੋਂ ਪਿਛਲੀ ਸਰਕਾਰ ਸੀ ਉਦੋਂ 19 ਨਵੰਬਰ 2006 ਨੂੰ ਬਰਨਾਲੇ ਨੂੰ ਜ਼ਿਲ੍ਹਾ ਬਣਾਇਆ ਗਿਆ। ਇਹ ਇੱਕ ਡਵੀਜ਼ਨ ਸੀ ਅਤੇ ਡਵੀਜ਼ਨ ਦਾ ਜ਼ਿਲ੍ਹਾ ਬਣਾ ਦਿੱਤਾ ਗਿਆ। ਜਿਹੜੇ ਸਾਰੇ ਦਫਤਰ ਐਕਸੀਅਨ ਡਰੇਨਜ਼, ਐਕਸੀਅਨ ਨਹਿਰੀ ਵਿਭਾਗ, ਐਕਸੀਅਨ ਪੰਜਾਬ ਪ੍ਰਦੂਸ਼ਣ ਬੋਰਡ, ਐਕਸੀਅਨ ਸਹਾਇਕ ਲੇਬਰ ਕਮਿਸ਼ਨਰ ਜ਼ਿਲ੍ਹਾ ਟਾਊਨ ਪਲਾਨਰ, ਜ਼ਿਲ੍ਹਾ ਭਾਸ਼ਾ ਅਫਸਰ, ਡਿਪਟੀ ਡਾਇਰੈਕਟਰ, ਮੱਛੀ ਪਾਲਣ ਵਿਭਾਗ, ਡਿਪਟੀ ਡਾਇਰੈਕਟਰ, ਬਾਗਬਾਨੀ, ਡਿਪਟੀ ਡਾਇਰੈਕਟਰ ਫੈਕਟਰੀ, ਐਕਸੀਅਨ ਪੰਜਾਬ ਸਟੇਟ ਟਿਊਬਵੈੱਲ, 13 ਡਿਪਾਰਟਮੈਂਟ ਅਜੇ ਵੀ ਸੰਗਰੂਰ ਹਨ। ਪਹਿਲਾਂ ਇਹ ਕਿਹਾ ਜਾਂਦਾ ਸੀ ਕਿ ਜ਼ਿਲ੍ਹਾ ਕੰਪਲੈਕਸ ਦੀ ਬਿਲਡਿੰਗ ਨਹੀਂ ਹੈ ਤਾਂ ਕਰਕੇ ਇਹ ਸੰਗਰੂਰ ਹਨ। ਜਿਸ ਦਿਨ ਬਿਲਡਿੰਗ ਬਣ ਗਈ ਉਸ ਦਿਨ ਹੀ ਆ ਜਾਣਗੇ। ਜਦੋਂ ਅਕਾਲੀ ਦਲ ਦੀ ਸਰਕਾਰ ਸੀ ਉਦੋਂ ਸਾਡੇ ਬਰਨਾਲੇ ਕਹਿੰਦੇ ਹੁੰਦੇ ਸੀ ਕਿ ਕਾਂਗਰਸ ਨੇ ਜ਼ਿਲ੍ਹੀ ਤਾਂ ਬਣਾ

ਦਿੱਤੀ ਪਰ ਸਾਡੀ ਸਰਕਾਰ ਜ਼ਿਲ੍ਹਾ ਬਣਾਵਾਂਗੇ। ਬਿਲਡਿੰਗ ਬਣ ਜਾਣ ਦਿਓ। ਬਿਲਡਿੰਗ ਬਣ ਗਈ ਪਰ ਅੱਜ ਜ਼ਿਲ੍ਹਾ ਬਣੇ ਨੂੰ 15 ਸਾਲ ਹੋ ਗਏ ਹਨ। ਅਜੇ ਵੀ ਸਾਰੇ ਦੇ ਸਾਰੇ ਦਫਤਰ ਸੰਗਰੂਰ ਹਨ। ਜ਼ਿਲ੍ਹਾ ਨਾਮ ਦਾ ਬਣਾ ਦਿੱਤਾ ਪਰ ਸਾਨੂੰ ਅਜੇ ਵੀ ਸਾਰੇ ਕੰਮਾਂ ਕਾਰਾਂ ਲਈ ਸੰਗਰੂਰ ਜਾਣਾ ਪੈਂਦਾ ਹੈ। ਸੋ, ਮੇਰੀ ਮੰਤਰੀ ਸਾਹਿਬ ਨੂੰ, ਸਰਕਾਰ ਨੂੰ ਬੇਨਤੀ ਹੈ ਕਿ ਜੇਕਰ ਬਰਨਾਲਾ ਜ਼ਿਲ੍ਹਾ ਬਣਾ ਹੀ ਦਿੱਤਾ ਹੈ ਤਾਂ ਮਹਿਕਮੇ ਵੀ ਉੱਥੇ ਕਰ ਦੇਵੋ। ਲੋਕਾਂ ਨੂੰ ਘੱਟੋਂ ਘੱਟ ਅਹਿਸਾਸ ਤਾਂ ਹੋਵੇ ਕਿ ਅਸੀਂ ਜ਼ਿਲ੍ਹੇ ਵਿੱਚ ਰਹਿੰਦੇ ਹਾਂ।

**ਮੰਤਰੀ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਇਨ੍ਹਾਂ ਨੇ ਮਾਲ ਡਿਪਾਰਟਮੈਂਟ ਦੀ ਗੱਲ ਕੀਤੀ ਹੈ। ਮਾਲ ਡਿਪਾਰਟਮੈਂਟ ਦੇ ਤਕਰੀਬਨ ਸਾਰੇ ਹੀ ਦਫਤਰ ਉੱਥੇ ਹਨ। ਜਿਹੜੇ ਇਨ੍ਹਾਂ ਨੇ ਦੂਸਰੇ ਦਫਤਰ ਕਹੇ ਹਨ ਇਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਹੈ। ਅਸੀਂ ਸਬੰਧਤ ਡਿਪਾਰਟਮੈਂਟ ਨਾਲ ਗੱਲ ਕਰਕੇ ਜਿਹੜੇ ਵੀ ਦਫਤਰ ਰਹਿੰਦੇ ਹਨ ਉਨ੍ਹਾਂ ਨੂੰ ਜਲਦ ਤੋਂ ਜਲਦ ਸ਼ਿਫਟ ਕਰ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ:** ਹਾਂ ਜੀ, ਪੰਡੋਰੀ ਸਾਹਿਬ।

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਬਰਨਾਲਾ ਜ਼ਿਲ੍ਹੇ ਨਾਲ ਸਬੰਧਤ ਪਹਿਲਾਂ ਰਾਏਕੋਟ ਵਿੱਚ ਮੇਰੇ ਹਲਕੇ ਦੇ 13 ਪਿੰਡ ਸਨ। ਉਹ ਲੁਧਿਆਣੇ ਵਿੱਚ ਪਾ ਦਿੱਤੇ। 21 ਪਿੰਡ ਬਲਾਕ ਸ਼ਹੀਦਪੁਰ ਦੇ ਹਨ। ਉਹ ਸੰਗਰੂਰ ਦੇ ਨਾਲ ਜੋੜ ਦਿੱਤੇ। ਇਸ ਕਰਕੇ ਲੋਕ ਬਹੁਤ ਖੱਜਲ ਖੁਆਰ ਹੁੰਦੇ ਹਨ। RTI ਦਾ ਦਫਤਰ ਵੀ ਸੰਗਰੂਰ ਹੈ। ਜਦੋਂ ਕੋਵਿਡ-19 ਚੱਲਿਆ ਉਸ ਦੌਰਾਨ 20-20,000/- ਦੇ ਵੱਡੇ ਵੱਡੇ ਚਲਾਨ ਕੱਟੇ ਗਏ। ਉਹ ਗਰੀਬ ਲੋਕਾਂ ਦਾ 20,000 ਦਾ, 10,000 ਦਾ ਸਕੂਟਰ ਹੁੰਦਾ ਸੀ। ਚਲਾਨ ਮਹਿੰਗੇ ਕੱਟੇ ਗਏ। ਕਿਉਂਕਿ ਆਮ ਬੰਦੇ ਦੀ ਪਹੁੰਚ ਰਾਜਨੀਤਕ ਲੋਕਾਂ ਤੱਕ ਨਹੀਂ ਹੁੰਦੀ ਸੀ। ਲੋਕ ਬਹੁਤ ਖੱਜਲ ਖੁਆਰ ਹੋਏ ਹਨ। ਕਿਰਪਾ ਕਰਕੇ ਜਿਹੜੇ ਪਿੰਡ ਲੁਧਿਆਣੇ ਅਤੇ ਸੰਗਰੂਰ ਨਾਲ ਜੋੜੇ ਗਏ ਹਨ ਉਹ ਪਹਿਲਾਂ ਵਾਂਗ ਬਰਨਾਲੇ ਵਿੱਚ ਹੀ ਰਹਿਣ ਦਿੱਤੇ ਜਾਣ। ਮੈਂ ਇਸ ਪਾਸੇ ਮੰਤਰੀ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਇਨ੍ਹਾਂ ਤੇ ਵਿਚਾਰ ਕਰੋ ਜੀ।

**ਮੰਤਰੀ:** ਸਪੀਕਰ ਸਾਹਿਬ, ਇਹ ਕੰਮ ਮਰਦਮਸ਼ੁਮਾਰੀ ਦਾ ਹੈ। ਪਿਛਲੇ ਸਮੇਂ ਵਿੱਚ delimitation ਹੋਈ ਸੀ। ਉਦੋਂ ਪਿੰਡਾਂ ਦੀ ਅਦਲਾ ਬਦਲੀ ਕੀਤੀ ਗਈ। ਇਹ ਸੈਂਟਰ ਗੌਰਮਿੰਟ ਵੱਲੋਂ....

**ਮਾਨਯੋਗ ਸਪੀਕਰ:** ਨਹੀਂ, ਨਹੀਂ, ਨਹੀਂ। delimitation ਰੈਵੀਨਿਊ ਡਿਪਾਰਟਮੈਂਟ ਨੇ ਕਰਨੀ ਹੈ। ਇਹ ਤਾਂ ਤੁਸੀਂ ਕਰਨੀ ਹੈ।

**ਮੰਤਰੀ:** Delimitation ਦਾ ਸਮਾਂ ਹੁੰਦਾ ਹੈ।

**ਮਾਨਯੋਗ ਸਪੀਕਰ:** ਹਲਕਿਆਂ ਦੀ ਗੌਰਮਿੰਟ ਆਫ ਇੰਡੀਆ ਨੇ ਕਰਨੀ ਹੈ। ਲੇਕਿਨ ਪਿੰਡਾਂ ਨੂੰ ਕੱਢ ਕੇ ਇੱਧਰ ਉੱਧਰ ਸ਼ਿਫਟ ਕਰਨਾ ਇਹ ਤੁਹਾਡੇ ਵਸ ਦੀ ਗੱਲ ਹੈ।

**ਮੰਤਰੀ:** ਇਸ ਗੱਲ ਤੇ ਵਿਚਾਰ ਕੀਤਾ ਜਾਵੇਗਾ।

**ਮਾਨਯੋਗ ਸਪੀਕਰ:** ਹਾਂ ਜੀ, ਵਿਚਾਰ ਕਰ ਲਵੋ।

--------

## PAPERS LAID ON THE TABLE OF THE HOUSE

**ਮਾਨਯੋਗ ਸਪੀਕਰ :** ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ. III ਅਧੀਨ ਦਰਸਾਏ ਗਏ ਕ੍ਰਮ ਅੰਕ ਨੰ. 1 ਤੋਂ 3 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :

1.ਸਾਲ 2021-22 ਲਈ ਛੇਵੇਂ ਪੰਜਾਬ ਵਿੱਤ ਕਮਿਸ਼ਨ ਦੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਛੇਵੇਂ ਪੰਜਾਬ ਵਿੱਤ ਕਮਿਸ਼ਨ ਦੁਆਰਾ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਸਬੰਧ ਕੀਤੀ ਗਈ ਕਾਰਵਾਈ ਤੇ ਵਿਆਖਿਆਤਮਕ ਯਾਦ-ਪੱਤਰ ਸਹਿਤ ਭਾਰਤ ਦੇ ਸੰਵਿਧਾਨ ਦੇ ਅਨੁਛੇਦ 243-1(4) ਅਤੇ 243-ਨ(2) ਅਤੇ ਪੰਚਾਇਤਾਂ ਅਤੇ ਮਿਊਂਸਪੈਲਿਟੀ ਐਕਟ, 1994 ਲਈ ਪੰਜਾਬ ਵਿੱਤ ਕਮਿਸ਼ਨ ਦੀ ਧਾਰਾ 11 ਅਧੀਨ ਲੋੜੀਂਦਾ ਹੈ।

2. ਸਾਲਾਂ 2016-17, 2017-18 ਅਤੇ 2018-19 ਲਈ ਪੰਜਾਬ ਜਲ ਸਪਲਾਈ ਅਤੇ ਸੀਵਰੇਜ਼ ਬੋਰਡ

ਚੰਡੀਗੜ੍ਹ ਦੀਆਂ ਸਾਲਾਨਾ ਪ੍ਰਬੰਧਕੀ ਰਿਪੋਰਟਾਂ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਪੰਜਾਬ ਜਲ ਸਪਲਾਈ ਅਤੇ ਸੀਵਰੇਜ਼ ਬੋਰਡ ਐਕਟ, 1976 ਦੀ ਧਾਰਾ 42(2) ਅਧੀਨ ਲੋੜੀਂਦਾ ਹੈ।

3. ਮਿਤੀ 1-4-2019 ਤੋਂ 31-3-2020 ਅਤੇ 1-4-2020 ਤੋਂ 30-9-2020 ਤੱਕ ਬਜਟ (2019-20 ਅਤੇ 2020-21) ਦੇ ਸਬੰਧ ਵਿੱਚ ਪ੍ਰਾਪਤੀਆਂ ਅਤੇ ਖਰਚੇ ਦੇ ਰੁਝਾਨਾਂ ਦਾ ਵਿਵਰਣ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ, 2003 ਦੀ ਧਾਰਾ 6(1) ਅਧੀਨ ਲੋੜੀਂਦਾ ਹੈ।

---------

## PRESENTATION OF REPORTS OF THE COMMITTEES

**ਮਾਨਯੋਗ ਸਪੀਕਰ :** ਸ਼੍ਰੀ ਨੱਥੂ ਰਾਮ,ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ ਸਬੰਧੀ ਕਮੇਟੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ (ਸ਼੍ਰੀ ਨੱਥੂ ਰਾਮ):** ਸ਼੍ਰੀਮਾਨ ਜੀ, ਮੈਂ ਸਾਲ 2020-21 ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ ਦੀ 46ਵੀਂ ਰਿਪੋਰਟ ਪੇਸ਼ ਕਰਦਾ ਹਾਂ।

**ਮਾਨਯੋਗ ਸਪੀਕਰ :** ਸਰਦਾਰ ਤਰਸੇਮ ਸਿੰਘ ਡੀ.ਸੀ., ਅਧੀਨ ਵਿਧਾਨ ਕਮੇਟੀ ਦੀ ਰਿਪੋਰਟ ਪੇਸ਼ ਕਰਨ। ਕੀ ਡੀ.ਸੀ. ਜੀ ਨਹੀਂ ਹਨ? ਹਾਂ ਫੇਰ ਉਹ ਆਪ ਰਿਪੋਰਟ ਪੇਸ਼ ਕਰਨਗੇ। ਨਹੀਂ ਸੁਖਵਿੰਦਰ ਜੀ, ਤੁਸੀਂ ਰਿਪੋਰਟ ਪੇਸ਼ ਨਹੀਂ ਕਰ ਸਕਦੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਸੁਖਵਿੰਦਰ ਕੁਮਾਰ ਆਪਣੀ ਸੀਟ ਤੇ ਖੜ੍ਹ ਕੇ ਬੋਲ ਰਹੇ ਸਨ।)

**2. Chairman, Committee on Subordinate Legislation (Sardar Tarsem Singh D.C) :** Sir, I beg to present the 44th Report of the Committee on Subordinate Legislation for the Year 2020-21.

----------

## GENERAL DISCUSSION ON THE BUDGET ESTIMATES FOR THE YEAR 2021-22

**ਮਾਨਯੋਗ ਸਪੀਕਰ :** ਸਾਲ 2021-22 ਬਜਟ ਅਨੁਮਾਨਾਂ ਤੇ ਆਮ ਬਹਿਸ। ਇਸ ਬਹਿਸ ਵਾਸਤੇ ਅੱਜ ਦੇ ਦਿਨ ਲਈ 3 ਘੰਟੇ ਰੱਖੇ ਹਨ। ਤੁਹਾਡੀਆਂ ਲਿਸਟਾਂ ਆ ਗਈਆਂ ਹਨ। ਹਾਂ ਜੀ, ਸ਼੍ਰੀ ਬੁੱਧ ਰਾਮ ਜੀ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ ) :** ਸਪੀਕਰ ਸਾਹਿਬ, ਦੇਖ ਲਓ ਜੇਕਰ ਲੈਜਿਸਲੇਟਿਵ ਬਿਜ਼ਨਸ ਪਹਿਲਾਂ ਕਰਨਾ ਹੈ।

**ਮਾਨਯੋਗ ਸਪੀਕਰ :** ਨਹੀਂ ਜੀ। ਪਹਿਲਾਂ ਬਹਿਸ ਕਰ ਲਈਏ।

**ਸ਼੍ਰੀ ਬੁੱਧ ਰਾਮ (ਬੁਢਲਾਡਾ, ਐਸ.ਸੀ.) :** ਸਪੀਕਰ ਸਾਹਿਬ, ਧੰਨਵਾਦ ਜੀ। ਤੁਸੀਂ ਮੈਨੂੰ ਬਜਟ ਦੇ ਸਬੰਧ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਸੋ, ਬਜਟ ਸਬੰਧੀ ਜੇਕਰ ਅਸੀਂ ਕੱਲ੍ਹ ਦਾ ਪ੍ਰਿੰਟ ਮੀਡੀਆ ਦੇਖਦੇ ਹਾਂ ਜਾਂ ਟੀ.ਵੀ. ਤੇ ਆਈਆਂ ਬਹਿਸਾਂ ਨੂੰ ਵਾਚਦੇ ਹਾਂ ਤਾਂ ਇਸ ਬਜਟ ਦੀ ਵੱਡੀ ਪੱਧਰ ਤੇ ਆਲੋਚਨਾ ਹੋਈ ਹੈ। ਕਿਉਂਕਿ ਲੋਕਾਂ ਨੂੰ ਬਜਟ ਤੋਂ ਵੱਡੀ ਆਸ ਸੀ। ਇਲੈਕਸ਼ਨ ਦਾ ਸਾਲ ਸੀ, ਲੋਕਾਂ ਨੂੰ ਇਹ ਲਗਦਾ ਸੀ ਕਿ ਸਰਕਾਰ ਅਮਲੀ ਰੂਪ ਵਿੱਚ ਕੁਝ ਨਾ ਕੁਝ ਲਾਜ਼ਮੀ ਕਰੇਗੀ। ਜਦੋਂ ਵਿੱਤ ਮੰਤਰੀ ਜੀ ਬਜਟ ਪੜ੍ਹ ਰਹੇ ਸੀ ਤਾਂ ਇਨ੍ਹਾਂ ਨੇ ਬੁੱਲੇ ਸ਼ਾਹ ਜੀ ਦੀ ਕਾਫੀ ਦਾ ਇੱਕ ਸ਼ੇਅਰ ਪੜ੍ਹਿਆ ਕਿ "ਜਿਵੇਂ ਤੁਸੀਂ ਨਦਰਿ ਕਰਦੇ ਹੋ ਤਾਂ ਸਾਡੀ ਬੱਲੇ-ਬੱਲੇ ਹੈ"। ਤਾਂ ਬੁੱਲੇ ਸ਼ਾਹ ਜੀ ਨੇ ਇਹ ਵੀ ਕਿਹਾ ਸੀ ਕਿ "ਅਮਲਾਂ ਬਾਝੋਂ ਹੋਣ ਨਬੇੜੇ, ਖੜ੍ਹੀਆਂ ਰਹਿਣਗੀਆਂ ਜਾਤਾਂ " ਸੋ, ਇਸ ਕਰਕੇ ਗੱਲ ਅਮਲਾਂ ਦੀ ਹੈ। ਇੱਥੇ ਤਾਂ ਗੱਲ ਲਾਗੂ ਕਰਨ ਦੀ ਹੈ ਕਿ ਬਜਟ ਦੇ ਵਿੱਚ ਦਿੱਤੇ ਹੋਏ ਲਾਲੀਪਾਪ, ਬਜਟ ਦੇ ਵਿੱਚ ਦਿੱਤੇ ਹੋਏ ਲਾਰੇ ਕੀ ਸਹੀ ਰੂਪ ਵਿੱਚ ਲੋਕਾਂ ਤੱਕ ਪਹੁੰਚਦੇ ਹਨ ਜਾਂ ਨਹੀਂ ਪਹੁੰਚਦੇ। ਖਬਰਾਂ ਆ ਰਹੀਆਂ ਸਨ ਕਿ ਇਸਤਰੀਆਂ ਵਾਸਤੇ ਬੱਸ ਦੇ ਵਿੱਚ ਸਫਰ ਫਰੀ ਕਰ ਦਿੱਤਾ ਪਰੰਤੂ ਬੱਸਾਂ ਕਿੱਥੇ ਹਨ? ਪੀ.ਆਰ.ਟੀ.ਸੀ. ਤੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਤਾਂ ਬਹੁਤ ਹੀ ਘੱਟ ਹਨ। ਮੇਰੇ ਹਲਕੇ ਦੇ ਅੱਧੇ ਪਿੰਡਾ ਵਿੱਚ ਕਿਤੇ ਪੀ.ਆਰ.ਟੀ.ਸੀ. ਦੀ ਬੱਸ ਨਹੀਂ ਜਾਂਦੀ। ਖਬਰਾਂ ਆ ਰਹੀਆਂ ਸਨ ਕਿ ਅਸੀਂ ਕਰਜ਼ੇ

ਮੁਆਫ ਕਰਾਂਗੇ। ਕਰਜ਼ੇ ਤਾਂ ਕੀ ਮੁਆਫ ਕਰਨੇ ਸੀ, ਸਰਕਾਰ ਦਾ ਤਾਂ ਖੁਦ ਕਰਜ਼ਾ ਵਧ ਰਿਹਾ ਹੈ, ਖੁਦ ਕਰਜ਼ਾਈ ਹੋ ਰਹੀ ਹੈ। ਖਬਰਾਂ ਆ ਰਹੀਆਂ ਸਨ ਕਿ ਕਿਸਾਨਾਂ ਦੀ ਭਲਾਈ ਵਾਸਤੇ ਕੁਝ ਕਰਨਗੇ ਪਰੰਤੂ ਕਿਸਾਨਾਂ ਦੇ ਮੇਰੇ ਕੋਲ ਕੁਝ ਨੋਟਿਸ ਪਏ ਹਨ। ਸਹਿਕਾਰਤਾ ਮੰਤਰੀ, ਰੰਧਾਵਾ ਜੀ ਨੂੰ ਮੇਰੀ ਬੇਨਤੀ ਹੈ ਕਿ ਤੁਹਾਡੇ ਮਹਿਕਮੇ ਦੇ ਵੱਲੋਂ ਕੋਆਪਰੇਟਿਵ ਸੁਸਾਇਟੀ ਦੇ ਵੱਲੋਂ ਪਿੰਡ ਬਹਾਦਰਪੁਰ ਦੇ ਕਿਸਾਨਾਂ ਨੂੰ ਨੋਟਿਸ ਆ ਚੁੱਕੇ ਹਨ ਕਿ ਜੇ ਤੁਸੀਂ ਕਰਜ਼ੇ ਨਾ ਭਰੇ ਤਾਂ ਤੁਹਾਡੇ ਤੇ ਕਾਰਵਾਈ ਕਰਾਂਗੇ। ਇਸ ਕਰਕੇ ਮੈਂ ਸਮਝਦਾ ਹਾਂ ਕਿ ਜਿਹੜਾ ਬਜਟ ਦਾ ਕੰਮ ਸੀ, ਉਹ ਨਹੀਂ ਹੋ ਸਕਿਆ। ਠੀਕ ਹੈ ਕਿ 1 ਲੱਖ 62 ਹਜ਼ਾਰ ਕਰੋੜ ਰੁਪਿਆ ਰਿਸੀਟ ਹੋਈ ਹੈ ਔਰ ਖਰਚ 168015 ਕਰੋੜ ਖਰਚ ਹੋਇਆ ਹੈ। ਸਰ, ਇਸ ਵਿੱਚ ਕੋਈ ਸ਼ਕ ਨਹੀਂ ਹੈ ਕਿ ਕੋਰੋਨਾ ਵੀ ਹੋਇਆ ਹੈ। ਕੋਰੋਨਾ ਕਾਲ ਦੇ ਵਿੱਚ ਪੂਰੇ ਇੰਡੀਆ ਦੇ ਵਿੱਚ ਅਤੇ ਵਰਲਡ ਲੈਵਲ ਤੇ ਆਮਦਨੀ ਘਟੀ ਹੈ। ਜੇ ਆਮਦਨੀ ਘਟੀ ਹੈ ਤਾਂ ਖਰਚ ਵੀ ਘੱਟ ਕੀਤਾ ਹੈ। ਜਿਹੜਾ ਪਿਛਲੇ ਸਾਲ ਦਾ ਬਜਟ ਅਨੁਮਾਨ ਸੀ, ਉਸ ਤਹਿਤ ਤੁਸੀਂ ਪੰਜਾਬ ਦੇ 10 ਦੇ 10 ਵਿਭਾਗਾਂ ਵਿੱਚ 4550 ਕਰੋੜ ਰੁਪਿਆ ਘੱਟ ਖਰਚ ਕੀਤਾ ਹੈ। ਸਪੀਕਰ ਸਾਹਿਬ, ਇਸ ਵਿੱਚ ਖੇਤੀਬਾੜੀ ਵਿਭਾਗ ਆ ਗਿਆ, ਦਿਹਾਤੀ ਵਿਕਾਸ ਆ ਗਿਆ, ਸਿੰਚਾਈ, ਪਾਵਰ, ਉਦਯੋਗ ਆ ਗਿਆ, ਟਰਾਂਸਪੋਰਟ ਵਿਭਾਗ ਆ ਗਿਆ। ਤਕਨਾਲੋਜੀ ਵਿਭਾਗ, ਆਮ ਤੇ ਸਮਾਜਿਕ ਸੇਵਾਵਾਂ ਵੀ ਆ ਗਈਆਂ । ਇਨ੍ਹਾਂ ਵਿੱਚ ਤੁਸੀਂ 4550 ਕਰੋੜ ਰੁਪਿਆ ਘੱਟ ਖਰਚ ਕੀਤਾ ਹੈ।

ਜਦੋਂ ਕੋਈ ਵੀ ਰਾਹਤ ਦਿੱਤੀ ਜਾਂਦੀ ਹੈ ਤਾਂ ਵੱਡੀ ਪੱਧਰ ਤੇ ਮੇਜ਼ ਥਪਥਪਾਏ ਜਾਂਦੇ ਹਨ। ਸਪੀਕਰ ਸਾਹਿਬ, ਜਦੋਂ ਮੇਜ਼ ਥਪਥਪਾਏ ਜਾਂਦੇ ਹਨ ਤਾਂ ਸਾਨੂੰ ਇਵੇਂ ਲਗਦਾ ਹੈ ਕਿ ਇਹ ਪੈਸੇ ਖਰਚ ਹੋਣਗੇ। ਪਰੰਤੂ ਅਮਲ ਕੀ ਹੈ? ਅਮਲ ਇਹ ਹੈ ਕਿ ਜਦੋਂ ਸੋਧੇ ਹੋਏ ਅਨੁਮਾਨ ਆਉਂਦੇ ਹਨ ਤਾਂ ਉਸ ਤੋਂ ਕਿਤੇ ਘੱਟ ਹੁੰਦੇ ਹਨ। ਜਿਵੇਂ ਕਿ ਪਾਵਰ ਦੀ ਗੱਲ ਕਰ ਲਈਏ, ਇਸ ਵਿੱਚ ਤੁਸੀਂ 127 ਕਰੋੜ ਰੁਪਏ ਰੱਖੇ ਸੀ, ਪਰੰਤੂ ਉਸ ਵਿੱਚ ਵੀ 61 ਕਰੋੜ ਰੁਪਿਆ ਹੀ ਖਰਚ ਹੋਇਆ ਹੈ। ਦਿਹਾਤੀ ਵਿਕਾਸ ਨੂੰ 1992 ਕਰੋੜ ਰੁਪਏ ਰੱਖੇ ਸੀ, ਪਰੰਤੂ ਇਸ ਮੁਤਾਬਕ 590 ਕਰੋੜ ਰੁਪਏ ਘੱਟ ਖਰਚ ਕੀਤੇ ਹਨ। ਤੁਸੀਂ ਆਮ ਸੇਵਾਵਾਂ ਦੇ ਵਾਸਤੇ 727 ਕਰੋੜ ਰੁਪਿਆ ਰੱਖਿਆ ਸੀ ਪਰੰਤੂ 472 ਕਰੋੜ ਖਰਚ ਕੀਤੇ। ਦੋ ਸੌ, ਢਾਈ ਸੌ ਕਰੋੜ ਰੁਪਿਆ ਘੱਟ ਖਰਚ ਕੀਤਾ ਹੈ। ਸਮਾਜਿਕ ਸੇਵਾਵਾਂ ਜੋ ਕਿ ਬਹੁਤ ਅਹਿਮ ਹਨ ਬਜਟ ਦੇ ਵਿੱਚ 14,367 ਕਰੋੜ ਰੁਪਿਆ ਰੱਖਿਆ ਸੀ। ਪਰ 12,916 ਕਰੋੜ ਰੁਪਿਆ ਖਰਚ ਕੀਤਾ ਹੈ। 1451 ਕਰੋੜ ਰੁਪਿਆ ਘੱਟ ਖਰਚ ਕੀਤਾ ਹੈ। ਸੋ, ਇਸ ਤੋਂ ਸਿੱਧ ਹੁੰਦਾ ਹੈ ਕਿ ਸਾਡਾ ਜਿਹੜਾ ਖਰਚ ਹੈ ਉਹ ਘਟਿਆ ਹੈ। ਦੇਖੋ, ਗੱਲ ਇਹ ਹੈ ਕਿ ਵਿੱਤ ਮੰਤਰੀ ਜੀ ਬੜੀ ਭਾਵੁਕ ਤਕਰੀਰ ਦਿੰਦੇ ਹੋਏ ਕਹਿੰਦੇ ਸੀ ਕਿ ਅਸੀਂ

ਉਹ ਬੰਦੇ ਹਾਂ ਜੋ ਸੋਚਦੇ ਹਾਂ ਕਿ ਆਉਣ ਵਾਲੀ ਪੀੜ੍ਹੀ ਸਾਡੇ ਬਾਰੇ ਕੀ ਸੋਚੇਗੀ। ਸਾਨੂੰ ਕੁੱਝ ਵਧੀਆ ਕਰਨਾ ਚਾਹੀਦਾ ਹੈ ਕਿ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਕਿਸੇ ਕਿਸਮ ਦੀ ਕੋਈ ਸਮੱਸਿਆ ਪੈਦਾ ਨਾ ਹੋਵੇ। ਸਰ, ਆਉਣ ਵਾਲੀ ਪੀੜ੍ਹੀ ਦੀ ਗੱਲ ਇਹ ਹੈ ਕਿ ਜਦੋਂ ਵਿੱਤ ਮੰਤਰੀ ਜੀ ਨੇ ਪਿਛਲਾ ਬਜਟ ਪੇਸ਼ ਕੀਤਾ ਸੀ ਤਾਂ ਉਦੋਂ ਉਹ ਕਹਿੰਦੇ ਸੀ ਕਿ ਮੈਨੂੰ ਤਿੰਨ ਬਜਟ ਦਿਓ। ਚੌਥਾ ਬਜਟ ਮੈਂ ਡੈੱਟ ਫਰੀ ਕਰ ਦੇਵਾਂਗਾ। ਪਰੰਤੂ ਅੱਜ ਤੀਜੇ ਸਾਲ ਦੇ ਵਿੱਚ ਢਾਈ ਲੱਖ ਕਰੋੜ ਦਾ ਕਰਜ਼ਾ ਸੀ ਤੇ ਹੁਣ ਚੌਥੇ ਸਾਲ ਦੇ ਵਿੱਚ ਦੋ ਲੱਖ 73 ਹਜ਼ਾਰ 702 ਕਰੋੜ ਰੁਪਏ ਦਾ ਕਰਜ਼ਾ ਹੈ। ਪੰਜਾਬ ਕਰਜ਼ਾਈ ਹੋ ਗਿਆ। ਜਿਸ ਦੇ ਵਿੱਚ 20 ਹਜ਼ਾਰ 316 ਕਰੋੜ ਰੁਪਿਆ ਇਕੱਲੀ ਵਿਆਜ੍ਵਿਆਜ ਦੀ ਕਿਸ਼ਤ ਗਈ ਹੈ। ਅਜੇ ਮੂਲ ਤਾਂ ਅਲੱਗ ਦੇਣਾ ਹੈ। ਦੂਜੀ ਗੱਲ ਇਹ ਹੈ ਸਪੀਕਰ ਸਾਹਿਬ ਕਿ ਜਦੋਂ ਅਸੀਂ ਉਧਾਰ ਲੈਂਦੇ ਹਾਂ, ਜਦੋਂ ਕਰਜ਼ਾ ਲੈਂਦੇ ਹਾਂ। ਜੇਕਰ ਉਹ ਪੈਸਾ ਵਿਕਾਸਮਈ ਕਾਰਜਾਂ ਦੇ ਵਿੱਚ ਲੱਗ ਜਾਂਦਾ ਹੈ ਤਾਂ ਅਸੀਂ ਸਮਝਦੇ ਹਾਂ ਕਿ ਕਰਜ਼ਾ ਠੀਕ ਲਿਆ ਗਿਆ। ਪਰ ਸਰਕਾਰ ਵੱਲੋਂ ਜਿਹੜਾ ਕਰਜ਼ਾ ਲਿਆ ਜਾ ਰਿਹਾ ਹੈ ਹੁਣ ਤਾਂ ਉਸ ਦੀ ਰੀ੍ਪੇਮੈਂਟ ਵੀ ਬਾਹਰੋਂ ਕਰਜ਼ਾ ਲੈ ਕੇ ਕੀਤੀ ਜਾ ਰਹੀ ਹੈ। ਸੋ,ਇਸ ਕਰਕੇ ਕਰਜ਼ੇ ਦੀ ਰੀ੍ਪੇਮੈਂਟ ਕਰਨ ਵਾਸਤੇ ਵੀ ਬਹੁਤ ਕਰਜ਼ਾ ਲਿਆ ਗਿਆ ਹੈ। ਬਾਕੀ ਦੇਖੋ, ਕੈਪੀਟਲ ਆਊਟਲੇਅ ਘੱਟ ਰਿਹਾ ਹੈ। ਕੈਪੀਟਲ ਆਊਟਲੇਅ ਜਿਹੜਾ ਹੈ ਆਮ ਤੌਰ ਤੇ ਚਿਰ ਸਥਾਈ ਚੀਜ਼ਾਂ ਜਿਵੇਂ ਕਿ ਬਿਲਡਿੰਗਾਂ ਅਤੇ ਹੋਰ ਚੀਜ਼ਾਂ ਬਣਦੀਆਂ ਹਨ। ਕੈਪੀਟਲ ਆਊਟਲੇਅ 2019-20 ਦਾ 17,828 ਸੀ। ਅੱਜ ਜੋ ਅਸੀਂ ਰਿਵਾਈਜ਼ ਕੀਤਾ ਹੈ ਤਾਂ ਇਹ 2019-20 ਤੋਂ 34 ਪਰਸੈਂਟ ਘੱਟ ਹੈ। ਹੁਣ ਤੁਸੀਂ 14,134 ਕਰੋੜ ਰੱਖਿਆ ਹੈ ਜਿਹੜਾ ਕਿ 2019-20 ਦੇ ਪਿਛਲੇ ਬਜਟ ਨਾਲੋਂ ਵੀ 11 ਪਰਸੈਂਟ ਘੱਟ ਹੈ। ਤੁਹਾਨੂੰ ਹੁਣ ਇਹ ਵਧਾਉਣਾ ਚਾਹੀਦਾ ਸੀ, ਤਾਂ ਜੋ ਲੋਕਾਂ ਨੂੰ ਰਾਹਤ ਮਿਲਣੀ ਚਾਹੀਦੀ ਸੀ। ਸਰ, ਦੂਜੀ ਗੱਲ ਸਾਨੂੰ ਜੀ.ਐਸ.ਟੀ. ਦਾ ਕੰਪਨਸੇਸ਼ਨ ਬਹੁਤ ਘੱਟ ਮਿਲ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਵਾਲੀ ਗੱਲ ਨਹੀਂ, ਇਸ ਲਈ ਸਾਰੇ ਪੰਜਾਬ ਦੇ ਲੋਕ worry ਸੀ, ਚਿੰਤਾ ਸੀ ਕਿ ਸੈਂਟਰ ਸਾਨੂੰ ਜੀ.ਐਸ.ਟੀ. ਦਾ ਕੰਪਨਸੇਸ਼ਨ ਨਹੀਂ ਦੇ ਰਿਹਾ। ਸਾਨੂੰ 31 ਪਰਸੈਂਟ ਘੱਟ ਹੈ ਜੀ। ਸਾਨੂੰ ਇਸ ਗੱਲ ਦੀ ਆਸ ਹੁੰਦੀ ਹੈ ਕਿ ਸੈਂਟਰ ਸਾਨੂੰ ਜੀ.ਐਸ.ਟੀ. ਦਾ ਕੰਪਨਸੇਸ਼ਨ ਦੇਵੇਗਾ। ਹੁਣ 16,871 ਕਰੋੜ ਰੁਪਏ ਦਾ ਅਨੁਮਾਨ ਲਗਾਇਆ ਹੈ। ਮੇਰਾ ਖਿਆਲ ਹੈ ਕਿ ਦੋ ਸਾਲਾਂ ਵਿੱਚ ਜੀ.ਐਸ.ਟੀ. ਦਾ ਜੋ ਕੰਪਨਸੇਸ਼ਨ ਹੈ ਉਹ ਵੱਧ ਹੋ ਜਾਵੇਗਾ। ਫਿਰ ਸਾਡਾ ਕੀ ਹਾਲ ਹੋਵੇਗਾ। ਜੇਕਰ ਸਾਡੀ ਆਮਦਨ ਦੇ ਸਰੋਤ ਨਾ ਵਧਾਏ ਗਏ ਅਤੇ ਜਦੋਂ ਜੀ.ਐਸ.ਟੀ. ਦਾ ਕੰਪਨਸੇਸ਼ਨ ਸੈਂਟਰ ਵੱਲੋਂ ਘੱਟ ਗਿਆ ਤਾਂ ਉਸ ਤੋਂ ਬਾਅਦ ਪੰਜਾਬ ਦੀ ਹਾਲਤ ਹੋਰ ਵਿਗੜ ਜਾਵੇਗੀ। ਪੰਜਾਬ ਦੇ ਲੋਕਾਂ ਨੂੰ borrow ਹੋਰ ਵੱਧ ਲੈਣਾ ਪਵੇਗਾ। ਪਹਿਲਾਂ ਹੀ ਕਰਜ਼ਾਈ ਸਟੇਟ ਨੂੰ ਹੋਰ ਕਰਜ਼ਾਈ

ਸਟੇਟ ਕਰਨਾ ਪਵੇਗਾ। ਸਰ, ਦੇਖੋ ਮੈਂ ਇਹ ਗੱਲ ਕਹਿੰਦਾ ਹਾਂ ਕਿ ਸਾਡੇ ਵੱਖ੍ਵੱਖ ਸੈਕਟਰਾਂ ਦੇ ਵਿੱਚ ਭਾਵੇਂ ਐਜੂਕੇਸ਼ਨ ਹੈ, ਹੈਲਥ ਹੈ, ਐਗਰੀਕਲਚਰ ਹੈ। ਐਗਰੀਕਲਚਰ ਤੇ ਪੁਲਿਸ ਤੋਂ ਬਿਨਾਂ ਸਾਡਾ ਜਿਹੜਾ ਖਰਚਾ ਹੈ ਉਹ ਕੌਮੀ ਔਸਤ ਤੋਂ ਕਿਤੇ ਘੱਟ ਹੈ। ਦੇਖੋ ਸਰ, ਗੱਲ ਇਹ ਹੈ ਕਿ ਐਜੂਕੇਸ਼ਨ ਦੇ ਵਿੱਚ ਕੌਮੀ ਔਸਤ 15.08 ਪਰਸੈਂਟ ਹੈ। ਪਰੰਤੂ ਪੰਜਾਬ ਵੱਲੋਂ ਸਿੱਖਿਆ ਦੇ ਵਿੱਚ 11 ਪਰਸੈਂਟ ਖਰਚ ਕੀਤਾ ਜਾ ਰਿਹਾ ਹੈ। ਹੈਲਥ ਦੇ ਵਿੱਚ ਕੌਮੀ ਔਸਤ 05.05 ਪਰਸੈਂਟ ਹੈ ਪਰੰਤੂ ਪੰਜਾਬ 04.00 ਪਰਸੈਂਟ ਖਰਚ ਕਰ ਰਿਹਾ ਹੈ। ਰੂਰਲ ਡਿਵੈਲਪਮੈਂਟ ਦੇ ਵਿੱਚ ਕੌਮੀ ਔਸਤ 06.01 ਪਰਸੈਂਟ ਹੈ, ਸਾਡੇ ਜਿਹੜੇ ਹੁਣ ਸੋਧੇ ਹੋਏ ਅਨੁਮਾਨ ਆਏ ਸੀ ਉਸ ਵਿੱਚ ਇਹ 02.02 ਪਰਸੈਂਟ ਹੈ ਜੀ। ਰੋਡ ਐਂਡ ਬਰਿੱਜਜ਼ ਵਿੱਚ ਕੌਮੀ ਔਸਤ 04.03 ਪਰਸੈਂਟ ਹੈ ਅਸੀਂ 01.06 ਪਰਸੈਂਟ ਖਰਚੀ ਹੈ। ਐਗਰੀਕਲਚਰ ਕਿਉਂਕਿ ਸਾਡਾ ਸਟੇਟ ਹੈ, ਅਸੀਂ ਵੱਡੀ ਪੱਧਰ ਤੇ ਕਿਸਾਨਾਂ ਨੂੰ ਬਿਜਲੀ ਦਿੰਦੇ ਹਾਂ। ਵਧੀਆ ਗੱਲ ਹੈ ਦੇਣੀ ਚਾਹੀਦੀ ਹੈ। ਇਹ ਰੁਕਣੀ ਨਹੀਂ ਚਾਹੀਦੀ। ਸਿਰਫ ਐਗਰੀਕਲਚਰ ਤੋਂ ਪੰਜਾਬ ਦਾ ਖਰਚ ਵਧਿਆ ਹੈ। ਅੱਛੀ ਗੱਲ ਹੈ। ਪੰਜਾਬ ਇੱਕ ਐਗਰੀਕਲਚਰ ਸਟੇਟ ਹੈ। ਇਸ ਤਰ੍ਹਾਂ ਹੀ ਜਿਹੜੀ ਸਾਡੀ ਪੁਲਿਸ ਦੀ ਸਪੈਂਡਿੰਗ ਹੈ ਉਹ ਕੌਮੀ ਔਸਤ ਤੋਂ ਵੱਧ ਹੈ। ਅਸੀਂ 6 ਪਰਸੈਂਟ ਦੇ ਰਹੇ ਹਾਂ ਅਤੇ ਕੌਮੀ ਔਸਤ 4.3 ਪਰਸੈਂਟ ਹੈ। ਪਰ ਸਰ, ਗੱਲ ਇਹ ਹੈ ਕਿ ਜਿਹੜੀ ਕੋਈ ਵੀ ਸਟੇਟ ਹੁੰਦੀ ਹੈ ਉਸ ਦੇ ਕੁੱਝ ਖਰਚ ਦੇਖੇ ਜਾਂਦੇ ਹਨ। ਜਿਵੇਂ ਕਿ ਸਿੱਖਿਆ ਵਾਸਤੇ, ਸਿਹਤ ਵਾਸਤੇ ਪੀਣ ਵਾਲਾ ਪਾਣੀ, ਰੂਰਲ ਡਿਵੈਲਪਮੈਂਟ ਅਤੇ ਰੋਡ ਐਂਡ ਬਰਿੱਜਿਜ਼। ਜੇਕਰ ਇਨ੍ਹਾਂ ਦੇ ਉੱਤੇ ਸਾਡਾ ਪੈਸਾ ਖਰਚ ਹੋ ਰਿਹਾ ਹੈ ਤਾਂ ਸਾਨੂੰ ਸਮਝਣਾ ਚਾਹੀਦਾ ਹੈ ਕਿ ਇਹ ਵਿਕਾਸ ਲਈ ਖਰਚਿਆ ਹੈ। ਮੈਂ ਤੁਹਾਨੂੰ ਪਹਿਲਾਂ ਦੱਸ ਕੇ ਹਟਿਆ ਹਾਂ ਕਿ ਸਿੱਖਿਆ ਦੇ ਉੱਤੇ ਪਿਛਲੀ ਵਾਰ 12,000 ਰੁਪਿਆ ਖਰਚਿਆ ਗਿਆ ਸੀ। ਪਰੰਤੂ ਇਹ ਹੁਣ ਘਟ ਕੇ 11 ਹਜ਼ਾਰ something ਰਹਿ ਗਿਆ ਹੈ। ਸਿਹਤ ਦੇ ਉੱਤੇ ਵੀ ਸਿਰਫ 44 ਹਜ਼ਾਰ ਰੁਪਿਆ ਵਧਾਇਆ ਗਿਆ ਹੈ। ਇਸ ਦਾ ਮਤਲਬ ਸਿੱਖਿਆ ਅਤੇ ਸਿਹਤ ਦੇ ਉੱਤੇ ਜੋ ਚਾਰ ਸਾਲ ਪਹਿਲਾਂ ਜਾਂ ਪਿਛਲੇ ਸਾਲ ਖਰਚ ਕੀਤਾ ਜਾ ਰਿਹਾ ਸੀ ਅਸੀਂ ਉਸ ਤੋਂ ਬਾਅਦ ਨਹੀਂ ਵਧਾਵਾਂਗੇ। ਤਾਂ ਫਿਰ ਨਵੇਂ ਲੈਕਚਰਾਰ, ਨਵੇਂ ਟੀਚਰ ਭਰਤੀ ਕਰਨੇ ਸਨ, ਜਿਹੜੇ ਰੈਗੂਲਰ ਟੀਚਰ ਕਰਨੇ ਸਨ, ਉਨ੍ਹਾਂ ਦਾ ਕੰਮ ਪੈਂਡਿੰਗ ਰਹਿ ਜਾਵੇਗਾ। ਸਰ ਦੇਖੋ, ਜਿਹੜੀ ਸਭ ਤੋਂ ਵੱਡੀ ਅਹਿਮ ਗੱਲ ਕਿਸਾਨਾਂ ਵਾਸਤੇ ਹੈ, ਮੈਂ ਪਹਿਲਾਂ ਦੱਸਿਆ ਹੈ ਕਿ ਸਾਨੂੰ ਨੋਟਿਸ ਆ ਰਹੇ ਹਨ। 72 ਹਜ਼ਾਰ ਕਰੋੜ ਦਾ ਕਰਜ਼ਾ ਅਸੀਂ 2017-18 ਦੇ ਵਿੱਚ ਦੇਣਾ ਸੀ। ਸਰਕਾਰ ਨੇ ਕਿਹਾ ਸੀ ਕਿ ਸਾਰੇ ਕਰਜ਼ੇ ਸਰਕਾਰ ਮੁਆਫ ਕਰੇਗੀ। ਕੋਆਪਰੇਟਿਵ ਸੁਸਾਇਟੀਆਂ ਦੇ ਕਰੇਗੀ,

ਬੈਂਕਾਂ ਦੇ ਕਰੇਗੀ, ਆੜ੍ਹਤੀਆਂ ਦੇ ਵੀ ਕਰੇਗੀ ਪਰ 47,00 ਤੇ ਸਾਡੀ ਸੂਈ ਅਟਕ ਗਈ ਹੈ।

ਸਾਲ 2020-21 ਦੇ ਵਿੱਚ ਦੋ ਹਜ਼ਾਰ ਕਰੋੜ ਰੁਪਏ ਰੱਖੇ ਸਨ ਪਰ ਕਰਜਾ ਮੁਆਫ਼ੀ ਜ਼ੀਰੋ। ਉਸ ਦੇ ਵਿੱਚ 520 ਕਰੋੜ ਰੁਪਏ ਖੇਤੀ ਕਾਮਿਆਂ ਅਤੇ ਬੇਜ਼ਮੀਨਿਆਂ ਵਾਸਤੇ ਰੱਖੇ ਸਨ ਪਰ ਕੋਈ ਕਰਜਾ ਮੁਆਫ਼ ਨਹੀਂ ਕੀਤਾ। ਹੁਣ 1186 ਕਰੋੜ ਰੁਪਏ ਰੱਖੇ ਹਨ। ਤਿੰਨ ਹਜ਼ਾਰ ਕਰੋੜ ਰੁਪਏ ਤੋਂ ਦੋ ਹਜ਼ਾਰ ਕਰੋੜ ਰੁਪਏ ਅਤੇ ਹੁਣ ਦੋ ਹਜ਼ਾਰ ਕਰੋੜ ਰੁਪਏ ਤੋਂ 1186 ਕਰੋੜ ਰੁਪਏ। ਇਹ ਰੁਪਏ ਘੱਟਦੇ ਜਾ ਰਹੇ ਹਨ। ਮਤਲਬ ਗੱਲ ਇਹ ਹੈ ਕਿ ਸਾਡੀ ਜਿਹੜੀ ਪਿਛਲੀ ਨੀਤੀ ਹੈ , ਉਦੇਸ਼ ਹੈ, ਉਹ ਅਸੀਂ ਪੂਰਾ ਨਹੀਂ ਕੀਤਾ ਤਾਂ ਹੁਣ ਸਾਨੂੰ ਕਿਸ ਤਰ੍ਹਾਂ ਯਕੀਨ ਹੋਵੇਗਾ ਕਿ ਜਿਹੜੇ 1186 ਕਰੋੜ ਰੁਪਏ ਵਿੱਚੋਂ 526 ਕਰੋੜ ਰੁਪਏ ਖੇਤੀ ਕਾਮੇ ਅਤੇ ਬੇਜ਼ਮੀਨਿਆਂ ਵਾਸਤੇ ਰੱਖੇ ਹਨ, ਉਨ੍ਹਾਂ ਦੇ ਕਰਜੇ ਮੁਆਫ਼ ਕਰਨਗੇ। ਇਸ ਕਰਕੇ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਘੱਟੋ ਘੱਟ ਜੇ ਕਰਜਾ ਮੁਆਫ਼ ਨਹੀਂ ਕਰਨਾ ਤਾਂ ਤੁਸੀਂ ਜਿਹੜੇ ਨੋਟਿ ਸ ਇਸ਼ੂ ਕੀਤੇ ਹਨ , ਉਹ ਵੀ ਤੁਹਾਨੂੰ ਨਹੀਂ ਦੇਣੇ ਚਾਹੀਦੇ। ਇਹ ਸਾਡੇ ਵਾਸਤੇ ਵੱਡੀ ਗੱਲ ਹੈ। ਦਲਿਤ ਵਿਦਿਆਰਥੀਆਂ ਦੇ ਵਾਸਤੇ ਜਿਹੜੇ ਵਜੀਫੇ ਹਨ , ਤੁਸੀਂ ਚਾਰ ਸਾਲਾਂ ਬਾਅਦ ਅੱਜ ਪੰਜਵੇਂ ਸਾਲ ਵਜੀਫੇ ਦਾ ਨਾਂਅ ਲਿਆ ਹੈ। ਇਨ੍ਹਾਂ ਚਾਰ ਸਾਲਾਂ ਦੇ ਵਿੱਚ ਇੱਕ ਲੱਖ 25 /26 ਹਜਾਰ ਦੇ ਕਰੀਬ ਵਿਦਿਆਰਥੀ ਆਊਟ ਆਫ ਕਾਲਜ ਹੋ ਗਏ। ਜਿਹੜਾ ਨੁਕਸਾਨ ਦਲਿਤ ਵਿਦਿਆਰਥੀਆਂ ਦਾ ਹੋਇਆ ਹੈ , ਉਨ੍ਹਾਂ ਦੀ ਭਰਪਾਈ ਕਦੇ ਵੀ ਨਹੀਂ ਹੋ ਸਕਦੀ। ਚਾਰ ਸਾਲਾਂ ਦੇ ਵਿੱਚ , ਉਨ੍ਹਾਂ ਨੂੰ ਵਜੀਫਾ ਨਾ ਦੇ ਕੇ ਸਕੂਲਾਂ ਅਤੇ ਕਾਲਜਾਂ ਤੋਂ ਬਾਹਰ ਕੱਢ ਦੇਣਾ , ਇਸ ਤਰ੍ਹਾਂ ਤਾਂ ਕਿਸੇ ਵੀ ਸਟੇਟ ਵਿੱਚ ਦਲਿਤ ਭਲਾਈ ਦੀਆਂ ਸਕੀਮਾਂ ਲਾਗੂ ਨਹੀਂ ਹੋ ਸਕਦੀਆਂ। ਮੈਂ ਇੱਕ ਧਿਆਨ ਦਿਵਾਊ ਮਤਾ ਵੀ ਲਗਵਾਇਆ ਸੀ ਕਿ ਡਾਕਟਰ ਅੰਬੇਦਕਰ ਦੀ ਜਿਹੜੀ ਪ੍ਰਤਿਮਾ ਹੈ, ਬੁੱਤ ਹੈ, ਉਸ ਦੀ ਪਿਛਲੇ ਹਫਤੇ ਰਾਜਪੁਰੇ ਦੇ ਵਿੱਚ ਬਾਂਹ ਤੋੜੀ ਗਈ ਹੈ। ਤੁਸੀਂ ਕਾਲ ਅਟੈਂਸ਼ਨ ਇਹ ਕਹਿ ਕੇ ਰੱਦ ਕਰ ਦਿੱਤੀ ਕਿ ਇਹ ਮਸਲਾ ਮੌਕੇ ਦਾ ਨਹੀਂ ਹੈ , ਤਾਜ਼ਾ ਮਸਲਾ ਨਹੀਂ ਹੈ। ਪਿਛਲੇ ਸਾਲ ਉਸ ਦੀ ਗਰਦਨ ਤੋੜੀ ਗਈ ਸੀ ਅਤੇ ਹੁਣ ਪਿਛਲੇ ਹਫਤੇ ਉਸ ਦੀ ਬਾਂਹ ਤੋੜ ਦਿੱਤੀ ਹੈ। ਇਸ ਸਬੰਧੀ ਵੱਡੇ ਪੱਧਰ ਤੇ ਮੁਜ਼ਾਹਰੇ ਹੋਏ ਹਨ। ਇੱਕ ਪਾਸੇ ਤਾਂ ਅਸੀਂ ਬਾਬਾ ਸਾਹਿਬ ਦੇ ਨਾਂਅ ਤੇ ਮਿਊਜ਼ਿਅਮ ਬਣਾ ਰਹੇ ਹਨ , ਬਹੁਤ ਅੱਛੀ ਗੱਲ ਹੈ , ਚੰਗੀ ਗੱਲ ਹੈ , ਬਣਾਉਣਾ ਚਾਹੀਦਾ ਹੈ ਕਿਉਂਕਿ ਜੇ ਅੱਜ ਸਦਨ ਵਿੱਚ ਦਲਿਤ ਬੰਦੇ ਬੈਠੇ ਹਨ ਤਾਂ ਉਹ ਸਿਰਫ ਬਾਬਾ ਸਾਹਿਬ ਕਰਕੇ ਹੀ ਆਏ ਹਨ। ਜੇਕਰ ਅਸੀਂ ਬਾਬਾ ਸਾਹਿਬ ਨੂੰ ਇੰਨਾ ਪਿਆਰ /ਸਤਿਕਾਰ ਦੇ ਰਹੇ ਹਨ , ਜਿਨ੍ਹਾਂ ਨੇ ਸੰਵਿਧਾਨ ਰਚਿਆ, ਜੇਕਰ ਅੱਜ ਪੰਜਾਬ ਦੇ ਵਿੱਚ, ਮੁੱਖ ਮੰਤਰੀ ਦੇ ਜ਼ਿਲ੍ਹੇ ਦੇ ਵਿੱਚ ਉਸ ਪ੍ਰਤਿਮਾ ਦੀ ਬਾਂਹ ਤੋੜੀ ਜਾਂਦੀ ਹੈ ਅਤੇ ਉਨ੍ਹਾਂ ਬੰਦਿਆਂ ਤੇ ਕੋਈ ਕਾਰਵਾਈ ਨਹੀਂ ਹੁੰਦੀ ਤਾਂ ਇਹ ਸਾਡੇ ਲਈ ਬੜੀ ਨਮੋਸ਼ੀ

ਦੀ ਗੱਲ ਹੈ। ਮੈਂ ਸਖ਼ਤ ਸ਼ਬਦਾਂ ਦੇ ਵਿੱਚ ਸਰਕਾਰ ਦੀ ਨਿਖੇਧੀ ਕਰਦਾ ਹਾਂ ਕਿ ਤੁਸੀਂ ਬਾਬਾ ਸਾਹਿਬ ਦੇ ਬੁੱਤ ਦਾ ਮਾਣ ਸਤਿਕਾਰ ਕੀ ਕਰਨਾ ਹੈ , ਸਗੋਂ ਉਸ ਦੀ ਬੇਇਜ਼ਤੀ ਹੋ ਰਹੀ ਹੈ ਅਤੇ ਉਸ ਸਬੰਧੀ ਕੋਈ ਐਕਸ਼ਨ ਵੀ ਨਹੀਂ ਲਿਆ ਜਾ ਰਿਹਾ। ਸਰ , ਇੱਕ ਵੱਡੀ ਗੱਲ ਤਕਨੀਕੀ ਸਿੱਖਿਆ ਸਬੰਧੀ ਹੈ। ਚੰਨੀ ਸਾਹਿਬ ਬੈਠੇ ਹਨ। ਚੰਨੀ ਸਾਹਿਬ ਪਲੀਜ਼। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਮੇਰੀ ਗੱਲ ਜ਼ਰੂਰ ਸੁਣਨ। ਸਰ, ਤਕਨੀਕੀ ਸਿੱਖਿਆ ਇੱਕ ਇਹੋ ਜਿਹਾ ਡਿਪਾਰਟਮੈਂਟ ਹੈ , ਜਿਸ ਦੇ ਕਰਕੇ ਗਰੀਬ ਲੋਕ ਕੋਈ ਵੈਲਡਿੰਗ ਦਾ ਕੰਮ ਸਿੱਖਦਾ ਹੈ , ਕੋਈ ਬਿਜਲੀ ਦਾ ਕੰਮ ਸਿੱਖਦਾ ਹੈ , ਕੋਈ ਪੰਜਾਬੀ /ਇੰਗਲਿਸ਼ ਸਟੈਨੋ ਸਿੱਖਦਾ ਹੈ, ਉਹ ਸਾਰੇ ਲੋਕ ਕੰਮ ਤੇ ਲੱਗ ਜਾਂਦੇ ਹਨ। ਸੈਲਫ ਇੰਪਲਾਇਮੈਂਟ ਦੀ ਇਸ ਤੋਂ ਵੱਡੀ ਹੋਰ ਕੋਈ ਉਦਾਹਰਣ ਨਹੀਂ ਹੈ। ਮਾੜੀ ਗੱਲ ਇਹ ਹੈ ਕਿ ਮੈਂ ਚੰਨੀ ਸਾਹਿਬ ਨੂੰ ਪਰਸਨਲੀ ਵੀ ਮਿਲਿਆ ਸੀ ਅਤੇ ਮੈਂ ਆਪਣੇ ਜ਼ਿਲ੍ਹੇ ਬੁਢਲਾਡੇ ਦੀ ਇੱਕ ਉਦਾਹਰਣ ਵੀ ਦਿੱਤੀ ਸੀ ਕਿ ਉਸ ਦੇ ਵਿੱਚ ਇੱਕ ਆਈ.ਟੀ.ਆਈ ਹੈ, ਉਹ ਸਾਲ 1967 -68 ਦੇ ਵਿੱਚ ਬਣੀ ਸੀ ਜਦ ਮੈਂ 5 /6 ਸਾਲਾਂ ਦੀ ਸੀ। ਉਸ ਦੇ ਵਿੱਚ ਬਹੁਤ ਵਧੀਆ ਹੋਸਟਲ ਬਣੇ ਹਨ ਪਰ ਅੱਜ ਤੱਕ ਨਾ ਤਾਂ ਉੱਥੇ ਕੋਈ ਪ੍ਰਿੰਸੀਪਲ ਹੈ ਅਤੇ ਨਾ ਹੀ ਉੱਥੇ ਇੰਸਟ੍ਰਕਟਰ ਪੂਰੇ ਹਨ। ਇੱਕ ਵੀ ਪੈਸਾ ਉਸ ਬਿਲਡਿੰਗ ਦੀ ਰੈਨੋਵੇਸ਼ਨ ਵਾਸਤੇ ਜਾਂ ਕਮਰਿਆਂ ਵਾਸਤੇ ਜਾਂ ਨਵੇਂ ਇੰਸਟ੍ਰਕਟਰਾਂ ਭਰਤੀ ਕਰਨ ਵਾਸਤੇ ਜਾਂ ਕੁਰਸੀਆਂ /ਮੇਜਾਂ ਵਾਸਤੇ ਨਹੀਂ ਦਿੱਤਾ ਗਿਆ। ਇਹ ਇਕੱਲੀ ਮੇਰੇ ਹੀ ਜ਼ਿਲ੍ਹੇ ਦੀ ਗੱਲ ਨਹੀਂ , ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਇੱਕ ਆਈ .ਟੀ.ਆਈ. ਡੈਬੀ ਨੂੰ ਦੇਵਾਂਗੇ ਪਰ ਨਹੀਂ ਦਿੱਤੀ ਗਈ। ਜਿਹੜਾ ਬਾਬਾ ਭੱਠਲ ਆਈ .ਟੀ.ਆਈ ਹੈ ਜੋ ਕਿ ਸਾਡੇ ਮਾਣਯੋਗ ਭੈਣ ਰਾਜਿੰਦਰ ਕੌਰ ਭੱਠਲ ਜੀ ਦੇ ਪਿਤਾ ਜੀ, ਜੋ ਇੱਕ ਸੁਤੰਤਰਤਾ ਸੰਗਰਾਮੀ ਸੀ, ਦਾ ਹੈ। ਮੈਂ ਉਨ੍ਹਾਂ ਦੇ ਕਾਲਜ ਕਿਸੇ ਕੰਮ ਵਾਸਤੇ ਗਿਆ ਤਾਂ ਉਹ ਮੈਨੂੰ ਕਹਿਣ ਲੱਗੇ ਕਿ ਸਾਡਾ ਕਾਲਜ ਬੰਦ ਕੀਤਾ ਜਾ ਰਿਹਾ ਹੈ। ਸੋ, ਸਾਡੇ ਮਾਲਵੇ ਖੇਤਰ ਦੇ ਵਿੱਚ ਜੇਕਰ ਬਾਬਾ ਹੀਰਾ ਸਿੰਘ ਭੱਠਲ ਪੋਲੀਟੈਕਨਿਕ ਕਾਲਜ ਬੰਦ ਕਰਨ ਤੇ ਵਿਚਾਰ ਕੀਤਾ ਜਾ ਰਿਹਾ ਹੈ ਤਾਂ ਇਸ ਤੋਂ ਵੱਡੀ ਨਮੋਸ਼ੀ ਦੀ ਗੱਲ ਟੈਕਨੀਕਲ ਐਜੂਕੇਸ਼ਨ ਦੇ ਵਿੱਚ ਨਹੀਂ ਹੋ ਸਕਦੀ। ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਇਸ ਬਜਟ ਸੈਸ਼ਨ ਦੇ ਵਿੱਚ ਬੇਨਤੀ ਕਰਦਾ ਹਾਂ ਕਿ ਤੁਸੀਂ ਟੈਕਨੀਕਲ ਐਜੂਕੇਸ਼ਨ ਵੱਲ ਵੱਧ ਧਿਆਨ ਦਿਓ , ਵੱਧ ਜ਼ੋਰ ਦਿਓ , ਵੱਧ ਪੈਸਾ ਖਰਚੋ। ਇਹ ਹੀ ਇੱਕ ਡਿਪਾਰਟਮੈਂਟ ਹੈ ਜਿਹੜਾ ਕਿ ਗਰੀਬ ਲੋਕਾਂ ਦੀ ਭਲਾਈ ਵਾਸਤੇ ਹੈ। ਇੱਕ ਹੋਰ ਗੱਲ , ਜਿਹੜਾ ਪੰਜਾਬੀ ਸੱਭਿਆਚਾਰ ਹੈ , ਪੰਜਾਬੀ ਭਾਸ਼ਾ ਹੈ , ਇਸ ਦਾ ਵਿਕਾਸ ਜ਼ਰੂਰੀ ਹੈ। ਪੰਜਾਬੀ ਭਾਸ਼ਾ ਇਨਕਲਾਬ ਦੀ ਭਾਸ਼ਾ ਹੈ। ਔਰ ਵੱਡੀ ਗੱਲ ਇਹ ਹੈ ਕਿ ਕਹਿ ਰਹੇ ਹਨ ਕਿ ਪੰਜਾਬੀ ਭਾਸ਼ਾ ਖਤਮ ਹੋ ਰਹੀ ਹੈ ਪਰ ਮੈਂ ਕਹਿੰਦਾ ਹਾਂ ਕਿ ਗੁਰੂ ਗ੍ਰੰਥ ਸਾਹਿਬ ਪੰਜਾਬੀ ਦੇ ਵਿੱਚ ਲਿੱਖਿਆ ਹੋਇਆ ਹੈ। ਜਦੋਂ ਤੱਕ

ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੇ ਵਿੱਚ ਹੈ , ਦੁਨੀਆ ਦੀ ਕੋਈ ਵੀ ਤਾਕਤ ਪੰਜਾਬੀ ਭਾਸ਼ਾ ਨੂੰ ਖਤਮ ਨਹੀਂ ਕਰ ਸਕਦੀ। ਪੰਜਾਬੀ ਭਾਸ਼ਾ ਨੂੰ ਡਿਵੈਲਪ ਕਰਨ ਵਾਸਤੇ ਕੋਈ ਵੀ ਪੈਸਾ ਇਸ ਬਜਟ ਦੇ ਵਿੱਚ ਨਹੀਂ ਰੱਖਿਆ ਗਿਆ। ਸਰ, ਭਾਸ਼ਾ ਵਿਭਾਗ ਬਣਿਆ ਹੋਇਆ ਹੈ, ਬੜਾ ਪੁਰਾਤਨ ਹੈ, ਇਤਿਹਾਸਕ ਹੈ। 411 ਪੋਸਟਾਂ ਵਿੱਚੋਂ 50 ਪਰਸੈਂਟ ਪੋਸਟਾਂ ਖਾਲੀ ਪਈਆਂ ਹਨ। ਪਿਛਲੇ ਚਾਰ ਸਾਲਾਂ ਤੋਂ ਇੱਕ ਵੀ ਕਿਤਾਬ ਭਾਸ਼ਾ ਵਿਭਾਗ ਨੇ ਨਹੀਂ ਛਾਪੀ। ਜਦੋਂ ਪਿਛਲੇ ਪੰਜ ਸਾਲ ਅਕਾਲੀਆਂ ਦੇ ਸਨ ਤਾਂ ਸਿਰਫ 36 ਕਿਤਾਬਾਂ ਹੀ ਛਾਪੀਆਂ ਗਈਆਂ ਸਨ , ਐਵਰੇਜ 07 ਕਿਤਾਬਾਂ ਇੱਕ ਸਾਲ ਦੇ ਵਿੱਚ। ਪੋਸਟਾਂ ਭਰਨੀਆਂ ਚਾਹੀਦੀਆਂ ਹਨ। ਭਾਸ਼ਾ ਵਿਭਾਗ ਡਿਵੈਲਪ ਹੋਣਾ ਚਾਹੀਦਾ ਹੈ। ਟੈਕਸਟ ਬੋਰਡ , ਜਿਹੜਾ ਪਹਿਲਾਂ ਕਿਤਾਬਾਂ ਛਾਪਦਾ ਸੀ ਜਿਹੜਾ ਮਿਆਰੀ ਕਿਤਾਬਾਂ ਦਿੰਦਾ ਸੀ, ਉਹ ਵੀ ਅੱਜ ਬੰਦ ਪਿਆ ਹੈ। ਪੰਜਾਬੀ ਯੂਨੀਵਰਸਿਟੀ ਦੀ ਗੱਲ ਕੀਤੀ ਹੈ, 400 ਕਰੋੜ ਰੁਪਏ ਵਿੱਚ ਤਾਂ ਉਹ ਵੈਸੇ ਹੀ ਘਾਟੇ ਵਿਚ ਹੈ, 150 ਕਰੋੜ ਰੁਪਏ ਦਾ ਉਨ੍ਹਾਂ ਨੇ ਵੈਸੇ ਹੀ ਕਰਜ਼ਾ ਲਿਆ ਹੋਇਆ ਹੈ, ਤਿੰਨ ਸਾਲ ਤੋਂ ਤਨਖਾਹਾਂ ਨਹੀਂ ਮਿਲੀਆਂ, 1996 ਤੋਂ ਪ੍ਰੋਫੈਸਰ ਭਰਤੀ ਨਹੀਂ ਕੀਤੇ ਗਏ। ਤੁਸੀਂ ਇੱਕਲਾ 90 ਕਰੋੜ ਰੁਪਿਆ ਦਿੱਤਾ ਹੈ ਜਦੋਂ ਕਿ ਪੰਜਾਬੀ ਯੂਨੀਵਰਸਿਟੀ ਨੂੰ 500 ਕਰੋੜ ਰੁਪਏ ਦਾ ਪੈਕੇਜ ਦੇਣਾ ਬਣਦਾ ਸੀ ਤਾਂ ਜੋ ਜਿਹੜੀ ਯੂਨੀਵਰਸਿਟੀ ਸਾਡੇ ਸਿਰ ਦਾ ਤਾਜ ਸੀ ਉਹ ਸਾਡੇ ਵਾਸਤੇ ਕੋਈ ਫਾਇਦਾ ਕਰ ਸਕਦੀ।

**ਮਾਨਯੋਗ ਸਪੀਕਰ:** ਕਨਕਲੂਡ ਕਰੋ ਜੀ, ਕਨਕਲੂਡ ਕਰੋ ।

**ਸ਼੍ਰੀ ਬੁੱਧ ਰਾਮ:** ਸਰ, ਲਾਸਟ ਦੇ ਵਿਚ ਮੈਂ ਕਨਕਲੂਡ ਕਰਦਾ ਹਾਂ। ਸਪੀਕਰ ਸਾਹਿਬ, ਚੇਅਰਾਂ ਦੀ ਗੱਲ ਕੀਤੀ ਹ ਕਿ ਅਸੀਂ ਡਾਕਟਰ ਅੰਬੇਦਕਰ ਚੇਅਰ ਬਣਾਵਾਂਗੇ, ਸਤਿਗੁਰੂ ਰਾਮ ਦੇਵ ਚੇਅਰ ਬਣਾਵਾਂਗੇ। ਸਰ, ਸਾਲ 2019-2020 ਦੇ ਬਜਟ ਵਿਚ ਵੀ ਇਸ ਤਰ੍ਹਾਂ ਹੀ ਦਿੱਤਾ ਗਿਆ ਸੀ, 2019-20 ਦੇ ਬਜਟ ਡਾਕਟਰ ਅੰਬੇਦਕਰ ਚੇਅਰ ਦੀ ਸਥਾਪਨਾ ਦੀ ਗੱਲ ਕੀਤੀ ਸੀ, 2019-20 ਦੇ ਬਜਟ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਚੇਅਰ ਬਾਰੇ ਗੱਲ ਕੀਤੀ ਸੀ, ਬਾਬਾ ਪ੍ਰੇਮ ਸਿੰਘ ਮੁਰਾਲੇਵਾਲਾ ਦੀ ਗੱਲ ਕੀਤੀ ਸੀ, ਮਹਾਰਾਣਾ ਪ੍ਰਤਾਪ ਚੇਅਰ ਵਾਸਤੇ ਗੱਲ ਕੀਤੀ ਸੀ, ਮਹਾਰਾਣਾ ਅਗਰਸੈਨ ਬਾਰੇ ਕਿਹਾ ਸੀ, ਸ਼ਹੀਦ ਊਧਮ ਸਿੰਘ ਬਾਰੇ ਕਿਹਾ ਸੀ । ਅੱਜ ਫਿਰ ਤੁਸੀਂ ਬਜਟ ਵਿਚ ਦੁਬਾਰਾ ਰਿਵਾਈਜ਼ ਕਰ ਰਹੇ ਹੋ? ਇਹ ਤਾਂ ਬੜੀ ਮਾੜੀ ਗੱਲ ਹੈ। ਇਸ ਦਾ ਮਤਲਬ ਜੇ ਪਿਛਲਾ ਬੰਦਾ, ਜਿਵੇਂ ਕਹਿੰਦੇ ਹੁੰਦੇ ਹਨ ਕਿ ਸਾਡੀ ਯਾਦ ਸ਼ਕਤੀ ਬੜੀ ਘੱਟ ਹੈ, ਪਿਛਲੇ ਸਮੇਂ ਵਿੱਚ ਜਦੋਂ ਕਾਗਜ਼ ਰੱਖਦੇ ਹੋ ਤਾਂ ਉਦੋਂ ਮੇਜ਼ ਥਪ ਥਪਾਏ ਜਾਂਦੇ ਹਨ ਕਿ ਅਸੀਂ ਚੇਅਰਾਂ ਬਣਾ ਦਿੱਤੀਆਂ ਲੇਕਿਨ ਅੱਜ ਫਿਰ ਬਾਬਾ ਸਾਹਿਬ, ਡਾਕਟਰ

ਅੰਬੇਦਕਰ ਸਾਹਿਬ ਦੀ ਚੇਅਰ ਬਣਾ ਕੇ ਫਿਰ ਇਸ 2021-22 ਦੇ ਬਜਟ ਵਿਚ ਕਿਹਾ ਹੈ ਤਾਂ ਮਤਲਬ ਇਹ ਬੜੀ ਹਾਸੋਹੀਣੀ ਗੱਲ ਹੈ ਕਿ ਪਿਛਲੇ ਦੀਆਂ ਤੁਸੀਂ ਪੂਰੀਆਂ ਨਹੀਂ ਕੀਤੀਆਂ ਤੇ ਹੁਣ ਤੁਸੀਂ ਜਿਹੜਾ ਅਗਲਾ ਬਜਟ ਹੈ ਉਸ ਵਿੱਚ ਪਿਛਲਾ ਹੀ ਇਸਤੇਮਾਲ ਕਰੀ ਜਾਂਦੇ ਹੋ..

**ਮਾਨਯੋਗ ਸਪੀਕਰ:** ਥੈਂਕ ਯੂ। ਥੈਂਕ ਯੂ।

**ਸ਼੍ਰੀ ਬੁੱਧ ਰਾਮ:** ਸੋ, ਮੈਂ ਆਸ ਕਰਦਾ ਹਾਂ ਕਿ ਇਹ ਜਿਹੜਾ ਬਜਟ ਹੈ, ਇਹ ਲੋਕਾਂ ਨੂੰ ਜੇਕਰ ਤੁਸੀਂ ਫਾਇਦਾ ਦੇਣਾ ਚਾਹੁੰਦੇ ਹੋ ਤਾਂ ਘੱਟੋ ਘੱਟ ਇਸ ਬਜਟ ਨੂੰ ਸਾਰਥਿਕ ਤੌਰ ਤੇ ਤੁਸੀਂ ਇਸ ਦਾ ਕੰਮ ਕਰੋ..

**ਮਾਨਯੋਗ ਸਪੀਕਰ:** ਥੈਂਕ ਯੂ। ਥੈਂਕ ਯੂ।

**ਸ਼੍ਰੀ ਬੁੱਧ ਰਾਮ:** ਸਰ, ਇੱਕ ਲਾਸਟ ਗੱਲ ਕਹਿਣਾ ਚਾਹੁੰਦਾ ਹਾਂ, 30 ਸਕਿੰਟ ਦੇ ਦਿਉ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਆਮਦਨ ਦੇ ਸਰੋਤ ਘੱਟ ਨਹੀਂ ਹਨ, ਤੁਸੀਂ ਰੇਤਾ ਬੱਜਰੀ ਤੋਂ ਸਰਕਾਰ ਦੀ ਆਮਦਨ ਵਧਾਉਣ ਵਾਸਤੇ ਜਿਹੜੇ ਤੁਹਾਡੇ ਸੱਤਾਧਾਰੀ ਲੋਕ ਹਨ ਉਨ੍ਹਾਂ ਦੇ ਖਰਚੇ ਘਟਾਉ। ਉਹ ਵੱਡੀ ਪੱਧਰ ਉਤੇ ਰੇਤਾ ਬੱਜਰੀ ਵਿਚੋਂ ਢਿੱਡ ਭਰ ਰਹੇ ਹਨ। ਅੱਜ ਨਕਲੀ ਸ਼ਰਾਬ ਦਾ ਕਾਰੋਬਾਰ ਹੋ ਰਿਹਾ ਹੈ, ਠੇਕਿਆਂ ਤੋਂ ਸਾਨੂੰ 30000-32000 ਕਰੋੜ ਰੁਪਿਆ ਮਿਲ ਸਕਦਾ ਹੈ..

**ਮਾਨਯੋਗ ਸਪੀਕਰ:** ਚਲੋ, ਹੁਣ ਤੁਸੀਂ ਬੈਠੋ।ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ ਜੀ।

**ਸ਼੍ਰੀ ਬੁੱਧ ਰਾਮ:** ਤੁਹਾਨੂੰ ਰੇਤਾ ਬੱਜਰੀ ਵਧੀਆ ਮਿਲ ਸਕਦੀ ਹੈ। ਤੁਸੀਂ ਇਸ ਤਰ੍ਹਾਂ ਕਰਕੇ ਪੰਜਾਬ ਦੀ ਆਮਦਨ ਵਧਾ ਸਕਦੇ ਹੋ।ਤੁਹਾਡਾ ਬਹੁਤ ਬਹੁਤ ਧੰਨਵਾਦ, ਥੈਂਕ ਯੂ।

**ਮਾਨਯੋਗ ਸਪੀਕਰ:** ਤੁਸੀਂ ਬੈਠੋ ਜੀ । ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ।

**ਸਰਦਾਰ ਹਰਪ੍ਰਤਾਪ ਸਿੰਘ (ਅਜਨਾਲਾ) :** ਧੰਨਵਾਦ ਸਰ। ਸਪੀਕਰ ਸਾਹਿਬ, ਤੁਸੀਂ ਬਜਟ ਉਤੇ ਬੋਲਣ ਦਾ ਮੈਨੂੰ ਸਮਾਂ ਦਿੱਤਾ ਹੈ। ਮੈਂ ਥੋੜ੍ਹੀ ਜਿਹੀ ਸ਼ੁਰੂਆਤ ਕਰਨੀ ਚਾਹੁੰਦਾ ਹਾਂ, ਹਾਲਾਤਾਂ ਦੇ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਪਿਛਲਾ ਪੂਰਾ ਇੱਕ ਸਾਲ ਹੋਇਆ, ਮੈਂ ਕੋਵਿਡ 19 ਦੀ ਗੱਲ ਕਰਾਂਗਾ, ਇਹ ਕਿਸੇ ਦੇ ਵੱਸ ਦੀ ਗੱਲ ਨਹੀਂ ਸੀ, ਇਹ ਕੋਈ ਕੁਦਰਤ ਦੀ ਆਫਤ ਸੀ ਔਰ ਉਸ ਵੇਲੇ ਮੈਂ ਸਮਝਦਾ ਹਾਂ ਕਿ ਸਾਡੇ ਕੈਪਟਨ ਅਮਰਿੰਦਰ ਸਿੰਘ ਜੀ, ਜਿਹੜੇ ਕਿ ਇੱਕ ਮਿਲਟਰੀ ਸਟਰੈਜਿਕਟਸ ਵੀ ਰਹੇ ਹਨ, ਉਨ੍ਹਾਂ ਨੇ ਇਕ ਇਹੋ ਜਿਹਾ ਕਦਮ ਚੁੱਕਿਆ, ਸਾਰੀ ਦੁਨੀਆਂ ਹੈਰਾਨ ਰਹਿ ਗਈ ਸੀ, ਮੈਨੂੰ

ਯਾਦ ਹੈ ਕਿ 23 ਮਾਰਚ, 2020 ਨੂੰ ਉਨ੍ਹਾਂ ਨੇ ਪੰਜਾਬ ਦੇ ਵਿਚ ਕਰਫਿਊ ਲਗਾਇਆ, ਲਾਕ-ਡਾਊਨ ਲਗਾਇਆ, ਉਹ ਇਸ ਕਰਕੇ ਸ਼ੁਰੂਆਤ ਕੀਤੀ ਸੀ ਕਿ ਹਾਲਾਤ ਕਿਤੇ ਬੇਕਾਬੂ ਨਾ ਹੋ ਜਾਣ, ਇਹ ਬੜੀ ਦੂਰ ਦੀ ਸੋਚ ਸੀ, ਮੈਂ ਸਮਝਦਾ ਹਾਂ ਕਿ ਹਮੇਸ਼ਾ ਹੀ ਕੈਪਟਨ ਅਮਰਿੰਦਰ ਸਿੰਘ ਜੀ ਇੱਕ ਐਸਾ ਵਿਅਕਤੀ ਹੈ ਜਿਹੜਾ ਪੰਜਾਬ ਨੂੰ ਲੀਡ ਕਰਦਾ ਹੈ ਕਿ ਜਦੋਂ ਵੀ ਕੋਈ ਮੁਸ਼ਕਲ ਆਉਂਦੀ ਹੈ ਤਾਂ ਉਸ ਮੁਸ਼ਕਲ ਨੂੰ ਹੱਲ ਕਰਨ ਦੇ ਵਿੱਚ ਪਹਿਲ ਕਦਮੀ ਕਰਦੇ ਹਨ, ਉਨ੍ਹਾਂ ਦਾ ਧੰਨਵਾਦ ਕਰਦੇ ਹਾਂ। ਮੈਂ ਬਜਟ ਤੋਂ ਪਹਿਲਾਂ ਸ਼ੁਰੂ ਵਿੱਚ ਇੱਕ ਗੱਲ ਕਰਾਂਗਾ ਕਿ ਜਿਹੜੇ ਹਾਲਾਤ ਸਨ, ਜਦੋਂ ਸ਼ੁਰੂਆਤ ਹੋਈ, ਸਰਕਾਰ ਬਣੀ ਤੇ ਪਿਛਲੀ ਸਰਕਾਰ ਦੀ ਕਾਰਗੁਜ਼ਾਰੀ ਕਹਿ ਲਵੋ, ਮਿਸ-ਮੈਨੇਜਮੈਂਟ ਕਹਿ ਲਵੋ। ਗੱਲ ਇਹ ਬਣ ਗਈ ਕਿ ਰਿਜਰਵ ਬੈਂਕ ਆਫ ਇੰਡੀਆ ਨੇ ਬੈਂਕਿੰਗ ਏਜੰਸੀਆਂ ਨੂੰ ਇੱਕ ਰਿਟਨ ਚਿੱਠੀ ਲਿਖੀ ਕਿ ਪੰਜਾਬ ਨੂੰ ਕੋਈ ਪੇਮੈਂਟ ਨਾ ਕੀਤੀ ਜਾਵੇ । ਉਸ ਵੇਲੇ 7791 ਕਰੋੜ ਰੁਪਏ ਸਾਡੇ ਲੈਪਸ ਹੋਏ। ਜਿਹੜਾ ਪੰਜਾਬ ਨਾਲ ਬਹੁਤ ਵੱਡਾ ਧੱਕਾ ਹੋਇਆ, ਪੰਜਾਬ ਦੇ ਲੋਕਾਂ ਨਾਲ ਧੱਕਾ ਹੋਇਆ ਹੈ, ਐਡੀਸ਼ਨਲ debt burden or Rs. 30,584 crore ਰੁਪਿਆ, ਇਹ on account of mis-mangement in foodgrains procurement leading to C.C.L.gap. ਇਹ ਉਸ ਵੇਲੇ ਹਾਲਾਤ ਇਹੋ ਜਿਹੇ ਬਣ ਗਏ, ਕਾਂਗਰਸ ਦੀ ਸਰਕਾਰ ਬਣੀ, ਇਨ੍ਹਾਂ ਨੂੰ ਪਤਾ ਲੱਗ ਗਿਆ ਕਿ ਸਾਡੀ ਸਰਕਾਰ ਨਹੀਂ ਬਣਨੀ ਔਰ ਉਸ ਵੇਲੇ ਇਹ ਚੀਜ਼ ਹੋਈ । ਮੈਂ ਇਹ ਸਮਝਦਾ ਹਾਂ ਕਿ ਬਹੁਤ ਵੱਡਾ ਪੰਜਾਬ ਨਾਲ ਇਹ ਧੱਕਾ ਹੋਇਆ ਹੈ। ਸਪੀਕਰ ਸਾਹਿਬ, ਇਸ ਸਮੇਂ ਵਿੱਚ ਮਨਪ੍ਰੀਤ ਬਾਦਲ ਜੀ ਬੜੀ ਹੀ ਸੰਜੀਦਗੀ ਅਤੇ ਲਿਆਕਤ ਨਾਲ ਕੰਮ ਕਰਦੇ ਰਹੇ ਅਤੇ ਪੰਜਾਬ ਹੋਲੀ ਹੋਲੀ ਤਰੱਕੀ ਦੀਆਂ ਲੀਹਾਂ ਤੇ ਤੁਰ ਪਿਆ। ਮੈਂ ਗੱਲ ਦੀ ਸ਼ੁਰੂਆਤ ਕਰਨ ਲੱਗਿਆ ਹਾਂ। ਜਦੋਂ ਵੀ ਕਿਸੇ ਦੇ ਇਕਾਨਮੀ ਦੇ ਹਾਲਾਤ ਦੀ measurement ਹੁੰਦੀ ਹੈ ਤਾਂ ਉਹ GSDP ਦੀ ਗ੍ਰੋਥ ਵਿਚੋਂ ਹੁੰਦੀ ਹੈ। ਮੈਂ ਇਸ ਸਾਲ ਦੀ ਗੱਲ ਕਰਾਂਗਾ, this past year, ਇਸ ਚੀਜ਼ ਵਿੱਚ ਸਾਡਾ ਜਿਹੜਾ ਐਵਰੇਜ਼ ਵਾਧਾ ਹੋਇਆ ਹੈ, ਉਹ 10.43% ਦਾ ਹੋਇਆ ਹੈ। ਜੇਕਰ previous year ਦੇਖੀਏ ਤਾਂ again average growth rate is 8.87%. ਇਹ ਬਾਵਜੂਦ ਉਨ੍ਹਾਂ ਹਾਲਾਤਾਂ ਦੇ ਬਹੁਤ ਵੱਡੀ ਪ੍ਰਾਪਤੀ ਹੈ, ਸ਼ੁਰੂਆਤ ਹੈ। ਜਦੋਂ ਸਭ ਕੁਝ ਬੰਦ ਹੋ ਗਿਆ ਸੀ, ਇੰਡਸਟਰੀ ਬੰਦ ਹੋ ਗਈ ਸੀ, ਐਕਸਾਈਜ਼ ਰੈਵੇਨਿਊ ਬੰਦ ਹੋ ਗਿਆ, ਕੋਈ ਇਨਕਮ ਦਾ ਸਾਧਨ ਨਹੀਂ ਸੀ। ਮੈਂ ਸਮਝਦਾ ਹਾਂ ਕਿ ਇਹ ਬਹੁਤ ਵੱਡੀ ਗੱਲ ਹੈ। ਸਪੀਕਰ ਸਾਹਿਬ, ਮੈਂ ਸਟੇਟ ਦੀ ਰੈਵੇਨਿਊ ਰਿਸੀਟਸ ਦੀ ਗੱਲ ਕਰਾਂਗਾ। ਇਹ ਸਾਲ 2016 ਵਿੱਚ 47,985 ਕਰੋੜ ਸੀ।

ਸਾਲ 2017 ਤੋਂ ਲੈ ਕੇ ਹੁਣ 2021-22 ਤੱਕ 95,258 ਕਰੋੜ ਭਾਵ 98.52% ਇਨਕ੍ਰੀਜ਼ ਹੋਈ ਹੈ। ਇਹ ਬਹੁਤ ਵੱਡਾ ਵਾਧਾ ਹੈ।

ਐਕਸਾਈਜ਼ ਡਿਊਟੀ ਵਿੱਚ 59% ਗ੍ਰੋਥ ਹੋਈ ਹੈ, ਸਾਲ 2016-17 ਵਿੱਚ 4406 ਕਰੋੜ ਸੀ ਜੋ ਕਿ ਸਾਲ 2021-22 ਵਿੱਚ 7,000 ਕਰੋੜ ਰੁਪਿਆ ਹੋਇਆ ਹੈ। ਇਲੈਕਟ੍ਰੀਸਿਟੀ ਡਿਊਟੀ ਵਿੱਚ 51% ਇਨਕ੍ਰੀਜ਼ ਅਤੇ ਸਟੈੱਪ ਡਿਊਟੀ ਵਿੱਚ 41% ਰੈਵੇਨਿਊ ਵਧਿਆ ਹੈ। ਲਗਾਤਾਰ ਦੋ ਸਾਲ (2020-21, 2021-22) ਵਿੱਚ zero funding gap ਸਬੰਧੀ ਮੈਂ ਸ਼ਲਾਘਾ ਵੀ ਕਰਦਾ ਹਾਂ ਅਤੇ ਵਧਾਈ ਵੀ ਦਿੰਦਾ ਹਾਂ, ਇਹ ਬਹੁਤ ਵੱਡੀ ਗੱਲ ਹੈ।

ਸਪੀਕਰ ਸਾਹਿਬ, ਬਹੁਤ ਗੱਲਾਂ ਕਰਨ ਵਾਲੀਆਂ ਹਨ ਪਰ ਮੈਂ ਐਗਰੀਕਲਚਰ ਦੀ ਗੱਲ ਕਰਾਂਗਾ। ਇਸ ਦਾ ਕਾਰਨ ਇਹ ਹੈ ਕਿ ਪੰਜਾਬ ਦੀ ਇਕਾਨਮੀ ਬੇਸੀਕਲੀ ਐਗਰੀਕਲਚਰ ਬੇਸਡ ਹੈ। ਮੈਂ ਸਮਝਦਾ ਹਾਂ ਕਿ ਸਭ ਤੋਂ ਜ਼ਿਆਦਾ ਗੰਭੀਰ ਹਾਲਾਤ ਜੇਕਰ ਇਸ ਵੇਲੇ ਕਿਸੇ ਦੇ ਬਣੇ ਹਨ, ਉਹ ਕਿਸਾਨੀ ਦੇ ਬਣੇ ਹਨ। ਅਸੀਂ ਜਦੋਂ ਛੋਟੇ ਹੁੰਦੇ ਸੀ, ਉਦੋਂ ਸੁਣਦੇ ਆਏ ਹਾਂ ਕਿ ਗੁਰੂ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਵੀ ਕਰਤਾਰਪੁਰ ਸਾਹਿਬ ਅਤੇ ਸੁਲਤਾਨਪੁਰ ਲੋਧੀ ਖੇਤੀ ਕੀਤੀ ਸੀ। ਅੱਜ ਮੈਂ ਇਹ ਗੱਲ ਕਰਨ ਲੱਗਿਆ ਹਾਂ ਕਿ ਉਦੋਂ ਇਹ ਗੱਲ ਲਿਖੀ ਗਈ ਸੀ :

*ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ, ਭੀਖ ਦੁਆਰ*

ਮੈਂ ਥੋੜ੍ਹਾ ਜਿਹਾ ਇਸ ਦੀ ਡੂੰਘਾਈ ਵਿੱਚ ਗਿਆ। ਉਸ ਵੇਲੇ ਇਕ ਨੰਬਰ ਦਾ ਕਿੱਤਾ ਕਿਸਾਨੀ ਨੂੰ ਗਿਣਿਆ ਗਿਆ ਸੀ। ਦੂਸਰੇ ਨੰਬਰ ਤੇ ਵਪਾਰ, ਤੀਸਰੇ ਨੰਬਰ ਤੇ ਉਸ ਵੇਲੇ ਨੌਕਰੀ ਨੂੰ ਨਖਿੱਧ ਗਿਣਦੇ ਸੀ ਅਤੇ ਭੀਖ ਮੰਗਣੀ ਤਾਂ ਉਸ ਤੋਂ ਵੀ ਥੱਲੇ ਸੀ। ਅੱਜ ਮੈਂ ਇਸ ਅਸੈਂਬਲੀ ਵਿੱਚ ਖੜ੍ਹੇ ਹੋ ਕੇ ਕਹਾਂਗਾ, ਇਹ ਬਹੁਤ ਪਵਿੱਤਰ ਸਦਨ ਹੈ, ਇਸ ਵਿੱਚ ਖਲੋ ਕੇ ਸਾਰੇ ਮੈਂਬਰ ਸਾਹਿਬਾਨ ਨੂੰ ਇਹ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਕੀ ਕਾਰਨ ਬਣ ਗਏ? ਕਿਸਾਨੀ ਤੇ ਇੰਨਾ ਵੱਡਾ ਸਵਾਲੀਆ ਨਿਸ਼ਾਨ ਲੱਗ ਗਿਆ? ਉਹੀ ਕਿਸਾਨੀ ਜਿਸ ਨੂੰ ਇਕ ਨੰਬਰ ਦਾ ਕਿੱਤਾ ਗਿਣਿਆ ਗਿਆ ਸੀ, ਅੱਜ ਉਹ ਸਾਰਿਆਂ ਤੋਂ ਥੱਲੇ ਚਲੀ ਗਈ। ਅੱਜ ਕਿਸਾਨ ਮਜ਼ਬੂਰ ਹੋ ਗਿਆ ਹੈ। ਮੈਂ ਅੱਜ ਇੱਥੇ ਇਕ ਉਦਾਹਰਣ ਦੇਣ ਲੱਗਿਆ ਹਾਂ। ਮੈਂ ਜਦੋਂ ਅਜਨਾਲਾ ਗਿਆ ਤਾਂ ਉਥੇ ਬਹੁਤ ਚੰਗਾ ਵਪਾਰੀ ਹੈ, ਆੜ੍ਹਤੀ ਹੈ। ਉਹ ਮੈਨੂੰ ਕਹਿਣ ਲੱਗਿਆ ਕਿ ਤੁਸੀਂ ਚਾਹ ਪੀ ਕੇ ਜਾਣ। ਮੈਂ ਗਿਆ ਤਾਂ ਉਥੇ ਮੇਰਾ ਇਕ ਸਾਬਕਾ ਸਰਪੰਚ ਬੈਠਾ ਸੀ। ਮੈਂ ਵੀ ਬੜੇ ਇੱਜ਼ਤ-ਮਾਣ ਨਾਲ ਮਿਲਿਆ ਕਿਉਂਕਿ ਮੈਂ ਉਸ ਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਸੀ।

ਉਸ ਨੂੰ *ਪੁਰਾਣਾ ਲਹੌਰੀਆ* ਕਹਿੰਦੇ ਸਨ। ਉਹ ਬੜੀ ਬੜਕ ਨਾਲ ਬੋਲਦਾ ਸੀ। ਮੈਂ ਸ਼ਾਹ ਜੀ ਨੂੰ ਕਿਹਾ ਕਿ ਸਰਪੰਚ ਸਾਹਿਬ ਨੂੰ ਵਿਹਲਾ ਕਰ ਦਿਓ ਫੇਰ ਆਪਾਂ ਚਾਹ ਪੀਵਾਂਗੇ। ਉਹ ਉਸ ਨੂੰ ਪਾਸੇ ਲੈ ਕੇ ਗਿਆ ਅਤੇ ਆਪਣੀ ਜ਼ੇਬ ਵਿਚੋਂ ਪੈਸੇ ਕੱਢ ਕੇ ਉਸ ਨੂੰ ਦੇ ਦਿੱਤੇ। ਸਪੀਕਰ ਸਾਹਿਬ, ਮੇਰੇ ਕੋਲੋਂ ਨਹੀਂ ਰਿਹਾ ਗਿਆ ਅਤੇ ਮੈਂ ਉਸ ਨੂੰ ਪੁੱਛਿਆ, ਸ਼ਾਹ ਜੀ! ਸਾਡਾ ਸਰਪੰਚ ਕਿੱਧਰ ਆਇਆ ਸੀ? ਉਹ ਕਹਿਣ ਲੱਗਿਆ, ਆਉਣਾ ਕਿੱਥੇ ਸੀ, ਇਸ ਦੀ ਧੀ ਰਾਣੀ ਪੇਕੇ ਆਈ ਸੀ ਤੇ ਉਸ ਨੂੰ ਤੋਰਨਾ ਸੀ, 500/- ਰੁਪਿਆ ਮੇਰੇ ਤੋਂ ਲੈ ਕੇ ਗਿਆ ਹੈ। ਉਸ ਦੇ ਘਰ ਪੈਸੇ ਨਹੀਂ ਸਨ। ਸਪੀਕਰ ਸਾਹਿਬ, ਕਿਸਾਨੀ ਦੇ ਇਹ ਹਾਲਾਤ ਬਣ ਗਏ ਹਨ। ਇਸ ਵਾਸਤੇ ਕੌਣ ਜ਼ਿੰਮੇਵਾਰ ਹੈ? ਭਾਵੇਂ ਕਿਸੇ ਨੂੰ blame ਕਰਦੇ ਰਹੋ, ਬਲੇਮ-ਗੇਮ ਬਹੁਤ ਸੌਖੀ ਹੈ। ਲੇਕਿਨ ਅਸੀਂ ਸਾਰੇ ਹੀ ਇਨ੍ਹਾਂ ਹਾਲਾਤਾਂ ਦੇ ਵਿੱਚੋਂ ਦੀ ਲੰਘ ਰਹੇ ਹਾਂ। ਅੱਜ ਜੋ ਕਿਸਾਨੀ ਸੰਘਰਸ਼ ਦਿੱਲੀ ਦੇ ਬਾਰਡਰਾਂ ਤੇ ਹੋ ਰਿਹਾ ਹੈ, ਸਾਡੇ ਨਿੱਕੇ-ਨਿੱਕੇ ਉਥੇ ਬੈਠੇ ਹਨ। ਸਾਡੀਆਂ ਮਾਤਾਵਾਂ ਬੈਠੀਆਂ ਹਨ। ਸਾਡੇ ਬਜ਼ੁਰਗ ਬੈਠੇ ਹਨ। 100 ਦਿਨ ਤੋਂ ਉੱਤੇ ਦਾ ਸਮਾਂ ਹੋ ਗਿਆ ਹੈ। ਕਿਸੇ ਨਾ ਉਨ੍ਹਾਂ ਦੀ ਬਾਤ ਨਹੀਂ ਪੁੱਛੀ। ਉਹ ਕਿਹੜਾ ਲੋਹੜਾ ਵੱਜ ਗਿਆ, ਪੰਜਾਬ ਨੇ ਕੀ ਗੁਨਾਹ ਕਰ ਦਿੱਤਾ, ਪੰਜਾਬ ਦੇ ਸੂਰਬੀਰਾਂ ਨੇ ਕੀ ਗੁਨਾਹ ਕਰ ਦਿੱਤਾ ਕਿ ਮੋਦੀ ਸਾਹਿਬ, ਤੁਸੀਂ ਅੱਜ ਇਨ੍ਹਾਂ ਨਾਲ ਨਿਗ੍ਹਾ ਨਹੀਂ ਮਿਲਾਉਂਦੇ?

ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਹਿਸਟਰੀ ਫਰੋਲ ਕੇ ਵੇਖ ਲਵੋ। ਮਹਾਰਾਜਾ ਰਣਜੀਤ ਸਿੰਘ ਪੰਜਾਬ ਦਾ ਪਹਿਲਾ ਮਹਾਰਾਜਾ ਹੋਇਆ ਹੈ ਜਿਸ ਨੇ ਸਹੀ ਮਾਅਨਿਆਂ ਵਿੱਚ ਉਨ੍ਹਾਂ ਦੁਸ਼ਮਣਾਂ ਨੂੰ ਡੱਕਿਆ ਸੀ, ਆਪਣੀ ਬਹਾਦਰੀ ਦੇ ਨਾਲ, ਆਪਣੇ ਜਰਨੈਲਾਂ ਨੂੰ ਨਾਲ ਲੈ ਕੇ ਉਨ੍ਹਾਂ ਦਾ ਲਾਂਘਾਂ ਬੰਦ ਕੀਤਾ ਸੀ ਜਿਹੜੇ ਆਉਂਦੇ ਸਨ ਤੇ ਪੰਜਾਬ ਨੂੰ ਲੁੱਟਦੇ ਸਨ, ਹਿੰਦੋਸਤਾਨ ਨੂੰ ਲੁੱਟ ਕੇ ਵਾਪਸ ਚਲੇ ਜਾਂਦੇ ਸਨ। ਅੱਜ ਜਦੋਂ ਅਜ਼ਾਦੀ ਦੇ ਵਿੱਚ ਹਰ ਪੰਜਾਬੀ ਨੇ, ਹਰ ਇੱਥੋਂ ਦੇ ਵਸਣ ਨੇ ਦੇਸ਼ ਦੀ ਅਜ਼ਾਦੀ ਦੇ ਵਿੱਚ ਵੱਧ ਤੋਂ ਵੱਧ ਹਿੱਸਾ ਪਾਇਆ ਹੈ। ਕਾਲੇ ਪਾਣੀ ਦੀ ਜ਼ੇਲ੍ਹ ਜਾ ਕੇ ਵੇਖ ਲਵੋ।

ਸਪੀਕਰ ਸਾਹਿਬ, ਤੁਸੀਂ ਸਾਨੂੰ ਸੈਲੂਲਰ ਜ਼ੇਲ੍ਹ ਦੀ ਸਟੱਡੀ ਕਰਨ ਵਾਸਤੇ ਭੇਜਿਆ ਸੀ। ਅਸੀਂ ਸਟੱਡੀ ਕਰਕੇ ਆਏ ਸੀ। ਜਦੋਂ ਕਿਸੇ ਨੂੰ ਕਾਲ਼ੇ ਪਾਣੀ ਦੀ ਸਜ਼ਾ ਹੁੰਦੀ ਸੀ ਤਾਂ ਲੋਕ ਸਮਝਦੇ ਸੀ ਕਿ ਇਨ੍ਹਾਂ ਨੇ ਹੁਣ ਵਾਪਸ ਨਹੀਂ ਆਉਣਾ, ਉਥੇ ਹੀ ਖਤਮ ਹੋ ਜਾਣਾ ਹੈ ਔਰ ਉਹੀ ਗੱਲ ਹੁੰਦੀ ਸੀ। ਅਸੀਂ ਉਥੇ ਸਭ ਕੁਝ ਦੇਖਿਆ। ਉਹ ਕੌਣ ਸਨ? ਹਿੰਦੋਸਤਾਨ ਦੀ ਫਰੀਡਮ ਸਟਰਗਲ ਦੇ ਵਿੱਚ, ਉਹ ਅਜ਼ਾਦੀ ਦੇ ਵਿੱਚ ਲੜਨ ਵਾਲੇ ਸੂਰਬੀਰ ਸਨ। ਜਾ ਕੇ ਸੈਲੂਲਰ ਜ਼ੇਲ੍ਹ ਦੀਆਂ ਕੰਧਾਂ ਦੇਖ ਲਵੋ, ਉਨ੍ਹਾਂ ਤੇ ਨਾਂ ਲਿਖੇ ਹੋਏ ਹਨ ਔਰ ਅਸੀਂ ਇੱਥੇ ਅਸੰਬਲੀ ਦੇ ਵਿੱਚ ਆਪਣੀ ਕਮੇਟੀ ਦੀ ਰਿਪੋਰਟ ਪੇਸ਼ ਕੀਤੀ ਸੀ ਜਿਸ

ਵਿੱਚ ਕਿਹਾ ਸੀ ਕਿ ਪੰਜਾਬ ਦੇ ਉਨ੍ਹਾਂ ਪੰਜਾਬੀ ਯੋਧਿਆਂ ਨੂੰ ਜ਼ਰੂਰ ਰੈਕੋਗਨੀਸ਼ਨ ਦਿਉ, ਜਦੋਂ ਉਥੇ ਲਾਈਟ ਐਂਡ ਸਾਊਂਡ ਪ੍ਰੋਗਰਾਮ ਚਲਦਾ ਹੈ। ਉਸ ਲਾਈਟ ਐਂਡ ਸਾਊਂਡ ਪ੍ਰੋਗਰਾਮ ਦੌਰਾਨ ਉਦੋਂ ਉਥੇ ਕਿਨ੍ਹਾਂ ਦੇ ਨਾਮ ਲਏ ਜਾਂਦੇ ਹਨ? ਉਥੇ ਬੰਗਾਲੀਆਂ ਦੇ, ਮਹਾਰਾਸ਼ਟਰੀਅਨਜ਼ ਦੇ, ਇੱਕ ਵੀ ਨਾਮ ਪੰਜਾਬੀ ਦਾ ਨਹੀਂ ਲਿਆ ਗਿਆ ਸੀ। ਸਪੀਕਰ ਸਾਹਿਬ, ਮੈਂ ਇੱਥੇ ਰਿਪੋਰਟ ਪੇਸ਼ ਕੀਤੀ ਸੀ। ਤੁਹਾਨੂੰ ਯਾਦ ਹੋਵੇਗਾ। ਸਾਡੀ ਸਾਰੀ ਕਮੇਟੀ ਵੱਲੋਂ ਮੇਰੀ ਉਹ ਵੀ ਰਿਕੁਐਸਟ ਤੇ ਡਿਮਾਂਡ ਪੈਂਡਿੰਗ ਹੈ, ਜਿਹੜੀ ਤੁਸੀਂ ਗਠਨ ਕੀਤੀ ਸੀ। ਸਪੀਕਰ ਸਾਹਿਬ, ਮੈਂ ਇਹ ਗੱਲਾਂ ਇਸ ਕਰਕੇ ਕਰ ਰਿਹਾ ਹਾਂ ਕਿਉਂਕਿ ਇਸ ਵੇਲੇ ਪੰਜਾਬ ਦੇ ਹਾਲਾਤ ਬਹੁਤ ਮਾੜੇ ਹਨ। ਇਹ ਮਾੜੇ ਕਿਉਂ ਹਨ? ਕਿਉਂਕਿ ਸਾਰਿਆਂ ਨਾਲੋਂ ਜ਼ਿਆਦਾ ਐਗਰੀਕਲਚਰ ਸਬਜੈਕਟ ਤੇ ਬਿਲਾਂ ਰਾਹੀਂ ਧੱਕਾ ਹੋ ਰਿਹਾ ਹੈ।

ਸਪੀਕਰ ਸਾਹਿਬ, ਫਿਰ ਵੀ ਅਸੀਂ ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ 17000 ਕਰੋੜ ਰੁਪਿਆ for the welfare of the farmers allocate ਕੀਤਾ ਹੈ। (ਥੰਪਿੰਗ) ਤੁਹਾਡਾ ਬਹੁਤ ਧੰਨਵਾਦ ਹੈ। Debt relief 1686 ਕਰੋੜ ਰੁਪਿਆ, 1.13 ਲੱਖ ਫਾਰਮਰਜ਼ ਲਈ ਰੱਖਿਆ। ਸਾਰਿਆਂ ਨਾਲੋਂ ਵੱਡੀ ਵਧਾਈ ਤੁਹਾਨੂੰ ਦੇਣ ਲੱਗਿਆਂ ਹਾਂ ਜਿਹੜੀ ਤੁਸੀਂ ਇਹ ਗੱਲ ਕਰਨ ਜਾ ਰਹੇ ਹੋ। 526 ਕਰੋੜ ਰੁਪਿਆ for landless farm workers ਦਾ ਜਿਹੜਾ ਕਰਜ਼ਾ ਹੈ, ਉਹ ਤੁਸੀਂ write off ਕਰਨ ਲੱਗੇ ਹੋ। ਇਸ ਵਾਸਤੇ ਤੁਹਾਡਾ ਬਹੁਤ ਧੰਨਵਾਦ ਹੈ। (ਥੰਪਿੰਗ)

'ਕਾਮਯਾਬ ਕਿਸਾਨ, ਖੁਸ਼ਹਾਲ ਪੰਜਾਬ' ਪ੍ਰੋਗਰਾਮ ਦੇ ਵਿੱਚ ਤੁਸੀਂ 3780 ਕਰੋੜ ਰੁਪਿਆ ਅਗਲੇ ਤਿੰਨ ਸਾਲਾਂ ਲਈ ਰੱਖਿਆ ਹੈ। ਇਸ ਵਾਸਤੇ ਵੀ ਅਸੀਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ। ਸਾਰਿਆਂ ਨਾਲੋਂ ਵੱਡੀ ਗੱਲ, ਕਹਿੰਦੇ ਹਨ ਕਿ ਜੋ ਡਾਈਵਰਸੀਫਿਕੇਸ਼ਨ ਹੈ, ਇਹ ਹੀ ਕਿਸਾਨੀ ਦੀਆਂ ਮੁਸ਼ਕਲਾਂ ਦਾ ਹੱਲ ਹੈ। ਤੁਸੀਂ 25 ਹਾਰਟੀਕਲਚਰ ਸਟੇਟਸ ਅਗਲੇ ਪੰਜ ਸਾਲਾਂ ਵਿੱਚ ਸੈੱਟ-ਅੱਪ ਕਰਨ ਲੱਗੇ ਹੋ। ਚਾਹੇ ਉਹ ਵੇਰਕੇ ਵਿਖੇ ਪੀਅਰ ਸਟੇਟ ਹੈ, ਚਾਹੇ ਉਹ ਪਟਿਆਲੇ ਵਿੱਚ ਗੁਆਵਾ ਸਟੇਟ ਹੈ। ਮੈਂ ਸਮਝਦਾ ਹਾਂ ਕਿ ਜੇ ਐਗਰੀਕਲਚਰ ਦੀ ਰਿਪਲੇਸਮੈਂਟ ਜਾਂ ਡਾਈਵਰਸੀਫਿਕੇਸ਼ਨ ਹੈ ਤਾਂ ਉਹ horticulture is the best replacement in diversification of Agriculture ਹੈ। ਅਸੀਂ ਇਸ ਵਾਸਤੇ ਤੁਹਾਡਾ ਧੰਨਵਾਦ ਕਰਦੇ ਹਾਂ। ਤੁਸੀਂ ਕੇਨ ਗਰੋਵਰਜ ਲਈ 300 ਕਰੋੜ ਰੁਪਿਆ ਦਿੱਤਾ ਹੈ। ਇਹ ਵੀ ਇੱਕ ਡਾਈਵਰਸੀਫਿਕੇਸ਼ਨ ਹੈ।

ਸਪੀਕਰ ਸਾਹਿਬ, ਲੇਕਿਨ ਜਿਹੜੀ ਚੀਜ਼ ਦੀ ਮੁਸ਼ਕਿਲ ਆ ਰਹੀ ਹੈ, ਜਿਹੜੀ ਸ਼ੂਗਰ ਪਾਲਿਸੀ ਹੈ, ਉਸ ਨੂੰ ਸੈਂਟਰਲ ਗੌਰਮਿੰਟ ਕੰਟਰੋਲ ਕਰਦੀ ਹੈ। ਹਮੇਸ਼ਾ ਪੰਜਾਬ ਦੇ ਜਿਹੜੇ ਸ਼ੂਗਰਕੇਨ ਗਰੋਅਰਜ਼ ਹਨ, ਸਾਡੀਆਂ ਸ਼ੂਗਰ ਮਿੱਲਾਂ ਹਨ, ਉਹ ਕੋਆਪਰੇਟਿਵ ਅਦਾਰਿਆਂ ਵਿੱਚ ਹਨ। ਉਹ ਬਹੁਤ ਵਧੀਆ ਚਲਦੀਆਂ ਸਨ। ਸਾਡੇ ਪੰਜਾਬ ਨਾਲ ਸਾਰਿਆਂ ਨਾਲੋਂ ਵੱਡਾ ਧੱਕਾ ਹੁੰਦਾ ਹੈ। ਬੇਸ਼ੱਕ ਜਾ ਕੇ ਵੇਖ ਲਵੋ, ਇਸ ਵੇਲੇ ਵੀ ਤਿੰਨ-ਤਿੰਨ ਸਾਲ ਪੁਰਾਣੀ ਖੰਡ ਉਥੇ ਸਾਡੀਆਂ ਸ਼ੂਗਰ ਮਿੱਲਾਂ ਵਿੱਚ ਪਈ ਹੈ। ਪਰ ਸਾਨੂੰ ਵੇਚਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਕਿਉਂ? ਮੈਂ ਦੱਸਣਾ ਚਾਹੁੰਦਾ ਹਾਂ ਕਿ ਹਿਮਾਚਲ ਵਾਲਿਆਂ ਨੂੰ ਖੰਡ ਚਾਹੀਦੀ ਸੀ। ਸਾਡੇ ਕੋਆਪਰੇਟਿਵ ਮੰਤਰੀ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਜੀ ਹੁਣ ਇੱਥੋਂ ਉਠ ਕੇ ਚਲੇ ਗਏ ਹਨ। ਇਨ੍ਹਾਂ ਨੇ (ਕੋਆਪਰੇਟਿਵ ਮਨਿਸਟਰ) ਉਨ੍ਹਾਂ ਨੂੰ ਤਰਲਾ ਮਾਰਿਆ ਕਿ ਤੁਸੀਂ ਮਹਾਰਾਸ਼ਟਰਾ ਤੋਂ ਖੰਡ ਮੰਗਵਾਉਣ ਲੱਗੇ ਹੋ, ਅਸੀਂ ਤੁਹਾਨੂੰ ਸਸਤੀ ਖੰਡ ਦੇ ਦਿੰਦੇ ਹਾਂ, ਹਿਮਾਚਲ ਵਾਲਿਓ ਸਾਡੇ ਕੋਲੋਂ ਸਾਰੀ ਖੰਡ ਲੈ ਲਵੋ। ਤੁਸੀਂ ਸਾਡੇ ਗੁਆਂਢੀ ਹੋ। ਪਰ ਉਨ੍ਹਾਂ ਨੇ ਸਾਡੇ ਤੋਂ ਖੰਡ ਨਹੀਂ ਲਈ, ਕਿਉਂਕਿ ਉਥੇ ਬੀ.ਜੇ.ਪੀ. ਦੀ ਸਰਕਾਰ ਹੈ, ਉਨ੍ਹਾਂ ਨੇ ਮਹਾਰਾਸ਼ਟਰਾ ਤੋਂ ਖੰਡ ਲਈ, ਸਾਡੇ ਕੋਲੋਂ ਨਹੀਂ ਲਈ। ਇਹ ਕਿੰਨੇ ਅਫਸੋਸ ਦੀ ਗੱਲ ਹੈ। ਸ਼ੂਗਰਮਿੱਲਜ਼ ਦੀ ਮੌਡਰੇਨਾਈਜ਼ੇਸ਼ਨ ਵਾਸਤੇ, ਗੁਰਦਾਸਪੁਰ ਤੇ ਬਟਾਲੇ ਲਈ 60 ਕਰੋੜ ਰੁਪਿਆ ਰੱਖਿਆ ਗਿਆ ਹੈ। ਇਹ ਬਹੁਤ ਵਧੀਆ ਗੱਲ ਹੈ।

ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਜ਼ਰੂਰ ਕਰਨੀ ਹੈ। ਮੈਂ ਬਾਰਡਰ ਦੇ ਇਲਾਕੇ ਨੂੰ ਬਿਲੌਂਗ ਕਰਦਾ ਹਾਂ। ਮੈਨੂੰ ਯਾਦ ਹੈ। ਮੈਂ ਹੁਣ ਐਜੂਕੇਸ਼ਨ ਦੀ ਗੱਲ ਕਰਨੀ ਹੈ। ਮੇਰੇ ਪਿਤਾ ਜੀ ਇਸ ਅਸੰਬਲੀ ਵਿਚ ਐਮ.ਐਲ.ਏ. ਵੀ ਰਹੇ, ਸਰਦਾਰ ਦਰਬਾਰਾ ਸਿੰਘ ਦੀ ਮਨਿਸਟਰੀ ਵਿਚ ਐਜੂਕੇਸ਼ਨ ਮੰਤਰੀ ਵੀ ਬਣੇ, ਸਰਦਾਰ ਬੇਅੰਤ ਸਿੰਘ ਦੀ ਮਨਿਸਟਰੀ ਵਿਚ ਸਪੀਕਰ ਵੀ ਬਣੇ। ਮੈਨੂੰ ਯਾਦ ਹੈ ਜਦੋਂ ਉਹ ਪਹਿਲੀ ਵਾਰ ਐਮ.ਐਲ.ਏ ਬਣੇ ਤਾਂ ਉਸ ਵੇਲੇ ਸਰਦਾਰ ਸੰਤੋਖ ਸਿੰਘ ਰੰਧਾਵਾ ਵੀ ਮੰਤਰੀ ਬਣੇ ਸੀ।ਦੋਵਾਂ ਦਾ ਬਹੁਤ ਪਿਆਰ ਸੀ, ਦੋਵੇਂ ਗੁਆਂਢੀ ਸਨ। ਦੋਵੇਂ ਇਕੱਠੇ ਹੋ ਕੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਕੋਲ ਗਏ ਅਤੇ ਕਿਹਾ ਕਿ ਜਿਨੀ ਦੇਰ ਤੱਕ ਬਾਰਡਰ ਨੂੰ ਬਾਰਡਰ ਬੈਲਟ ਨਹੀਂ ਬਣਾਓਗੇ ਓਨੀ ਦੇਰ ਬਾਰਡਰ ਦੇ ਏਰੀਏ ਦੀ ਡਿਵੈਲਮੈਂਟ ਨਹੀਂ ਹੋਵੇਗੀ। ਮੈਨੂੰ ਯਾਦ ਹੈ ਕਿ ਉਸ ਸਮੇਂ ਬਾਰਡਰ ਦੇ ਸਕੂਲਾਂ ਵਿਚ ਟੀਚਰਾਂ ਨੂੰ ਬਾਰਡਰ ਅਲਾਉਂਸ ਮਿਲਦਾ ਸੀ, ਸਾਨੂੰ 24 ਘੰਟੇ ਬਿਜਲੀ ਮਿਲਦੀ ਸੀ। ਪਰ ਉਹ ਸਾਰੀਆਂ ਚੀਜ਼ਾਂ ਸਾਥੋਂ ਖੋਹੀਆਂ ਗਈਆਂ। ਮੈਨੂੰ ਯਾਦ ਹੈ ਕਿ ਸਾਡੇ ਪਿੰਡਾਂ ਦੇ ਬੱਚੇ ਪੜ੍ਹ ਕੇ ਚੰਗੀਆਂ ਨੌਕਰੀਆਂ ਲੱਗੇ। ਸ਼ਹਿਰਾਂ ਤੋਂ ਚੰਗੇ ਪੜ੍ਹੇਲਿਖੇ ਟੀਚਰ ਬਾਰਡਰ ਅਲਾਉਂਸ ਕਲੇਮ ਕਰਨ ਲਈ ਸਾਡੇ ਬਾਰਡਰ ਦੇ ਸਕੂਲਾਂ ਵਿਚ ਪੜ੍ਹਾਉਣ ਲੱਗ ਗਏ ਪਰ ਅੱਜ ਕੀ ਹੋ ਗਿਆ ਹਰ ਟੀਚਰ ਜਿਹੜਾ ਬਾਰਡਰ

ਤੇ ਲਗਦਾ ਹੈ, ਉਹ ਵਿਆਹ ਤੋਂ ਬਾਅਦ ਦੋਵੇਂ ਜੀਅ ਸ਼ਹਿਰਾਂ ਨੂੰ ਭੱਜਦੇ ਹਨ ਅਤੇ ਸਾਡੇ ਸਕੂਲ ਖਾਲੀ ਹੋ ਜਾਂਦੇ ਹਨ। ਇੱਥੇ ਸਿੰਗਲਾ ਜੀ ਬੈਠੇ ਹਨ, ਇਨ੍ਹਾਂ ਨੇ ਬਹੁਤ ਵਧੀਆ ਕੰਮ ਕੀਤਾ ਹੈ, ਇਨ੍ਹਾਂ ਦੇ ਸੈਕਟਰੀ ਐਜੂਕੇਸ਼ਨ ਸ਼੍ਰੀ ਕ੍ਰਿਸ਼ਨ ਕੁਮਾਰ ਜੀ ਨੇ ਵੀ ਵਧੀਆ ਕੰਮ ਕੀਤਾ ਹੈ। ਇਨ੍ਹਾਂ ਨੇ ਯਤਨ ਕੀਤਾ ਹੈ ਕਿ ਕੋਈ ਵੀ ਸਕੂਲ ਟੀਚਰਾਂ ਤੋਂ ਖਾਲੀ ਨਾ ਰਹੇ ਭਾਵੇਂ ਇਕ ਟੀਚਰ ਨਾਲ ਚਲਾਈਏ। ਸਾਡਾ ਵੀ ਜੀਅ ਕਰਦਾ ਹੈ ਕਿ ਸਾਡੇ ਬੱਚੇ ਪੜ੍ਹਲਿਖ ਕੇ ਚੰਗੀਆਂ ਨੌਕਰੀਆਂ ਤੇ ਲੱਗਣ। ਸਪੀਕਰ ਸਾਹਿਬ, ਮੈਨੂੰ ਯਾਦ ਹੈ ਕਿ ਮੇਰੇ ਗਰੈਂਡਫਾਦਰ 1912 ਦੇ ਵਿਚ ਸਾਡੇ ਜੱਦੀ ਪਿੰਡ ਲੱਖੂਵਾਲ ਤੋਂ ਅਜਨਾਲੇ ਪੜ੍ਹਨ ਆਉਂਦੇ ਸੀ। ਉਸ ਵੇਲੇ ਉਨ੍ਹਾਂ ਨੇ ਸਕੂਲ ਵਿਚੋਂ ਸਕਾਲਰਸ਼ਿਪ ਲਈ, ਮੇਰੇ ਕੋਲ ਉਨ੍ਹਾਂ ਦਾ ਸਰਟੀਫਿਕੇਟ ਪਿਆ ਹੈ। ਉਨ੍ਹਾਂ ਨੂੰ 6 ਰੁਪਿਆ ਵਜ਼ੀਫਾ ਮਿਲਿਆ। ਉਨ੍ਹਾਂ ਨੇ ਖਾਲਸਾ ਕਾਲਜ ਤੋਂ ਬੀ.ਏ. ਕੀਤੀ, ਐਮ.ਏ. ਅੰਗਰੇਜ਼ੀ ਕੀਤੀ, ਪੀ.ਸੀ.ਐਸ. ਦਾ ਇਮਤਿਹਾਨ ਦਿੱਤਾ ਅਤੇ ਪੀ.ਸੀ.ਐਸ ਬਣੇ। ਉਹ ਮੈਜਿਸਟਰੇਟ ਲਾਹੌਰ ਬਣੇ ਅਤੇ ਸਰ ਛੋਟੂ ਰਾਮ ਉਨ੍ਹਾਂ ਨੂੰ ਰੋਹਤਕ ਏ.ਡੀ.ਸੀ. ਦੇ ਤੌਰ ਤੇ ਲੈ ਕੇ ਗਏ। ਉਨ੍ਹਾਂ ਦਾ ਨਾਮ ਸਰਦਾਰ ਬੇਅੰਤ ਸਿੰਘ ਸੀ। ਇਹ ਤਾਂ ਹੋਇਆ ਕਿਉਂਕਿ ਉਨ੍ਹਾਂ ਪਿੰਡਾਂ ਦੀ ਉਸ ਵੇਲੇ ਵਿੱਦਿਆ ਚੰਗੀ ਸੀ। ਮੈਂ ਇਹ ਗੱਲ ਕਰਨੀ ਹੀ ਕਰਨੀ ਹੈ, ਸਾਡੇ ਬਾਰਡਰਾਂ ਨੂੰ ਬਚਾ ਲਓ, ਸਾਡੇ ਬੱਚਿਆਂ ਦੇ ਵਿਚ ਬੜੀ ਤਾਕਤ ਹੈ, ਉਨ੍ਹਾਂ ਦੀਆਂ ਜੀਨਜ਼, ਉਨ੍ਹਾਂ ਦੀ ਫਿਜ਼ੀਕਲ ਕੈਪੇਬਿਲਟੀ ਨੂੰ ਦੇਖੋ, ਉਹ ਬਹੁਤ ਅੱਗੇ ਹਨ ਲੇਕਿਨ ਮਾਰ ਕਿਥੋਂ ਖਾਂਦੇ ਹਨ ਜਦੋਂ ਅਸੀਂ ਪੜ੍ਹਾਈ ਨਹੀਂ ਕਰਦੇ, ਸ਼ਹਿਰ ਦੇ ਬੱਚੇ ਕਾਨਵੈਂਟ ਸਕੂਲਾਂ ਵਿਚ ਪੜ੍ਹਦੇ ਹਨ ਪਰ ਸਾਡੇ ਬੱਚਿਆਂ ਨੂੰ ਅੰਗਰੇਜ਼ੀ ਨਹੀਂ ਆਉਂਦੀ। ਮੈਂ ਅੱਜ ਵਿਸ਼ੇਸ਼ ਤੌਰ ਤੇ ਸਿੰਗਲਾ ਜੀ ਦਾ ਧੰਨਵਾਦ ਕਰਨ ਲੱਗਿਆ ਹਾਂ ਕਿ ਜਿਹੜੀ ਤੁਸੀਂ ਪ੍ਰਾਈਮਰੀ ਤੋਂ ਅੰਗਰੇਜ਼ੀ ਦੀ ਸ਼ੁਰੂਆਤ ਕੀਤੀ ਹੈ, ਇਹ ਬਹੁਤ ਵਧੀਆ ਕਦਮ ਹੈ। ਇੱਥੇ ਸਾਰੇ ਬੈਠੇ ਹਨ, ਕਿਹੜਾ ਅਜਿਹਾ ਹੈ ਜੋ ਆਪਣੇ ਬੱਚਿਆਂ ਨੂੰ ਕਾਨਵੈਂਟ ਸਕੂਲਾਂ ਵਿਚ ਨਹੀਂ ਪਾਉਂਦਾ। ਅੱਜ ਸਾਡੇ ਬੱਚੇ ਲਾਰੈਂਸ ਸਕੂਲ, ਸੋਨਾਵਰ, ਦੂਨ ਸਕੂਲ, ਦੇਹਰਾਦੂਨ, ਮਿਊਂ ਕਾਲਜ, ਅਜਮੇਰ ਵਿਚ ਪੜ੍ਹਦੇ ਹਨ। ਮੇਰਾ ਬੇਟਾ ਵੀ ਲਾਰੈਂਸ ਸਕੂਲ, ਸੋਨਾਵਰ ਵਿਚ ਪੜਿਆ ਹੈ, ਮੈਂ ਵੀ ਲਾਰੈਂਸ ਵਿਚ ਪੜ੍ਹਿਆ ਹਾਂ। ਪਰ ਸਾਡੇ ਸਰਕਾਰੀ ਸਕੂਲਾਂ ਵਾਲੇ ਬੱਚੇ ਜਦੋਂ ਔਖੇ ਸੌਖੇ ਹੋ ਕੇ ਅਸਟ੍ਰੇਲੀਆ ਕੈਨੇਡਾ ਚਲੇ ਜਾਂਦੇ ਹਨ, ਉਹ ਆਪਣੇ ਪਿਤਾ ਨੂੰ ਕਹਿੰਦੇ ਹਨ ਕਿ ਮੈਨੂੰ ਬਾਹਰ ਭੇਜ ਦਿਓ, ਮੇਰਾ ਇੱਥੇ ਕੱਖ ਨਹੀਂ ਬਣਨਾ, ਉਸ ਦਾ ਪਿਓ ਕਿੱਲਾ ਦੋ ਕਿੱਲਾ ਜ਼ਮੀਨ ਵੇਚਦਾ ਹੈ। ਸਪੀਕਰ ਸਾਹਿਬ, ਮੈਂ ਪੰਜ-ਛੇ ਸਾਲ ਯੂ.ਐਸ.ਏ. ਵਿਚ ਪੜਿਆ ਹਾਂ, ਸਾਡੇ ਬੱਚਿਆਂ ਨੂੰ ਬਾਹਰਲੇ ਦੇਸ਼ਾਂ ਵਿਚ ਜਾ ਕੇ ਸਭ ਤੋਂ ਵੱਡੀ ਦਿੱਕਤ ਆਉਂਦੀ ਕਿ ਸਾਡੇ ਬੱਚਿਆਂ ਤੋਂ ਅੰਗਰੇਜ਼ੀ ਨਹੀਂ ਬੋਲੀ ਜਾਂਦੀ ਤੇ ਫਿਰ ਉਹ ਕਿਹੜਾ ਕੰਮ ਕਰਦੇ ਹਨ, ਜਾਂ ਟੈਕਸੀ ਚਲਾਉਂਦੇ ਹਨ ਜਾਂ ਕੰਸਟਰੱਕਸ਼ਨ ਦਾ ਕੰਮ ਕਰਦੇ ਹਨ। ਮੈਂ

ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਪ੍ਰਾਈਮਰੀ ਕਲਾਸ ਤੋਂ ਅੰਗਰੇਜ਼ੀ ਮੀਡੀਅਮ ਦੀ ਸ਼ੁਰੂਆਤ ਕੀਤੀ ਹੈ। ਸਪੀਕਰ ਸਾਹਿਬ, ਹੁਣ ਮੈਂ ਡਰੱਗਸ ਤੇ ਗੱਲ ਕਰਨੀ ਹੈ। ਮੈਂ ਇਸ ਵਿਸ਼ੇ ਤੇ ਹਮੇਸ਼ਾਂ ਬੋਲਾਂਗਾ ਕਿਉਂਕਿ ਮੈਂ ਉਸ ਮਾਂ ਦੇ ਦਰਦ ਨੂੰ ਸਮਝਦਾ ਹਾਂ। ਸਪੀਕਰ ਸਾਹਿਬ, ਮੈਨੂੰ ਹਾਲੇ ਤੱਕ ਯਾਦ ਹੈ ਜਦੋਂ ਇਲੈਕਸ਼ਨ ਸੀ ਤਾਂ ਇਕ ਪਿੰਡ ਧੇੜਾ ਖੁਰਦ ਵਿਚ ਜਦੋਂ ਮੈਂ ਜਾਣ ਲੱਗਿਆ ਤਾਂ ਮੈਨੂੰ ਕਹਿੰਦੇ ਕਿ ਇੱਥੇ ਜਾਣ ਦੀ ਲੋੜ ਨਹੀਂ। ਮੈਂ ਕਿਹਾ ਕੀ ਗੱਲ ਤਾਂ ਕਹਿੰਦੇ ਕਿ ਇੱਥੇ ਇਕੱਲੀ ਬਜ਼ੁਰਗ ਔਰਤ ਰਹਿੰਦੀ ਹੈ ਅਤੇ ਇਕੱਲੀ ਵੋਟ ਹੈ। ਮੈਂ ਕਿਹਾ ਕਿ ਮੈਂ ਤਾਂ ਜਾਣਾ ਹੀ ਜਾਣਾ ਹੈ, ਮੈਂ ਉਸ ਦੀ ਗੱਲ ਸੁਣ ਕੇ ਆਉਣੀ ਹੈ। ਸਪੀਕਰ ਸਾਹਿਬ, ਮੈਨੂੰ ਯਾਦ ਹੈ ਕਿ ਜਦੋਂ ਮੈਂ ਜਾ ਕੇ ਉਸ ਦੇ ਗੋਢੀਂ ਹੱਥ ਲਾਇਆ ਤਾਂ ਉਸ ਔਰਤ ਦੀਆਂ ਅੱਖਾਂ ਵਿਚੋਂ ਹੰਝੂ ਆ ਗਏ। ਮੈਨੂੰ ਕਹਿਣ ਲੱਗੀ ਕਾਕਾ ਮੇਰਾ ਜਿਹੜਾ ਘਰਵਾਲਾ ਸੀ, ਉਹ ਨਸ਼ਿਆਂ ਤੇ ਲੱਗ ਗਿਆ ਸੀ, ਪਹਿਲਾਂ ਉਹ ਖਤਮ ਹੋਇਆ। ਕਹਿੰਦੀ ਦੋ ਮੇਰੇ 21-22 ਸਾਲਾਂ ਦੇ ਪੁੱਤਰ ਸੀ। ਮੈਂ ਬੜੀ ਖੁਸ਼ ਸੀ । ਪਹਿਲਾਂ ਨਸ਼ਿਆਂ ਨਾਲ ਇੱਕ ਮਰ ਗਿਆ ਤੇ ਫਿਰ ਦੂਜਾ ਵੀ ਚਲਿਆ ਗਿਆ। ਅੱਜ ਮੈਂ ਇੱਕਲੀ ਹਾਂ, ਮੇਰਾ ਜੀ ਕਰਦਾ ਹੈ ਕਿ ਮੈਂ ਇਸ ਘਰ ਨੂੰ ਅੱਗ ਲਗਾ ਦਿਆਂ। ਉਸ ਔਰਤ ਨੇ ਆਪਣੇ ਜਜ਼ਬਾਤ ਪੇਸ਼ ਕੀਤੇ। ਉਸ ਦੀਆਂ ਅੱਖਾਂ ਵਿੱਚ ਅਥਰੂ ਸਨ। ਮੈਂ ਇੱਕ ਗੱਲ ਦੀ ਬੇਨਤੀ ਕਰਦਾ ਹਾਂ। ਮੈਂ ਪ੍ਰਣ ਕੀਤਾ ਹੈ ਅਤੇ ਮੈਂ ਸਮਝਦਾ ਹਾਂ ਕਿ ਜਿੰਨੇ ਵੀ ਅਸੀਂ ਐਮ.ਐਲ.ਏ ਇਥੇ ਬੈਠੇ ਹਾਂ, ਸਪੀਕਰ ਸਾਹਿਬ ਜੇ ਅਸੀਂ ਇੱਕ ਫੈਸਲਾ ਕਰ ਲਈਏ ਕਿ ਅਸੀਂ ਕਦੀ ਉਸ ਵਿਅਕਤੀ ਦੀ ਜਿਹੜਾ turmadol ਵੇਚਦਾ, smack ਵੇਚਦਾ ਹੈ, heroine ਵੇਚਦਾ ਹੈ, ਉਸ ਦੀ ਸਿਫਾਰਸ਼ ਨਹੀਂ ਕਰਾਂਗੇ ਤਾਂ ਹੀ ਇਹ ਚੀਜ਼ ਰੁਕ ਸਕਦੀ ਹੈ (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਲੇਕਿਨ ਅਸੀਂ ਜ਼ਾਤੀ ਫਾਇਦਿਆਂ ਲਈ ਉਨ੍ਹਾਂ ਲੋਕਾਂ ਨੂੰ ਬੜਾਵਾਂ ਦਿੰਦੇ ਹਾਂ। ਸਪੀਕਰ ਸਾਹਿਬ, ਮੇਰੇ ਪਿਤਾ ਜੀ ਨੇ ਬਹੁਤ ਕੁਝ ਲਿਖਿਆ ਹੈ। ਬਹੁਤ ਵਿਦਵਾਨ ਸਨ। ਚਾਰ ਪੰਜ ਜ਼ੁਬਾਨਾ ਹਿੰਦੀ, ਪੰਜਾਬੀ, ਅੰਗਰੇਜ਼ੀ ਉਰਦੂ ਅਤੇ ਫਾਰਸੀ ਵੀ ਜਾਣਦੇ ਸਨ। ਸ਼ੇਰੋ-ਸ਼ਾਈਰੀ ਵੀ ਬੜੀ ਵਧੀਆ ਜਾਣਦੇ ਸਨ। ਉਨ੍ਹਾਂ ਨੇ ਸਾਰੀ ਜ਼ਿੰਦਗੀ ਆਪਣੀ ਜ਼ੁਬਾਨ ਤੇ ਸ਼ਰਾਬ ਲਗਾ ਕੇ ਨਹੀਂ ਦੇਖੀ ਸੀ। ਮੈਂ ਵੀ ਬੜੇ ਚੰਗੇ ਸਕੂਲ ਵਿੱਚ ਪੜਿਆ ਹਾਂ। ਇਥੇ ਮੇਰੇ ਸਾਥੀ ਬੈਠੇ ਹਨ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸ਼੍ਰੀ ਕੰਵਰ ਸੰਧੂ, ਸ਼੍ਰੀ ਕੰਵਰਜੀਤ ਸਿੰਘ ਅਤੇ ਬਾਜਵਾ ਸਾਹਿਬ, ਅਸੀਂ ਸਾਰੇ ਇੱਕੋ ਸਕੂਲ ਵਿੱਚ ਪੜ੍ਹੇ ਹਾਂ। ਮੈਨੂੰ ਯਾਦ ਹੈ ਕਿ ਬੋਰਡਿੰਗ ਸਕੂਲ ਦੇ ਬੱਚੇ ਹਮੇਸ਼ਾ ਸ਼ਰਾਰਤਾਂ ਕਰਦੇ ਸਨ ਲੇਕਿਨ ਮੈਨੂੰ ਪਿਤਾ ਜੀ ਤੋਂ ਐਸੀ ਪਰੇਰਨਾ ਮਿਲੀ ਹੈ, ਮੈਂ ਦਿੱਲੀ ਯੂਨੀਵਰਸਿਟੀ ਵਿੱਚੋਂ ਲਾਅ ਕੀਤਾ, ਸਭ ਕੁਝ ਉਥੇ ਕਰਦੇ ਸਨ। ਮੈਂ ਅਮਰੀਕਾ ਵੀ ਰਿਹਾ ਹਾਂ ਲੇਕਿਨ ਮੈਨੂੰ ਅੱਜ ਤੱਕ ਇਹ ਨਹੀਂ ਪਤਾ ਕਿ ਸ਼ਰਾਬ ਕੌੜੀ ਹੈ ਕਿ ਫਿੱਕੀ ਹੈ। ਅਸੀਂ ਸਮਝਦੇ ਹਾਂ ਕਿ

ਅੱਜ ਅਸੀਂ ਸਾਰੇ role model ਬਣੀਏ। ਅੱਜ ਸਾਨੂੰ role model ਬਨਣ ਦੀ ਲੋੜ ਹੈ। ਮੈਂ ਇਹ ਬੇਨਤੀ ਜਾਣ ਬੁਝ ਕੇ ਕੀਤੀ ਹੈ। ਕਿਉਂਕਿ ਜੇਕਰ ਅਸੀਂ ਅੱਜ ਵੀ ਸ਼ਾਮ ਨੂੰ ਜਾ ਕੇ ਪਿੰਡਾਂ ਦੇ ਹਾਲਾਤ ਦੇਖ ਲਈਏ ਤਾਂ ਦੇਖਣ ਨੂੰ ਇਹ ਮਿਲਦਾ ਹੈ ਕਿ ਲੋਕ ਗਲਾਸੀਆਂ ਸ਼ਰਾਬ ਦੀ ਪੀ ਪੀ ਕੇ, ਜਿਹੋ ਜਿਹੀ ਵੀ ਲੱਭਦੀ ਹੈ, ਕੰਧਾ ਦੇ ਵਿੱਚ ਟੱਕਰਾ ਮਾਰਦੇ ਫਿਰਦੇ ਹਨ। ਬੜੇ ਦੁੱਖ ਵਾਲੀ ਗੱਲ ਹੈ। ਸਪੀਕਰ ਸਾਹਿਬ, ਇਹ ਸਾਰੀਆਂ ਗੱਲਾਂ ਮੈਂ ਇਸ ਲਈ ਕੀਤੀਆਂ ਹਨ।

**ਮਾਨਯੋਗ ਸਪੀਕਰ:** ਕਨਕਲੂਡ ਕਰ ਦਿਓ ਜੀ।

**ਸਰਦਾਰ ਹਰਪ੍ਰਤਾਪ ਸਿੰਘ:** ਸਪੀਕਰ ਸਾਹਿਬ, ਐਫ.ਐਮ ਸਾਹਿਬ ਨੇ ਬਹੁਤ ਵਧੀਆ ਕੀਤਾ ਹੈ। ਮੈਨੂੰ ਯਾਦ ਹੈ ਕਿ ਜਦੋਂ ਮੈਂ ਯੂ.ਐਸ.ਏ ਪੜ੍ਹਦਾ ਸੀ ਤੇ ਮੈਂ ਵਾਈਟ ਹਾਊਸ ਵੇਖਣ ਚਲਾ ਗਿਆ। ਵਾਈਟ ਹਾਊਸ ਵੇਖ ਕੇ ਮੈਂ ਦੇਖਿਆ ਕਿ 16th President of America, Abraham Lincoln, ਉਸ ਦਾ statue ਹਾਲੇ ਵੀ Washington DC ਵਿੱਚ ਬਣਿਆ ਹੈ। ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਇਹ ਗੱਲ ਤੁਹਾਡੇ ਤੇ ਢੁੱਕਣੀ ਹੈ ਜੋ ਮੈਂ ਕਹਿਣ ਲੱਗਾ, Abraham Lincoln ਨੇ ਕੀ ਕਿਹਾ ਸੀ, ਉਹ lawyer ਸੀ, 16th President, 1861 ਵਿੱਚ ਬਣਿਆ ਸੀ। ਉਸ ਨੇ ਕਿਹਾ ਕਿ 'I do the very best I know, the very best I can and I mean to keep on doing so until the end. ਜਿੱਥੇ ਮੈਂ ਤੁਹਾਨੂੰ ਅੱਜ ਮੁਬਾਰਕਬਾਦ ਦਿੰਦਾ ਹਾਂ ਉਥੇ ਹੀ ਦੁਆ ਅਰਦਾਸ ਕਰਦਾ ਹਾਂ ਕਿ ਪਰਮਾਤਮਾ ਤੁਹਾਨੂੰ ਕਾਮਯਾਬੀ ਬਖਸ਼ੇ। ਇਨ੍ਹਾਂ ਸ਼ਬਦਾਂ ਦੇ ਨਾਲ ਬਹੁਤ ਬਹੁਤ ਧੰਨਵਾਦ। ਜੈ ਹਿੰਦ।

**ਸਰਦਾਰ ਬਿਕਰਮ ਸਿੰਘ ਮਜੀਠੀਆ (ਮਜੀਠਾ):** ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ। ਮੈਂ ਇਸ ਬਜਟ ਤੇ ਬੋਲਣ ਲਈ ਖੜਾ ਹੋਇਆ ਹਾਂ। ਸਰਕਾਰ ਦਾ ਅਖੀਰਲਾ ਬਜਟ ਹੈ। ਇਸ ਬਜਟ ਨੇ ਵੀ ਪਿਛਲੇ ਬਜਟਾਂ ਵਾਂਗ ਲੋਕਾਂ ਨੂੰ ਨਿਰਾਸ਼ ਹੀ ਕੀਤਾ ਹੈ। ਮੈਨੂੰ ਫੈਜ਼ ਸਾਹਿਬ ਦੇ ਅਲਵਾਜ਼ ਯਾਦ ਆਉਂਦੇ ਹਨ ਕਿ " आए तो यूं कि हमेशा थे मेहरबान भूले थे यूं कि जैसे कभी आशना ही न था " ਆਸ਼ਨਾ ਮਤਲਬ ਕਿ ਜਾਣ ਪਛਾਣ ਹੀ ਨਹੀਂ ਸੀ। ਇੱਕ ਜ਼ਮਾਨਾ ਸੀ, ਇਲੈਕਸ਼ਨ ਹੋਈ। ਇਲੈਕਸ਼ਨ ਵਿੱਚ ਬਹੁਤ ਵੱਡੇ ਵੱਡੇ ਵਾਅਦੇ ਕੀਤੇ ਗਏ। ਅਜਿਹਾ section of society ਨਹੀਂ ਸੀ ਜਿਸ ਦੇ ਨਾਲ ਕੋਈ ਵਾਅਦਾ ਨਾ ਕੀਤਾ ਹੋਇਆ ਹੋਵੇ। ਵਾਅਦੇ ਕਰਨ ਦਾ ਵੀ ਇੱਕ ਨਵਾਂ ਢੰਗ ਅਪਣਾਇਆ ਗਿਆ। ਜਿਸ ਦੇ ਵਿੱਚ ਵਾਅਦੇ ਕਰਨ ਵੇਲੇ ਗੁਟਕਾ ਸਾਹਿਬ ਦੀਆਂ ਜਿਹੜਾ ਕਿ ਪਹਿਲਾਂ ਕਦੇ ਨਹੀਂ ਸੀ ਹੋਇਆ। ਕਿਸੇ ਮੁੱਖ ਮੰਤਰੀ ਨੂੰ ਇਹੋ ਜਿਹਾ ਕੰਮ ਕਰਦਿਆਂ ਨਹੀਂ ਦੇਖਿਆ ਗਿਆ ਸੀ। ਕਿਉਂ ਇਹ ਕਸਮਾਂ ਖਾਦੀਆਂ ਗਈਆਂ, ਕਿਉਂਕਿ ਉਨ੍ਹਾਂ ਨੂੰ ਇਹ ਸੀ ਕਿ ਸਾਡਾ ਲੋਕਾਂ ਨੇ ਗੱਲਾਂ

ਦਾ ਵਿਸ਼ਵਾਸ਼ ਨਹੀਂ ਕਰਨਾ ਹੈ। ਦੂਜੀ ਗੱਲ, ਫੋਰਮ ਭਰਾਏ ਗਏ। ਘਰ ਘਰ ਜਾ ਕੇ ਫਾਰਮ ਭਰਵਾਏ ਗਏ। ਦੇਖੋ ਕਿਸ ਨੂੰ ਠੱਗਿਆ? ਕਿਸੇ ਧਨਾਢ ਨੂੰ ਨਹੀਂ। ਜਿਹੜਾ ਸਭ ਤੋਂ ਵੱਧ ਲੋੜਵੰਦ ਸੀ, ਜਿਹੜਾ ਸਭ ਤੋਂ ਗਰੀਬ ਸੀ, ਸਭ ਤੋਂ ਦੱਬਿਆ ਕੁਚਲਿਆ ਸੀ, ਉਸ ਨੂੰ ਠੱਗਣ ਦਾ ਕੰਮ ਕੀਤਾ। ਕਿਸਾਨੀ ਪੰਜਾਬ ਦੀ ਹੀ ਨਹੀਂ, ਦੇਸ਼ ਦੀ ਰੀੜ੍ਹ ਦੀ ਹੱਡੀ ਹੈ। ਮੈਂ ਆਪਣੀ ਗੱਲ ਨਾ ਕਰਾਂ ਕਿਉਂਕਿ ਫਿਰ ਕਿੰਤੂ ਪਰੰਤੂ ਬਣਾ ਹੋਣਾ ਹੈ। ਅੱਜ ਦੀ ਅਖਬਾਰਾਂ ਹੀ ਕੱਢ ਲਉ। ਅੱਜ ਕੱਲ੍ਹ ਆਪਾਂ ਕਿਸਾਨ ਜਥੇਬੰਦੀਆਂ ਦੀਆਂ ਬਹੁਤ ਗੱਲਾਂ ਕਰਦੇ ਹਾਂ। ਸਾਰੇ ਹੀ ਕਰਦੇ ਹਾਂ, ਜਿੱਥੇ ਕਿਸੇ ਨੂੰ ਸੂਟ ਕਰਦਾ ਹੈ, ਉਹ ਆਪਣੇ ਤਰੀਕੇ ਨਾਲ ਕਰਦਾ ਹੈ। ਇਸੇ ਤਰ੍ਹਾਂ ਹੀ ਕਿਸਾਨ ਜਥੇਬੰਦੀਆਂ ਦਾ, ਉਗਰਾਹਾਂ ਸਾਹਿਬ ਦਾ ਬਿਆਨ ਕਿ ਵਾਅਦਾ ਤਾਂ ਸੀ 90 ਹਜ਼ਾਰ ਕਰੋੜ ਦਾ ਪਰ ਮੁਆਫ ਕੀਤਾ 5% ਤੋਂ ਵੀ ਘੱਟ। ਇਸੇ ਕਰਕੇ ਅੱਜ ਕਿਸਾਨ ਖੁਦਕੁਸ਼ੀ ਕਰ ਰਿਹਾ ਹੈ। ਕਿਸਾਨਾਂ ਦੇ ਜੋ ਹਾਲਾਤ ਹਨ, ਜਿਵੇਂ ਅਜਨਾਲਾ ਸਾਹਿਬ ਵੀ ਗੱਲ ਕਰਕੇ ਗਏ ਹਨ, ਆਪਾਂ ਮੰਨੀਏ ਨਾ ਮੰਨੀਏ, ਇਹ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ।

ਦੂਜੀ ਗੱਲ, ਜਿਹੜੀਆਂ ਮੁਲਾਜ਼ਮ ਜਥੇਬੰਦੀਆਂ ਹਨ..... ਕੱਲ੍ਹ ਬਜਟ ਪੇਸ਼ ਹੋ ਰਿਹਾ ਸੀ। ਸਰਕਾਰ ਦਾ ਅਖੀਰਲਾ ਬਜਟ ਹੈ। ਸਰਕਾਰ ਇਹ ਕਹਿਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਅਸੀਂ ਕਿੰਨਾ ਵਧੀਆ ਬਜਟ ਪੇਸ਼ ਕਰ ਦਿੱਤਾ ਹੈ। ਪੇਅ ਕਮਿਸ਼ਨ ਲਾਗੂ ਕਰ ਦਿਆਂਗੇ ਪਰ ਮੁਲਾਜ਼ਮ ਜਥੇਬੰਦੀਆਂ ਨੂੰ ਵੀ ਭਰੋਸਾ ਨਹੀਂ। ਉਹ ਕੱਲ੍ਹ ਸਾਰੀ ਵਿਧਾਨ ਸਭਾ ਘੇਰੀ ਬੈਠੇ ਸਨ। ਘੱਟੋ ਘੱਟ ਚੰਡੀਗੜ੍ਹ ਦੀ ਸਾਰੀ ਪੁਲਿਸ ਉਨ੍ਹਾਂ ਨੂੰ ਰੋਕਣ ਲਈ ਆਈ ਸੀ।

ਇਸੇ ਤਰ੍ਹਾਂ ਇੰਡਸਟਰੀ ਨੇ ਕਿਹਾ ਹੈ Budget crushes industry's bounce back hopes. ਇਹ ਖਬਰਾਂ ਲੱਗੀਆਂ ਹਨ। ਇੰਡਸਟਰੀ ਦੇ, ਕਮਰਸ ਚੈਂਬਰ ਦੇ ਜਿਹੜੇ ਹੈੱਡ ਹਨ, ਉਹ ਤਾਂ ਇਹ ਵੀ ਕਹਿੰਦੇ ਹਨ ਕਿ this was the most disappointing budget in decades. ਉਨ੍ਹਾਂ ਨੇ ਇਨ੍ਹਾਂ ਸਖਤ ਲਫਜ਼ਾਂ ਦਾ ਇਸਤੇਮਾਲ ਕੀਤਾ ਹੈ। ਸਪੀਕਰ ਸਾਹਿਬ, ਇਹ ਜਿਹੜਾ ਬਜਟ ਦਾ ਡਾਕੂਮੈਂਟ ਹੈ, ਇਹ ਹੁਣ ਹੱਥ ਦੀ ਸਫਾਈ ਬਣ ਗਿਆ ਹੈ। ਇੱਧਰ ਦੀ ਗੱਲ ਉੱਧਰ। Left hand does not know what the right hand is doing. ਮੈਂ ਕਹਿ ਸਕਦਾ ਹਾਂ ਕਿ ਇਲੈਕਸ਼ਨ ਸਾਲ ਹੈ, ਸ਼ਾਇਦ ਇਸ ਬਜਟ ਨੂੰ ਮਿੱਠੀ ਗੋਲੀ ਕਹਿ ਸਕਦੇ ਹਾਂ ਕਿ ਹਰ ਵਰਗ ਨੂੰ ਮਿੱਠੀ ਗੋਲੀ ਦੇਣ ਦਾ ਕੰਮ ਕੀਤਾ ਹੈ। ਅਸਲੀਅਤ ਕੀ ਹੈ? ਜੇ ਤੁਹਾਡੀ ਮਨਸ਼ਾ ਚੰਗੀ ਹੁੰਦੀ, ਮੈਂ ਸਮਝਦਾ ਕਿ ਵਾਅਦੇ ਤਾਂ ਤੁਸੀਂ 2016 ਵਿੱਚ ਕੀਤੇ ਸਨ, ਅਤੇ ਵਾਅਦੇ ਕੀਤੇ ਸਨ ਕਿ ਜਦੋਂ ਸਰਕਾਰ ਬਣੇਗੀ..... ਮੈਂ ਬੜੇ ਧਿਆਨ ਨਾਲ ਇੱਕ ਇੱਕ ਅੱਖਰ ਪੜ੍ਹਿਆ.... ਵਾਅਦਾ ਇਹ ਸੀ ਕਿ ਜਿਸ ਦਿਨ ਸਾਡੀ ਸਰਕਾਰ

ਬਣੀ, ਘਰ ਘਰ ਨੌਕਰੀ, ਪੂਰਾ ਕਰਜ਼ਾ ਮੁਆਫ, 5 ਰੁਪਏ ਬਿਜਲੀ ਦੇਵਾਂਗੇ, ਐਸ.ਸੀ. ਸਕਾਲਰਸ਼ਿਪ ਦੇਵਾਂਗੇ, 51000 ਸ਼ਗਨ ਸਕੀਮ ਦੇਵਾਂਗੇ, 2500 ਰੁਪਏ ਬੇਰੁਜ਼ਗਾਰੀ ਭੱਤਾ ਦੇਵਾਂਗੇ and the list goes on. ਮਗਰ ਅਸਲੀਅਤ ਕੀ ਹੈ? ਇਸ ਬਜਟ ਵਿੱਚ ਕੁਝ ਫੈਸਲੇ ਤਾਂ ਕੀਤੇ, ਮਗਰ ਪਤਾ ਨਹੀਂ ਕਿਹੜੇ ਪੰਡਿਤ ਜੀ ਕੋਲੋਂ ਪੁੱਛ ਕੇ ਟਾਈਮ ਰੱਖ ਲਿਆ ਕਿ 1 ਜੁਲਾਈ ਤੋਂ ਕਰਾਂਗੇ। ਉਸ ਤੋਂ ਪਹਿਲਾਂ ਨਹੀਂ ਕਰਨੀ। ਇਹ ਵੀ ਦੱਸ ਦਿੰਦੇ ਕਿ ਜੁਲਾਈ ਤੋਂ ਕਰੋਗੇ ਕੀ? ਪਿਛਲੇ ਸਾਢੇ 4 ਸਾਲ ਜੋ ਲੋਕਾਂ ਨੂੰ ਝੂਠ ਬੋਲਿਆ ਹੈ, ਉਸ ਦਾ ਵੀ ਧਿਆਨ ਕਰੋਗੇ ਕਿ ਨਹੀਂ ਕਰੋਗੇ? ਸਪੀਕਰ ਸਾਹਿਬ, ਅਸੀਂ ਮੰਨੀਏ ਜਾਂ ਨਾ ਮੰਨੀਏ, ਇਹ ਤਾਜ਼ਾ ਹੀ ਇੰਸੀਡੈਂਟ ਹੈ, ਦਸੂਹਾ ਦੇ ਦੋ ਕਿਸਾਨ ਸੀ, ਜਗਤਾਰ ਸਿੰਘ ਅਤੇ ਕਿਰਪਾਲ ਸਿੰਘ, ਇੱਕ ਕਿਲੇ ਦੇ ਮਾਲਕ, ਉਹ ਖੁਦਕੁਸ਼ੀ ਨੋਟ ਵਿੱਚ ਲਿਖ ਕੇ ਗਏ ਹਨ ਕਿ ਸਾਡੀ ਮੌਤ ਦਾ ਕਾਰਨ ਕਾਂਗਰਸ ਵੱਲੋਂ ਜੋ ਕਰਜ਼ਾ ਮੁਆਫੀ ਦਾ ਵਾਅਦਾ ਸੀ, ਉਹ ਹੀ ਹੈ। ਉਹ ਇੱਕ ਕਿਲੇ ਦੇ ਮਾਲਕ ਸਨ। ਤੁਸੀਂ ਤਾਂ ਕਹਿੰਦੇ ਸੀ ਕਿ ਅਸੀਂ ਮਾਰਜੀਨਲ ਫਾਰਮਰ ਦੇ ਕਰਜ਼ੇ ਹੀ ਮੁਆਫ ਕਰ ਦਿੱਤੇ, ਕੋਈ ਛੋਟਾ ਕਿਸਾਨ, ਮੱਧਮ ਕਿਸਾਨ ਰਹਿ ਹੀ ਨਹੀਂ ਗਿਆ। ਮਗਰ ਅਸਲੀਅਤ ਕੀ ਹੈ, ਇਹ ਪੰਜਾਬ ਦੇ ਲੋਕ ਬਿਆਨ ਕਰਦੇ ਹਨ। ਇਹੀ ਅੱਜ ਅਖਬਾਰਾਂ ਵਿੱਚ ਵੀ ਪੜ੍ਹਨ ਨੂੰ ਮਿਲ ਰਿਹਾ ਹੈ ਕਿ ਕਿਸੇ ਨੇ ਕੋਈ ਵੱਡਾ enthusiasm ਨਹੀਂ ਦਿਖਾਇਆ।

ਸਪੀਕਰ ਸਾਹਿਬ, ਬਜਟ ਵਿੱਚ ਕੁਝ ਗੱਲਾਂ ਬੜੀਆਂ ਹੈਰਾਨੀ ਵਾਲੀਆਂ ਹੋਈਆਂ ਹਨ। ਕਈ ਵਾਰੀ ਅਸੀਂ ਕਈ ਚੀਜ਼ਾਂ ਲਿਖ ਤਾਂ ਜਾਂਦੇ ਹਾਂ। ਹਾਲੇ ਮੈਂ ਸਾਰੀਆਂ ਨਹੀਂ ਕਰ ਰਿਹਾ ਕਿਉਂਕਿ ਤੁਸੀਂ ਸਾਰੀਆਂ ਲਈ ਤਾਂ ਟਾਈਮ ਵੀ ਨਹੀਂ ਦੇਣਾ। ਦੇਖੋ, ਕਈ ਮਹਾਂਪੁਰਸ਼ ਹੋਏ ਹਨ, ਜਿਨ੍ਹਾਂ ਦਾ ਦੁਨੀਆਂ ਬਹੁਤ ਸਤਿਕਾਰ ਕਰਦੀ ਹੈ। ਕਈ ਸਤਿਕਾਰਤ ਪੁਰਸ਼ ਹਨ, ਗੁਰੂ ਸਾਹਿਬਾਨ ਹਨ। ਉਨ੍ਹਾਂ ਦੇ ਨਾਂ ਤੇ ਤੁਸੀਂ ਐਲਾਨ ਕਰ ਦਿੰਦੇ ਹੋ। ਕੀ ਉਸ ਨਾਂ ਦੇ ਐਲਾਨ ਦਾ ਵੀ ਅਸੀਂ ਮਜ਼ਾਕ ਉਡਾਵਾਂਗੇ?

**ਮਾਨਯੋਗ ਸਪੀਕਰ** : ਟਾਈਮ ਹੈ। ਟਾਈਮ ਹੈ। ਮੈਂ ਕਹਿ ਰਿਹਾ ਹਾਂ ਕਿ ਟਾਈਮ ਹੈ। ਹਾਲੇ ਤੁਹਾਨੂੰ ਬੋਲਦਿਆਂ ਨੂੰ 6 ਮਿੰਟ ਹੋਏ ਹਨ, 18 ਮਿੰਟ ਹੋਰ ਹਨ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਧੰਨਵਾਦ ਸਪੀਕਰ ਸਾਹਿਬ, ਦੋ ਚਾਰ ਮਿੰਟ ਤੁਸੀਂ ਆਪਣੇ ਕੋਲੋਂ ਵੀ ਦੇ ਦਿਉ।

**ਮਾਨਯੋਗ ਸਪੀਕਰ** : ਕੋਈ ਨਹੀਂ, ਉਹ ਵੀ ਦੇ ਦਿਆਂਗੇ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸਪੀਕਰ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਂ ਤੇ ਇੱਥੇ ਬੜੇ ਐਲਾਨ ਹੋਏ ਕਿ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸਮਾਰੋਹਾਂ ਲਈ 100 ਕਰੋੜ ਰੱਖਿਆ ਹੈ। ਸਪੀਕਰ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ ਤੇ ਇੱਥੇ ਬੜਾ ਐਲਾਨ ਹੋਇਆ ਹੈ ਕਿ ਸੌ ਕਰੋੜ ਰੁਪਏ ਰੱਖਿਆ ਗਿਆ ਹੈ ਕਿ ਜਿਹੜੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮਾਰੋਹ ਆ ਰਹੇ ਹਨ। ਸਪੀਕਰ ਸਾਹਿਬ, ਲਾਅ ਯੂਨੀਵਰਸਿਟੀ 28 ਫਰਵਰੀ, 2020 ਦੇ ਬਜਟ ਵਿੱਚ ਐਲਾਨੀ ਗਈ ਸੀ ਔਰ ਮੈਂ ਜਾ ਕੇ ਆਪ ਦੇਖਿਆ ਹੈ, ਆਰ.ਟੀ.ਆਈ. ਵੀ ਕਢਵਾਈ ਹੈ, ਮੈਨੂੰ ਦਿਖਾ ਦਿਓ ਕਿਤੇ ਜੇ ਲਾਅ ਯੂਨੀਵਰਸਿਟੀ ਦਾ ਇੱਥੇ ਕੋਈ ਐਕਟ ਹੀ ਲੈ ਕੇ ਆਏ ਹੋਵੋ? ਇਸੇ ਤਰ੍ਹਾਂ ਸਤਿਕਾਰਯੋਗ ਚੰਨੀ ਸਾਹਿਬ ਬੈਠੇ ਹਨ, ਇਨ੍ਹਾਂ ਨੇ ਹੁਣੇ ਜੋਸ਼ ਵਿੱਚ ਆ ਜਾਣਾ ਹੈ। ਮੈਂ ਤੁਹਾਡੇ ਖਿਲਾਫ ਗੱਲ ਨਹੀਂ ਕਰਦਾ ਹਾਂ। ਮੈਂ ਤਾਂ ਇਕੱਲੀ ਇੰਨੀ ਗੱਲ ਕਰਦਾ ਹਾਂ ਕਿ ਚਮਕੌਰ ਸਾਹਿਬ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਨਾਂ ਤੇ ਸਕਿੱਲ ਯੂਨੀਵਰਸਿਟੀ ਦਾ ਐਲਾਨ ਹੋਇਆ ਸੀ, ਉਸ ਦਾ ਐਕਟ ਕਿੱਥੇ ਹੈ? ਜੇ ਅੱਜ ਏਮਿਟੀ ਯੂਨੀਵਰਸਿਟੀ ਦਾ ਐਕਟ ਲਿਆ ਰਹੇ ਹੋ ਤਾਂ ਤਾਂ ਮੈਂ ਸਮਝਦਾ ਹਾਂ ਕਿ ਉਸ ਦਾ ਵੀ ਐਕਟ ਲਿਆਓ। ਇਹ ਐਲਾਨ ਕੋਈ ਸਾਲ 2018-19 ਵਿੱਚ ਹੋਇਆ ਹੈ, ਕੋਈ 2020 ਵਿੱਚ ਹੋਇਆ ਹੈ। ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਸਟੇਟ ਓਪਨ ਯੂਨੀਵਰਸਿਟੀ ਵੀ ਸਾਲ 2020 ਵਿੱਚ ਐਲਾਨ ਹੋਈ ਸੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ:** ਇੱਕ ਸੈਕਿੰਡ, ਇੱਕ ਸੈਕਿੰਡ, ਚੰਨੀ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਮੇਰੀ ਗੱਲ ਸੁਣ ਲਓ ਜੀ, ਮੈਂ ਤਾਂ ਤੁਹਾਡੇ ਖਿਲਾਫ ਕੋਈ ਗੱਲ ਨਹੀਂ ਕਹੀ ਹੈ।

**ਮਾਨਯੋਗ ਸਪੀਕਰ:** ਮਜੀਠੀਆ ਸਾਹਿਬ, ਇੱਕ ਮਿੰਟ। ਚੰਨੀ ਜੀ, ਤੁਸੀਂ ਬਾਅਦ ਵਿੱਚ ਬੋਲ ਲੈਣਾ ਜੀ। ਇੱਕ ਮਿੰਟ, ਦੱਸੋ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ, ਇਹ ਬਾਹਰ ਟਾਫੀਆਂ ਵੰਡ ਕੇ ਆਏ ਹਨ ਤੇ ਅੰਦਰ ਵੀ ਕੁਝ ਗੱਲ

ਨਹੀਂ ਹੋ ਰਹੀ ਹੈ। ਕੋਈ ਗੱਲ ਨਹੀਂ। ਬਜਟ ਹੀ ਇੰਨਾ ਵਧੀਆ ਆਇਆ ਹੈ, ਇਸ ਕਰਕੇ ਇਨ੍ਹਾਂ ਕੋਲ ਕੋਈ ਮਸਾਲਾ ਨਹੀਂ ਹੈ। ਇਹ ਇੱਧਰ-ਉੱਧਰ ਦੀਆਂ ਗੱਲਾਂ ਮਾਰ ਰਹੇ ਹਨ। ਜਿਹੜੀ ਇਨ੍ਹਾਂ ਨੇ ਮੇਰੇ ਬਾਰੇ ਵਿੱਚ ਗੱਲ ਕਰੀ ਹੈ, ਚਮਕੌਰ ਸਾਹਿਬ ਵਿੱਚ 42 ਏਕੜ ਜ਼ਮੀਨ ਸਰਕਾਰ ਨੇ ਖਰੀਦੀ ਹੈ। ਉਸ ਦੀ ਚਾਰ ਦੀਵਾਰੀ ਹੋ ਕੇ 97 ਕਰੋੜ ਰੁਪਏ ਦਾ ਟੈਂਡਰ ਲੱਗ ਚੁੱਕਿਆ ਹੈ ਤੇ ਕੰਮ ਚੱਲ ਰਿਹਾ ਹੈ। (ਥੰਪਿੰਗ) ਉਸ ਵਾਸਤੇ 125 ਕਰੋੜ ਰੁਪਏ ਪਾਸ ਕੀਤੇ ਹਨ। ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਕਿਸੇ ਦਿਨ ਮੇਰੇ ਨਾਲ ਚੱਲਣ। ਵੈਸੇ ਤਾਂ ਮੇਰੀ ਗੱਡੀ ਵਿੱਚ ਇਨ੍ਹਾਂ ਨੇ ਬੈਠਣਾ ਨਹੀਂ ਹੈ ਕਿਉਂਕਿ ਇਹ ਵੱਡੀਆਂ ਗੱਡੀਆਂ ਵਾਲੇ ਬੰਦੇ ਹਨ। ਇਹ ਆਪਣੀ ਗੱਡੀ ਵਿੱਚ ਚਲੇ ਜਾਣ। ਉੱਥੇ ਜਾ ਕੇ ਮੌਕਾ ਦੇਖਣ ਕਿ ਚਮਕੌਰ ਸਾਹਿਬ ਵਿੱਚ ਕਿੰਨਾ ਕੰਮ ਤੇ ਕਿਸ ਲੈਵਲ ਤੇ ਹੋ ਰਿਹਾ ਹੈ। ਬਹੁਤ-ਬਹੁਤ ਧੰਨਵਾਦ। (ਥੰਪਿੰਗ)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਮੈਂ ਬੜਾ ਧੰਨਵਾਦੀ ਹਾਂ ਚੰਨੀ ਸਾਹਿਬ ਦਾ ਕਿ ਉਨ੍ਹਾਂ ਨੇ ਮੇਰੀ ਪ੍ਰੋੜਤਾ ਕਰ ਦਿੱਤੀ ਹੈ। ਜ਼ਮੀਨ ਲੈ ਲਈ ਹੋਣੀ ਹੈ, ਇਸ ਬਾਰੇ ਤਾਂ ਮੈਂ ਗੱਲ ਕਹੀ ਨਹੀਂ ਹੈ। ਮੈਂ ਤਾਂ ਇਹ ਗੱਲ ਕਹੀ ਹੈ ਕਿ ਸਾਲ 2018-19 ਵਿੱਚ ਤੁਸੀਂ ਇਹ ਯੂਨੀਵਰਸਿਟੀ ਐਲਾਨ ਦਿੱਤੀ ਸੀ ਪਰ ਅੱਜ ਤੱਕ ਵਿਧਾਨ ਸਭਾ ਵਿੱਚ ਇਸ ਦਾ ਕੋਈ ਐਕਟ ਨਹੀਂ ਆਇਆ ਹੈ। ਯੂਨੀਵਰਸਿਟੀ ਤਾਂ ਕਿਸੇ ਐਕਟ ਤੋਂ ਬਾਅਦ ਬਣਨੀ ਹੈ ਤੇ ਚਾਰ ਦੀਵਾਰੀ ਬਣਾ ਕੇ ਤੁਸੀਂ ਕਹਿੰਦੇ ਹੋ ਕਿ ਯੂਨੀਵਰਸਿਟੀ ਬਣ ਗਈ ਹੈ ਤੇ ਉੱਥੇ ਬੱਚਿਆਂ ਦੀ ਪੜ੍ਹਾਈ ਸ਼ੁਰੂ ਹੋ ਗਈ ਹੈ ਤਾਂ ਚਲੋ ਮੁਬਾਰਕ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਂ ਤੇ ਲਾਅ ਯੂਨੀਵਰਸਿਟੀ ਦੀ ਗੱਲ ਚਲ ਰਹੀ ਹੈ। ਸਰ, ਸਾਲ 1916 ਤੋਂ ਕੈਰੋਂ ਪਿੰਡ ਵਿੱਚ ਇੱਕ ਗਰਲਜ਼ ਕਾਲਜ ਬਣਿਆ ਹੈ। ਉਸ ਦੀ ਬਿਲਡਿੰਗ ਨੂੰ ਇਹ ਕਹਿੰਦੇ ਹਨ ਕਿ ਯੂਨੀਵਰਸਿਟੀ ਬਣ ਗਈ ਹੈ। ਹੁਣ ਇੱਥੇ ਯੂਨੀਵਰਸਿਟੀ ਚਲੇਗੀ। ਐਕਟ ਤਾਂ ਉਸ ਦਾ ਵੀ ਨਹੀਂ ਆਇਆ ਹੈ। ਇਸੇ ਤਰ੍ਹਾਂ ਬੇਬੇ ਨਾਨਕੀ ਗਰਲਜ਼ ਕਾਲਜ, ਸੁਲਤਾਨਪੁਰ ਲੋਧੀ, ਸਪੀਕਰ ਸਾਹਿਬ, nothing on the ground. ਇਹ ਵੀ ਸਾਲ 2019-2020 ਦਾ ਵਾਅਦਾ ਸੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਨਵਤੇਜ ਸਿੰਘ ਚੀਮਾ ਅਤੇ ਸਰਦਾਰ ਹਰਮਿੰਦਰ ਸਿੰਘ ਗਿੱਲ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਰ, ਇਹ ਇਕੱਲੀ-ਇਕੱਲੀ ਗੱਲ ਦਾ ਬਾਅਦ ਵਿੱਚ ਐਫ.ਐਮ. ਸਾਹਿਬ ਜਵਾਬ ਦੇ ਦੇਣਗੇ।

**ਮਾਨਯੋਗ ਸਪੀਕਰ:** ਚੀਮਾ ਜੀ, ਬਾਅਦ ਵਿੱਚ ਜਵਾਬ ਦੇ ਦਿਓ। (ਵਿਘਨ)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਸਰ, ਚੀਮਾ ਸਾਹਿਬ ਨੂੰ ਬੋਲਣ ਦਿਓ ਜੀ, ਪੁਆਇੰਟ ਆਫ ਆਰਡਰ ਲੀਗਲ ਹੈ ਜੀ ।

**ਮਾਨਯੋਗ ਸਪੀਕਰ:** ਬੋਲੋ, ਚੀਮਾ ਜੀ, ਬੋਲੋ।

**ਸਰਦਾਰ ਨਵਤੇਜ ਸਿੰਘ ਚੀਮਾ:** ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਤੁਹਾਡੇ ਜ਼ਰੀਏ ਦੱਸਣਾ ਚਾਹੁੰਦਾ ਹਾਂ ਕਿ ਇਹ ਮੇਰੇ ਨਾਲ ਵੀ ਚਲੇ ਜਾਣ ਤੇ ਦੇਖ ਲੈਣ ਕਿ ਉੱਥੇ ਬੜਾ ਵਧੀਆ ਲੜਕੀਆਂ ਦਾ ਕਾਲਜ ਚਲ ਰਿਹਾ ਹੈ। ਕਰੋਨਾ ਦੇ ਵਿੱਚ ਜਿੰਨੀ ਐਡਮਿਸ਼ਨ ਘੱਟ ਸੀ, ਹੁਣ ਪੂਰੀ ਹੋ ਰਹੀ ਹੈ ਤੇ ਕਾਲਜ ਬੜਾ ਵਧੀਆ ਚੱਲ ਰਿਹਾ ਹੈ। ਇਹ ਹਾਊਸ ਨੂੰ ਮਿਸਗਾਈਡ ਨਾ ਕਰਨ। ਸਾਡੇ ਮਨਪ੍ਰੀਤ ਬਾਦਲ ਜੀ ਨੇ ਇੰਨਾ ਵਧੀਆ ਬਜਟ ਪੇਸ਼ ਕੀਤਾ ਹੈ, ਇਹ ਉਸ ਤੇ ਫੋਕਸ ਕਰਨ, ਉਸ ਤੇ ਧੰਨਵਾਦ ਕਰੋ। ਇਹ ਚੰਨੀ ਸਾਹਿਬ ਦੇ ਇਲਾਕੇ ਬਾਰੇ, ਸਾਡੇ ਇਲਾਕੇ ਬਾਰੇ ਬੋਲ ਰਹੇ ਹਨ, ਸਾਰਿਆਂ ਨੂੰ ਆਪਣੇ-ਆਪਣੇ ਇਲਾਕਿਆਂ ਦਾ ਫਿਕਰ ਹੈ ਤੇ ਉਹ ਬੜਾ ਵਧੀਆ ਚੱਲ ਰਿਹਾ ਹੈ। ਤੁਸੀਂ ਕਿਸੇ ਦਿਨ ਆਓ ਤੇ ਦੇਖ ਲਓ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਚਲੋ ਇਹ ਦਿਲ ਨੂੰ ਲਾਈ ਜਾਂਦੇ ਹਨ, ਵੈਸੇ ਤੁਸੀਂ ਹਾਊਸ ਦੀ ਕਮੇਟੀ ਬਣਾ ਦਿਓ, ਜੇ ਮੇਰੀ ਗੱਲ ਗਲਤ ਹੋਵੇਗੀ ਤਾਂ ਮੈਂ ਮਾਫੀ ਮੰਗ ਲਵਾਂਗਾ ਤੇ ਜੇ ਮੇਰੀ ਗੱਲ ਸਹੀ ਹੋਈ ਤਾਂ ਇਹ ਹਾਊਸ ਨੂੰ ਵੀ ਸਮਝ ਆ ਜਾਵੇਗੀ। ਸਪੀਕਰ ਸਾਹਿਬ, ਇਸੇ ਤਰ੍ਹਾਂ ਬੁੱਧ ਰਾਮ ਜੀ ਨੇ ਵੀ ਗੱਲ ਕੀਤੀ। ਦੇਖੋ, ਸਤਿਗੁਰ ਰਾਮ ਸਿੰਘ ਜੀ ਦੇ ਨਾਂ ਤੇ ਚੇਅਰ ਬਣਾਈ ਗਈ, ਮੈਂ ਯੂਨੀਵਰਸਿਟੀ ਤੋਂ ਪਤਾ ਕਰਿਆ ਕਿਉਂਕਿ ਇਹ ਸ੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਨਾਲ ਸਬੰਧਿਤ ਹੈ। ਸੰਤ ਪ੍ਰੇਮ ਸਿੰਘ ਜੀ ਮੁਰਾਰੇ ਵਾਲੇ ਸਾਹਿਬ ਦੇ ਨਾਂ ਤੇ ਚੇਅਰ ਬਣਾਈ ਗਈ, ਉੱਥੇ ਕੁਝ ਨਹੀਂ ਹੈ। ਇਸੇ ਤਰ੍ਹਾਂ ਸ਼ਹੀਦ ਭਗਤ ਸਿੰਘ ਜੀ ਦੇ ਨਾਂ ਤੇ ਹਰਾ ਟ੍ਰੈਕਟਰ ਸਕੀਮ ਲਿਆਏ ਤੇ ਕਹਿੰਦੇ ਕਿ 25 ਹਜ਼ਾਰ ਰੁਪਏ ਨੂੰ ਦਿਆਂਗੇ।

(ਇਸ ਸਮੇਂ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਸਰਦਾਰ ਚਰਨਜੀਤ ਸਿੰਘ ਚੰਨੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਦੇਖੋ, ਇਹ ਕਿਉਂ ਦਿਲ ਨੂੰ ਲਾਉਂਦੇ ਹਨ?

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਸਰ, ਅਜੇ ਕੱਲ੍ਹ ਬਜਟ ਵਿੱਚ ਅਨਾਊਂਸ ਹੋਈ ਹੈ ਕਿ ਚੇਅਰ ਬਣੇਗੀ। ਕੀ ਪਹਿਲਾਂ ਹੀ ਉੱਥੇ ਸਾਰਾ ਕੁਝ ਹੋ ਜਾਵੇਗਾ? ਇਹ ਕੋਈ ਬਜਟ ਤੇ ਬੋਲਣ ਦੀ ਤਿਆਰੀ ਕਰਕੇ ਆਉਂਦੇ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਚਲੋ, ਛੱਡੋ ਜੀ। (ਵਿਘਨ) ਸਰ, ਜੇ ਤਾਂ ਮੈਨੂੰ ਬੋਲਣ ਦੇਣਾ ਹੈ ਤਾਂ ਮੈਂ ਬੋਲ ਲੈਂਦਾ ਹਾਂ। ਮੈਂ ਇਹ ਗੱਲ ਹੀ ਨਹੀਂ ਕਰਦਾ ਜੀ, ਇਹ ਮੈਂ ਪੇਪਰ ਰੱਖ ਦਿੰਦਾ ਹਾਂ। ਇਸ ਤਰ੍ਹਾਂ ਸਾਲ 2017-18 ਵਿਚ ਸ਼ਹੀਦ ਭਗਤ ਸਿੰਘ ਦੇ ਨਾਮ ਤੇ ਕਿੰਨਾ-ਕੁ ਸਤਿਕਾਰ ਹੈ? ਹਰਾ ਟਰੈਕਟਰ ਸਕੀਮ, ਇੱਕ ਟਰੈਕਟਰ ਨਹੀਂ। ਆਪਣੀ ਗੱਡੀ ਆਪਣਾ ਰੁਜ਼ਗਾਰ 3 ਲੱਖ ਨੂੰ ਲਾਭ ਦੇਣਾ ਸੀ, ਗੁਆਚ ਗਿਆ।

**ਮਾਨਯੋਗ ਸਪੀਕਰ:** ਹਾਂ ਜੀ, ਇੱਕ ਮਿੰਟ ਜੀ, ਹਰਮਿੰਦਰ ਸਿੰਘ ਗਿੱਲ ਜੀ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਰ, ਮੇਰੀ ਬੇਨਤੀ ਹੈ ਕਿ ਇਨ੍ਹਾਂ ਨੇ ਕੈਰੋਂ ਪਿੰਡ ਦਾ ਨਾਮ ਲਿਆ ਹੈ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਟੇਟ ਲਾਅ ਯੂਨੀਵਰਸਿਟੀ ਬਣ ਰਹੀ ਹੈ, ਮੈਂ ਇਨ੍ਹਾਂ ਦੀ ਨਾਲੇਜ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਐਕਟ ਵੀ ਪਾਸ ਕਰ ਦਿੱਤਾ, ਪੇਸ਼ ਵੀ ਕਰ ਦਿੱਤਾ ਹੈ। ਹੋ ਸਕਦਾ ਹੈ ਕਿ ਇਹ ਗੈਰ-ਹਾਜ਼ਰ ਹੋਣ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ 35 ਏਕੜ ਜਗ੍ਹਾ ਦਿੱਤੀ ਹੈ, ਉਹ ਇਨ੍ਹਾਂ ਦੇ ਰਿਸ਼ਤੇਦਾਰ ਵੱਲੋਂ ਲੋਕਾਂ ਦੇ ਕਬਜ਼ੇ ਕਰਵਾਏ ਸਨ, ਅਸੀਂ ਕਬਜ਼ਾ ਮੁਕਤ ਕਰਵਾ ਕੇ ਜਗ੍ਹਾ ਦਿੱਤੀ ਹੈ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਕੱਲ੍ਹ ਵੀ ਬਜਟ ਵਿੱਚ 7 ਕਰੋੜ ਰੁਪਿਆ ਉਸ ਯੂਨੀਵਰਸਿਟੀ ਨੂੰ ਸਰਕਾਰ ਨੇ ਦਿੱਤਾ ਹੈ। ਜਿੰਨਾ-ਚਿਰ ਮੇਨ ਕੈਂਪਸ ਨਹੀਂ ਬਣਦਾ ਓਨਾ ਚਿਰ ਉੱਥੇ ਇੱਕ ਖਾਲੀ ਕੈਂਪਸ ਹੋਸਟਲ ਦਾ ਪਿਆ ਸੀ, ਉਸ ਵਿਚ ਅਸੀਂ ਸਪੈਸ਼ਲ ਟੈਂਪਰੇਰੀ ਕਲਾਸਾਂ ਲਗਾ ਰਹੇ ਹਨ।

**ਮਾਨਯੋਗ ਸਪੀਕਰ:** ਚਲੋ ਬੈਠੋ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਅਸਲ ਵਿਚ ਇਹ ਇਵੇਂ ਹੀ ਦਿਲ ਨੂੰ ਲਗਾਈ ਜਾਂਦੇ ਹਨ। ਰਿਸ਼ਤੇਦਾਰ ਮੇਰੇ ਨਹੀਂ ਹਨ, ਰਿਸ਼ਤੇਦਾਰ ਤਾਂ ਐਫ.ਐਮ. ਸਾਹਿਬ ਦੇ ਵੀ ਹਨ, ਸ਼ਾਇਦ ਉਨ੍ਹਾਂ ਦੀ ਭੈਣ ਜੀ ਦੀ ਗੱਲ ਕਰਦੇ ਹਨ। ਚਲੋ ਛੱਡੋ ਜੀ, ਸਤਿਕਾਰਯੋਗ ਹਨ। ਫਿਰ ਇਸੇ ਤਰ੍ਹਾਂ ਇੱਕ iconic ਭਾਸ਼ਣ ਦਿੱਤਾ ਗਿਆ ਸੀ ਕਿ ਸਪੋਰਟਸ ਕੰਪਲੈਕਸ ਜਲੰਧਰ ਵਿਚ ਬਣਾਇਆ ਜਾਵੇਗਾ, ਇਵੇਂ ਤਾਂ ਨਹੀਂ ਸਰਦਾਰ ਪ੍ਰਗਟ ਸਿੰਘ ਜੀ ਠੱਗੇ-ਠੱਗੇ ਮਹਿਸੂਸ ਕਰਦੇ ਹਨ। ਉਨ੍ਹਾਂ ਦੇ ਨਾਮ ਤੇ ਵੀ ਕਰ ਦਿੱਤਾ ਕਿ ਇੰਨਾ ਬਣਾਵਾਂਗਾ ਕਿ ਵੇਖਦਿਆਂ ਮਾਰੇਗਾ ਛਾਲ ਟਾਕੀ ਦੀ। ਸਪੀਕਰ ਸਾਹਿਬ, ਉਸ ਦਾ ਵੀ ਕੁਝ ਨਹੀਂ ਬਣਿਆ। ਫਿਰ ਡਾਕਟਰ ਅੰਬੇਦਕਰ ਸਾਹਿਬ ਦੇ ਨਾਮ ਤੇ ਸਕਾਲਰਸ਼ਿਪ ਸ਼ੁਰੂ ਕੀਤੀ। ਸਪੀਕਰ ਸਾਹਿਬ, ਸਾਲ 2016-17 ਤੋਂ ਬਾਅਦ 2017-18-19-20-21-22-23 ਮਤਲਬ ਜਿੰਨਾ ਹੁਣ ਤੱਕ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ) (ਬੈਠੇ-ਬੈਠੇ):** ਅਜੇ ਆਇਆ ਹੀ ਨਹੀਂ ਸਾਲ 2022-23 (ਟਰੈਜ਼ਰੀ ਬੈਂਚਿਜ਼ ਵੱਲੋਂ ਹਾਸਾ)।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਾਲ 2021-22 ਤੱਕ ਤਾਂ ਕੋਈ ਸਕਾਲਰਸ਼ਿਪ ਨਹੀਂ ਦਿੱਤੀ। ਸਪੀਕਰ ਸਾਹਿਬ, ਦੇਖੋ ਅਸਲ ਵਿਚ ਇਹ ਦਿਲ ਤੇ ਲਗਾ ਲੈਂਦੇ ਹਨ, ਮੈਂ ਤਾਂ ਗੱਲ ਕਰਦਾ ਹਾਂ। ਕੱਲ੍ਹ ਇਨ੍ਹਾਂ ਦੇ ਵਜ਼ੀਰ ਨੂੰ ਸਮਾਰਟ ਫੋਨ ਦਾ ਸਵਾਲ ਹੋਇਆ, ਉਹ ਸਾਲ 2022-23 ਦੀ ਗੱਲ ਕਰੀ ਗਿਆ ਕਿ ਭਲੇ ਪੁਰਸ਼ਾ ਅਜੇ 2022 ਦੀਆਂ ਚੋਣਾਂ ਤਾਂ ਮੁੱਕ ਲੈਣ ਦਿਉ। ਵੈਸੇ ਤਾਂ ਕੱਲ੍ਹ ਮੈਨੂੰ ਖਬਰ ਆਈ ਹੈ, ਮੈਂ ਇਹ ਗੱਲ ਬਾਅਦ ਵਿਚ ਕਰਾਂਗਾ ਕਿਉਂਕਿ ਫਿਰ ਇਨ੍ਹਾਂ ਨੇ ਗੁੱਸਾ ਕਰ ਜਾਣਾ ਹੈ। ਸਪੀਕਰ ਸਾਹਿਬ, ਹੁਣ ਜੇ ਮੈਂ 2017 ਦੇ ਫਿਸਕਲ ਪੈਰਾਮੀਟਰਜ਼ ਤੇ ਗੱਲ ਕਰ ਲਵਾਂ। ਐਫ.ਐਮ. ਸਾਹਿਬ ਨੇ 2017-18 ਦੇ ਬਜਟ ਵਿਚ ਅਲਾਮਾ ਇਕਬਾਲ ਸਾਹਿਬ ਦਾ ਇੱਕ ਸ਼ੇਅਰ ਪੜ੍ਹਿਆ ਸੀ, ਮੈਂ verbatim ਉਸ ਗੱਲ ਨੂੰ ਰਿਪੀਟ ਕਰ ਰਿਹਾ ਹਾਂ:

ਪਿਰੋਨਾ ਏਕ ਹੀ ਤਸਬੀਹ ਮੇਂ ਇਨ ਬਿਖਰੇ ਹੁਏ ਦਾਨੋਂ ਕੋ
ਗਰ ਮੁਸ਼ਕਿਲ ਹੈ ਤੋ ਇਸ ਮੁਸ਼ਕਿਲ ਕੋ ਆਸਾਂ ਕਰਕੇ ਛੋੜੂੰਗਾ
ਦਿਖਾ ਦੂੰਗਾ ਜਹਾਨ ਕੋ ਜੋ ਮੇਰੀ ਆਂਖੋ ਨੇ ਦੇਖਾ ਹੈ
ਤੁਝੇ ਭੀ ਸੂਰਤ ਏ ਆਇਨਾ ਹੈਰਾਨ ਕਰਕੇ ਛੋੜੂੰਗਾ (ਵਿਘਨ)(ਸ਼ੋਰ)

ਸਪੀਕਰ ਸਾਹਿਬ, ਚਲੋ ਸੁਣ ਲਵੋ ਜੀ, ਸੁਣ ਲਵੋ, ਇਹ ਕਾਹਲੇ ਪੈਂਦੇ ਹਨ। (ਟਰੈਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਪੰਜਾਬ ਦੇ ਲੋਕਾਂ ਨੂੰ ਹੈਰਾਨ ਕਰਕੇ ਵੀ ਛੱਡ ਦਿੱਤਾ। ਜਾਂ ਤਾਂ ਮੈਂ ਬੋਲ ਲਵਾਂ ਜਾਂ ਤੁਸੀਂ ਦੇਖ ਲਵੋ ਜੀ।

**ਮਾਨਯੋਗ ਸਪੀਕਰ:** ਬੋਲੋ ਜੀ, ਬੋਲੋ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਕਮਾਲ ਹੋ ਗਈ ਜੀ, ਲੋਕਾਂ ਨੂੰ ਹੈਰਾਨ ਕਰ ਦਿੱਤਾ ਤੇ ਲੋਕਾਂ ਨੂੰ ਪ੍ਰੇਸ਼ਾਨ ਵੀ ਕਰ ਦਿੱਤਾ। ਅੱਜ ਅਖਬਾਰਾਂ ਦੀ ਖਬਰ ਵੀ ਪੜ੍ਹੀ ਹੈ। ਫਿਰ ਕਹਿੰਦੇ ਜੀ, ਇਹ ਫਿਰ ਕਹਿੰਦੇ, ਦੇਖੋ ਕਮਾਲ ਹੈ, ਇਕ ਚੀਜ਼ ਨੂੰ ਵਾਰ-ਵਾਰ ਕਹਿੰਦੇ ਹਨ, Reduce the crunching burden Debt, the State that is under and restore its fiscal health. ਸਪੀਕਰ ਸਾਹਿਬ, ਹੁਣ ਇਹ ਵਾਰ-ਵਾਰ ਸਾਨੂੰ ਕਹਿੰਦੇ ਕਿ ਜਦੋਂ ਸਰਕਾਰ ਸਾਂਭੀ ਸੀ ਇੱਕ ਲੱਖ 82 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਸੀ ਔਰ ਇਨ੍ਹਾਂ ਦੇ ਆਪਣੇ ਡਾਕੂਮੈਂਟ ਹਨ, ਇਹ ਕਹਿੰਦੇ ਜਦੋਂ ਤੱਕ ਅਸੀਂ ਛੱਡਾਂਗੇ ਤਾਂ 2 ਲੱਖ 73 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੋਵੇਗਾ, ਇਹ ਤਾਂ ਇਹ ਕਹਿ ਰਹੇ ਹਨ। ਮੈਂ ਪਿਛਲੀ ਵਾਰੀ ਵੀ ਕਿਹਾ ਸੀ, ਜਦ ਇਨ੍ਹਾਂ ਨੇ ਕਿਹਾ ਸੀ ਕਿ 2 ਲੱਖ 48 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੋਵੇਗਾ, ਮੈਂ ਬੋਲਦਿਆਂ ਕਿਹਾ ਸੀ, ਮੇਰਾ ਭਾਸ਼ਣ ਕੱਢ ਲਵੋ। ਮੈਂ ਕਿਹਾ ਸੀ ਕਿ 2 ਲੱਖ 48 ਹਜ਼ਾਰ ਕਰੋੜ ਰੁਪਿਆ ਨਹੀਂ, ਇਹ 2 ਲੱਖ 60 ਹਜ਼ਾਰ ਕਰੋੜ ਰੁਪਏ ਦੇ ਨੇੜੇ ਜਾਵੇਗਾ ਔਰ ਉਹੀ ਗੱਲ ਹੋਈ। ਇਹ 2 ਲੱਖ 73 ਹਜ਼ਾਰ ਕਰੋੜ ਰੁਪਏ ਕਹਿੰਦੇ ਹਨ, ਇਹ 3 ਲੱਖ ਕਰੋੜ ਰੁਪਏ ਜਾਵੇਗਾ। ਇਹ ਗੱਲ ਇਕੱਲੀ ਮੈਂ ਨਹੀਂ ਕਹਿੰਦਾ ਕਿਉਂਕਿ ਮੇਰੀ ਗੱਲ ਉਤੇ ਤਾਂ ਇਹ ਬਹੁਤ ਗੁੱਸਾ ਕਰਦੇ ਹਨ। ਆਹ ਤਾਂ ਅਖਬਾਰ ਹੈ ਜੀ। ਬੜੀ ਪੁਰਾਣੀ ਅਖਬਾਰ ਹੈ। ਉਸ ਨੇ ਵੀ ਲਿਖਿਆ ਹੈ ਕਿ Punjab Debt to double in five years. ਕੈਗ ਦੀ ਰਿਪੋਰਟ ਹੈ, Social Sector spending, ਜਿਹੜੀ ਬੁੱਧ ਰਾਮ ਜੀ ਗੱਲ ਕਰ ਰਹੇ ਹਨ, ਚਾਰ ਸਾਲ ਤਾਂ ਐਸ.ਸੀ. ਸਕਾਲਰਸ਼ਿਪ ਲਈ ਦਿੱਤਾ ਕੁਝ ਵੀ ਨਹੀਂ, ਸਾਰਾ ਕੰਮ ਗੋਲ ਕਰ ਦਿੱਤਾ। ਹੁਣ ਜੇ ਤਾਰੀਖ ਰੱਖੀ ਤਾਂ ** ਨੇ ਪਤਾ ਨਹੀਂ 1/7 ਦੀ ਰੱਖ ਦਿੱਤੀ, ਉਹ ਪਿਛਲੇ ਦੀ ਗੱਲ ਹੀ ਨਹੀਂ ਕਰਦੇ। ਇਸੇ ਤਰ੍ਹਾਂ ਹੀ ਸੋਸ਼ਲ ਸੈਕਟਰ ਦੀ ਸਪੈਂਡਿੰਗ ਸਾਲ 2017-18 ਵਿੱਚ 48 ਹਜ਼ਾਰ 270 ਕਰੋੜ ਰੁਪਏ ਸੀ, ਉਸ ਨੂੰ ਘਟਾ ਕੇ 24 ਹਜ਼ਾਰ 896 ਕਰੋੜ ਕਰ ਦਿੱਤੀ। ਸਪੀਕਰ ਸਾਹਿਬ, ਇਸੇ ਤਰ੍ਹਾਂ ਕੈਗ ਨੇ ਅਗਲੀ ਰਿਪੋਰਟ ਦਿੱਤੀ ਕਿ State shying away from spending on health and education.

**ਸਰਦਾਰ ਨਵਤੇਜ ਸਿੰਘ ਚੀਮਾ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

**ਮਾਨਯੋਗ ਸਪੀਕਰ:** ਹਾਂ ਜੀ, ਚੀਮਾ ਜੀ, ਚੀਮਾ ਜੀ।

**ਸਰਦਾਰ ਨਵਤੇਜ ਸਿੰਘ ਚੀਮਾ:** ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਇਹ ਜਿਹੜਾ ਵਾਰ-ਵਾਰ ** ** ਲਫਜ਼ ਯੂਜ਼ ਕਰ ਰਹੇ ਹਨ, ਇੱਕ ਤਾਂ ਇਹ ਐਕਸਪੰਜ ਕਰਵਾਇਆ ਜਾਵੇ ਅਤੇ ਦੂਜਾ, ਇਹ ** ** ਦੇ ਖਿਲਾਫ ਗੱਲ ਕਰ ਰਹੇ ਹਨ। ਇਹ ** ** ਕਰੀ ਜਾ ਰਹੇ ਹਨ।

**ਮਾਨਯੋਗ ਸਪੀਕਰ:** ** ** ਇਹ ਸ਼ਬਦ ਐਕਸਪੰਜ ਕਰ ਦਿੱਤੇ ਜਾਣ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਵੈਸੇ ਪਤਾ ਨਹੀਂ ਇਹ ਸਾਰੇ ਕਿਉਂ ਗੁੱਸਾ ਕਰਦੇ ਹਨ, ਇਨ੍ਹਾਂ ਸਾਰਿਆਂ ਨੇ ਹੀ ਪੰਜ-ਪੰਜ ਮੁੰਦਰੀਆਂ ਪਾਈਆਂ ਹੋਈਆਂ ਹਨ ਕਿ ਕਿਤੇ ਕੰਮ ਗੜਬੜ ਨਾ ਹੋ ਜਾਵੇ। (ਹਾਸਾ) ਅਤੇ ਮੇਰੇ ਵੇਲੇ ਇਹ ਗੁੱਸਾ ਕਰ ਜਾਂਦੇ ਹਨ। (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਚਲੋ, ਛੱਡੋ। ਸਪੀਕਰ ਸਾਹਿਬ, ਐਤਕੀਂ ਕਮਾਲ ਦੀ ਬਜਟ ਦੇ ਅੰਦਰ ਹੱਥ ਦੀ ਸਫਾਈ ਦੇਖੋ। ਇਨ੍ਹਾਂ ਨੇ ਕਹਿ ਦਿੱਤਾ ਕਿ ਸਾਡਾ 2020-21 ਦਾ ਕਰਜ਼ਾ 2 ਲੱਖ 52 ਹਜ਼ਾਰ 8 ਸੌ 80 ਕਰੋੜ ਹੈ ਅਤੇ ਨਾਲ ਹੀ ਥੱਲੇ ਪਤਾ ਨਹੀਂ ਕੀ ਗੋਲ-ਮੋਲ ਕਰਕੇ ਲਿਖ ਗਏ। (ਬਜਟ ਸਪੀਚ ਦੀ ਕਾਪੀ ਦਿਖਾਉਂਦੇ ਹੋਏ।) ਇਹ ਸਮਝਦੇ ਹਨ ਕਿ ਸ਼ਾਇਦ ਕਿਸੇ ਨੂੰ ਪਤਾ ਨਹੀਂ ਹੈ । ਇਹ ਪਹਿਲੇ ਸਫੇ ਤੇ ਹੈ। ਇਨ੍ਹਾਂ ਨੇ ਥੱਲੇ ਲਿਖਿਆ ਹੈ ਅਤੇ ਮੈਂ ਪੜ੍ਹ ਵੀ ਦਿੰਦਾ ਹਾਂ ਕਿ ਜਿਹੜਾ 8 ਹਜ਼ਾਰ 3 ਸੌ 60 ਕਰੋੜ ਦਾ ਕਰਜ਼ਾ ਲਿਆ ਹੈ, ਉਹ ਬਜਟ ਵਿੱਚ ਇਨਕਲੂਡਿਡ ਨਹੀਂ ਹੈ। ਉਹ ਕਿਉਂ ਨਹੀਂ ਇਨਕਲੂਡ ਕੀਤੇ। ਕੀ ਇਹ ਪੰਜਾਬ ਸਰਕਾਰ ਦਾ ਲੋਨ ਨਹੀਂ ਸੀ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸਪੀਕਰ ਸਾਹਿਬ, ਦਰਅਸਲ ਹੁੰਦਾ ਇਹ ਹੈ ਕਿ ਜਿਹੜਾ ਪਬਲਿਕ ਫਾਈਨਾਂਸ ਹੈ, ਇਸ ਦੀ ਲੋਕਾਂ ਨੂੰ ਦਿਲਚਸਪੀ ਨਹੀਂ ਹੁੰਦੀ ਅਤੇ ਨਾ ਹੀ ਜਾਣਕਾਰੀ ਹੁੰਦੀ ਹੈ। (ਟਰੈਜ਼ਰੀ ਬੈਂਚਿਜ਼ ਵੱਲੋਂ ਹਾਸਾ) ਸਪੀਕਰ ਸਾਹਿਬ, ਅਸਲ ਵਿੱਚ ਇਹ ਹੋਇਆ ਕਿ ਗੌਰਮਿੰਟ ਆਫ ਇੰਡੀਆ ਨੇ ਜਿਹੜੇ ਸਾਡੇ ਜੀ.ਐਸ.ਟੀ. ਦੇ ਏਰੀਅਰਜ਼ ਸਨ, ਉਹ ਨਹੀਂ ਦਿੱਤੇ। ਸਾਡਾ ਉਨ੍ਹਾਂ ਨਾਲ ਚਾਰ-ਪੰਜ ਮਹੀਨਿਆਂ ਤੋਂ ਬੜਾ ਸੰਘਰਸ਼ ਚੱਲਿਆ ਅਤੇ ਅਖੀਰ ਵਿੱਚ ਅਸੀਂ ਐਗਰੀ ਕਰ ਗਏ। ਗੌਰਮਿੰਟ ਆਫ ਇੰਡੀਆ ਨੇ ਕਿਹਾ ਕਿ ਜਿਹੜਾ ਲੋਨ ਹੈ, ਅਸੀਂ ਆਪਣੀਆਂ ਕਿਤਾਬਾਂ ਤੇ ਨਹੀਂ ਲੈ ਸਕਦੇ ਕਿਉਂਕਿ ਜਿਹੜੀ ਸਾਡੀ ਰੇਟਿੰਗ ਹੈ, ਉਹ ਇੰਟਰਨੈਸ਼ਨਲੀ ਡਾਊਨ ਹੋ ਜਾਵੇਗੀ।ਸਾਡੇ ਕੋਲ ਪੈਸੇ

ਨਹੀਂ ਹਨ। ਤੁਸੀਂ ਲੋਨ ਲੈ ਲਵੋ। ਲੋਨ ਸਟੇਟ ਤੇ ਨਾਂ 'ਤੇ ਹੈ। ਇਹ ਜਿਹੜਾ ਕਹਿ ਰਹੇ ਹਨ ਕਿ ਥੱਲੇ ਲਿਖ ਦਿੱਤਾ ਹੈ। (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਵੱਲ ਇਸ਼ਾਰਾ) ਗੌਰਮਿੰਟ ਆਫ ਇੰਡੀਆ ਕਹਿ ਰਹੀ ਹੈ ਕਿ ਅਸੀਂ ਲੋਨ ਪੇਅ ਕਰਾਂਗੇ ਅਤੇ ਜਿਹੜਾ ਇਸ ਦਾ ਵਿਆਜ਼ ਹੈ, ਉਹ ਵੀ ਅਸੀਂ ਪੇਅ ਕਰਾਂਗੇ।(ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਇਸ ਕਰਕੇ no fault of his. ਇਹ ਵੀ ਆਪਣਾ ਫਰਜ਼ ਸਹੀ ਨਿਭਾ ਰਹੇ ਸਨ। ਸਪੀਕਰ ਸਾਹਿਬ, ਮੈਨੂੰ ਸਾਰੇ ਕਹਿ ਰਹੇ ਹਨ ਕਿ ਇੱਕ ਵਾਰ ਜਿਹੜਾ ਪਹਿਲਾਂ ਬਜਟ ਵਿੱਚ ਸ਼ੇਅਰ ਅਰਜ਼ ਕੀਤਾ ਸੀ, ਉਹ ਦੁਬਾਰਾ ਸੁਣਾ ਦਿਓ। ਸਪੀਕਰ ਸਾਹਿਬ, ਮੈਂ ਅਰਜ਼ ਕਰਨ ਲੱਗਿਆ ਹਾਂ ਕਿ:-

ਪਿਰੋਨਾ ਏਕ ਹੀ ਤਸਬੀਹ ਮੇਂ ਇਨ ਬਿਖਰੇ ਹੁਏ ਦਾਨੋਂ ਕੋ
ਗਰ ਮੁਸ਼ਕਿਲ ਹੈ ਤੋ ਇਸ ਮੁਸ਼ਕਿਲ ਕੋ ਆਸਾਂ ਕਰਕੇ ਛੋੜੂੰਗਾ
ਦਿਖਾ ਦੂੰਗਾ ਜਹਾਨ ਕੋ ਜੋ ਮੇਰੀ ਆਂਖੋ ਨੇ ਦੇਖਾ ਹੈ
ਤੂਝੇ ਭੀ ਸੂਰਤ ਏ ਆਇਨਾ ਹੈਰਾਨ ਕਰਕੇ ਛੋੜੂੰਗਾ (ਥੰਪਿੰਗ)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਤੁਸੀਂ ਦੋ ਮਿੰਟ ਹੋਰ ਬੈਠ ਜਾਓ। ਡਿਪਟੀ ਸਪੀਕਰ ਸਾਹਿਬ, ਫਿਰ ਸੁਣ ਲੈਣਗੇ।(ਹਾਸਾ) ਸਪੀਕਰ ਸਾਹਿਬ, ਮੈਂ ਖਜ਼ਾਨਾ ਮੰਤਰੀ ਸਾਹਿਬ ਦਾ ਬੜਾ ਧੰਨਵਾਦੀ ਹਾਂ ਕਿ ਅੱਜ ਮੈਂ ਉਨ੍ਹਾਂ ਨੂੰ ਉਠ ਕੇ ਜਵਾਬ ਦੇਣ ਲਈ ਮਜਬੂਰ ਕਰ ਦਿੱਤਾ ਔਰ ਖਜ਼ਾਨਾ ਮੰਤਰੀ ਸਾਹਿਬ, ਮੈਂ ਤੁਹਾਨੂੰ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਜਿਹੜਾ 8 ਹਜ਼ਾਰ 3 ਸੌ 60 ਕਰੋੜ ਰੁਪਿਆ ਹੈ, ਇਹ ਕਿਸ ਦੇ ਖਾਤੇ ਵਿੱਚ ਪਵੇਗਾ। ਕੀ ਇਹ ਲੋਨ ਗੌਰਮਿੰਟ ਆਫ ਇੰਡੀਆ ਦੇ ਆਊਟਸਟੈਂਡਿੰਗ ਵਿੱਚ ਆਵੇਗਾ ਜਾਂ ਤੁਹਾਡੇ ਵਿੱਚ ਆਵੇਗਾ? ਮੈਂ ਇਹੀ ਗੱਲ ਦਾ ਜਵਾਬ ਚਾਹੁੰਦਾ ਸੀ, ਜਿਹੜਾ ਤੁਸੀਂ ਦੇ ਦਿੱਤਾ ਹੈ। ਭਾਵੇਂ ਜੀ.ਐਸ.ਟੀ. ਹੈ, ਭਾਵੇਂ ਕੁਝ ਹੈ, ਉਹ ਲਿਖਿਆ ਕਿਉਂ ਨਹੀਂ ਕਿਉਂਕਿ ਇਹ ਸਾਡੇ ਖਾਤੇ ਵਿੱਚ ਹੀ ਪੈਣਾ ਹੈ। ਉਹ ਇਨ੍ਹਾਂ ਨੇ ਬਾਹਰ ਰੱਖ ਦਿੱਤਾ ਕਿਉਂਕਿ ਬੜੇ ਤਰੀਕੇ ਦੇ ਨਾਲ, ਮਾਰਕ ਕਰਕੇ ਲਿਖ ਦਿੱਤਾ ਕਿ figures have been rounded and have excluded Rs.8935 crores, received as back to back loans in lieu of GST compensation. Sir, but the fact of the matter is that the loan will stand in your books. ਸੋ, ਤੁਹਾਡਾ ਇਹ 2 ਲੱਖ 52 ਨਹੀਂ, ਇਹ 2 ਲੱਖ 61 ਹਜ਼ਾਰ 250 ਰੁਪਏ ਹੋ ਜਾਵੇਗਾ ਔਰ ਸਪੀਕਰ ਸਾਹਿਬ, ਇਸੇ ਤਰ੍ਹਾਂ ਅੱਗੇ ਵੀ ਕਮਾਲ ਦੀ ਗੱਲ ਹੈ ਕਿ ਜਾਂ ਤਾਂ ਇਹ ਛਾਪਣ ਵਾਲੇ ਨੇ ਗਲਤੀ ਕਰ ਦਿੱਤੀ ਜਾਂ ਇਨ੍ਹਾਂ ਨੇ ਜਾਣ-ਬੁੱਝ ਕੇ ਕਰ ਦਿੱਤੀ। ਮੈਨੂੰ ਨਹੀਂ ਪਤਾ ਹੱਥ ਦੀ

ਸਫਾਈ ਹੋ ਗਈ। ਵੈਸੇ ਤਾਂ ਇਹ ਹਰ ਗੱਲ ਤੇ ਕਹਿੰਦੇ ਹਨ ਕਿ corona warriors ਨੂੰ ਬੜਾ ਸਨਮਾਨ ਦਿੱਤਾ, ਵਾਕਿਆ ਹੀ ਉਨ੍ਹਾਂ ਨੇ ਬਹੁਤ ਲੜਾਈ ਲੜੀ ਹੈ। ਮਗਰ corona warriors ਸਾਰੇ ਹੀ ਬਾਹਰ ਕੱਢ ਕੇ ਰੱਖ ਦਿੱਤੇ। ਸਾਰੇ ਵਿਹਲੇ ਕਰਕੇ ਘਰ ਤੁਰ ਦਿੱਤੇ। ਜੇਕਰ ਦਿਲੋਂ ਸਤਿਕਾਰ ਸੀ ਤਾਂ ਉਨ੍ਹਾਂ ਨੂੰ ਰੱਖ ਲੈਂਦੇ ਮਗਰ GSDP, 2016-17 ਵਿੱਚ 4 ਲੱਖ 27 ਹਜ਼ਾਰ 8 ਸੌ 70 ਸੀ ਔਰ ਇਨ੍ਹਾਂ ਨੇ 2019-20 ਵਿੱਚ ਕਿਹਾ ਕਿ ਇਹ 5 ਲੱਖ 74 ਹਜ਼ਾਰ 7 ਸੌ 60 ਹੈ। ਇੱਕ ਪਾਸੇ ਤਾਂ ਕਹਿ ਰਹੇ ਹੋ ਕਿ ਕੰਮ ਤਾਂ ਸਾਰਾ ਘੱਟ ਗਿਆ ਹੈ, ਕਮਾਈ ਘੱਟ ਗਈ। ਫਿਰ ਤੁਸੀਂ GSDP ਨੂੰ 6 ਲੱਖ 7 ਹਜ਼ਾਰ 5 ਸੌ 94 ਕਿੱਥੋ ਵਧਾ ਦਿੱਤਾ। ਜਦੋਂ ਸਾਰੇ ਸੂਬਿਆਂ ਦਾ ਘਟ ਗਿਆ ਤਾਂ ਤੁਸੀਂ ਵਧਿਆ ਕਿਉਂ ਕਰ ਰਹੇ ਹੋ। ਜੇਕਰ ਇਸ ਚੀਜ਼ ਨੂੰ ਧਿਆਨ ਨਾਲ ਦੇਖੀਏ GSDP of 2020-21 is shown as 606530, which is not a correct figure. Why not correct? ਕਿਉਂਕਿ 19-20 GSDP 5 ਲੱਖ 74 ਹਜਾਰ 760 ਹੈ ਤੇ ਕੋਵਿਡ ਕਰਕੇ GSDP ਵਿੱਚ ਡਰਾਪ ਆਈ ਹੈ। ਇਹ ਵਾਰ ਵਾਰ ਕਿਹਾ ਜਾ ਰਿਹਾ ਹੈ। ਮਗਰ budget at a glance ਦੇ ਪੇਜ਼ ਨੰਬਰ 9 ਵਿੱਚ ਇਹ ਆਪ ਮੰਨਦੇ ਹੈ ਕਿ 6.41 GSDP ਥੱਲੇ ਚਲੇ ਗਈ ਹੈ। ਜਦ ਥੱਲੇ ਚਲੇ ਗਈ ਤਾਂ ਰਕਮ ਵਧ ਕੇ ਤੁਸੀਂ 5 ਲੱਖ 74 ਹਜਾਰ ਤੋਂ 6 ਲੱਖ 6 ਕਿਵੇਂ ਦਿਖਾ ਦਿੱਤੀ। ਜੇਕਰ GSDP ਨੂੰ 6 ਲੱਖ 6 ਦੇ ਹਿਸਾਬ ਨਾਲ ਕਰੀਏ ਤਾਂ ਇਸ ਦੇ ਨਾਲ ਡੈੱਟ ਟੂ GSDP ਰੇਸ਼ੋ ਹੈ ਜਿਹੜਾ ਤੁਸੀਂ 42% ਕਹਿ ਰਹੇ ਹੋ ਅੱਜ ਹੀ 46.42 ਹੋ ਜਾਵੇਗਾ। ਜਿਹੜਾ ਤੁਸੀਂ ਆਉਣ ਵਾਲੇ ਸਮੇਂ ਵਿੱਚ ਕਹਿੰਦੇ ਹੋ 2022 ਦੇ ਅਖੀਰ ਤੱਕ 45% ਤੇ ਜਾਵੇਗਾ। ਇਹ 45 ਨਹੀਂ ਇਹ 48 ਅਤੇ 50 ਦੇ ਨੇੜੇ ਹੀ ਜਾਵੇਗਾ। ਮੇਰਾ ਕਹਿਣ ਦਾ ਭਾਵ ਇਹ ਹੈ ਕਿ ਕਰਜਾ 1 ਲੱਖ 82 ਤੋਂ 2 ਲੱਖ 83 ਤੁਸੀਂ ਪਹੁੰਚਾ ਦਿੱਤਾ। GSDP ਦੀ ਜਿਹੜੀ ਡੈਟ ਟੂ ਰੇਸ਼ੋ ਹੈ ਉਹ 2016-17 ਵਿੱਚ 42.75 ਸੀ ਤੁਸੀਂ ਹੁਣ 50 ਦੇ ਨੇੜੇ ਪਹੁੰਚਾ ਦੇਣੀ ਹੈ। Social sector the spending ਪੰਜਾਬ ਦੀ 48 ਹਜਾਰ 270 ਤੋਂ 24 ਹਜਾਰ 896 ਅਤੇ ਬਿਹਾਰ ਵਿੱਚ ਇਹ 100% ਇਨਕਰੀਜ਼, ਹਰਿਆਣਾ ਵਿੱਚ 51% ਇਨਕਰੀਜ਼, ਉੜੀਸਾ ਵਿੱਚ 65% ਇਨਕਰੀਜ਼, ਰਾਜਸਥਾਨ ਵਿੱਚ 40% ਇਨਕਰੀਜ਼। ਹਾਲੇ ਸੋਸ਼ਲ ਸੈਕਟਰ ਕਿਹੜਾ ਹੈ। ਖਰਚਾ ਆਨ ਐਜੂਕੇਸ਼ਨ, ਹੈਲਥ ਐਂਡ ਸੋਸ਼ਲ ਵੈਲਫੇਅਰ ਸਕੀਮ, ਸਪੀਕਰ ਸਾਹਿਬ, ਮੈਂ ਇਹ ਤਾਂ ਕਹਿ ਰਿਹਾ ਹਾਂ ਕਿ ਅਖਬਾਰਾਂ ਵੀ ਲਿਖ ਰਹੀਆਂ ਹਨ। ਮੈਨੂੰ ਉਹੀ ਗੱਲ ਯਾਦ ਆਉਂਦੀ ਹੈ ਕਿ ਕਿਸੇ ਨੇ ਬੜੇ ਸੁੰਦਰ ਲਫਜ਼ਾਂ ਵਿੱਚ ਇਹ ਗੱਲ ਪੁੱਛੀ ਹੈ ਔਰ ਮੈਂ ਉਨ੍ਹਾਂ ਦੇ ਲਫਜ਼ਾਂ ਰਾਹੀਂ ਤੁਹਾਨੂੰ ਪੁੱਛਦਾ ਹਾਂ ਕਿ

ਕਿਹੜੇ ਸ਼ਹਿਰ ਦਾ ਮੁੱਲ ਘਟਾਇਆ ਹੈ, ਪੁੱਛੋ ਵੀ

ਕਿਹੜਾ ਵੱਖਰਾ ਤੀਰ ਚਲਾਇਆ ਹੈ, ਪੁੱਛੋ ਵੀ

ਜਿੰਨੇ ਵੀ ਨੇ ਬੈਠੇ ਵਿੱਚ ਅਸੈਂਬਲੀ ਦੇ, ਕੋਰਾ ਲੱਥਾ ਜਿਸ ਨੇ ਪਾਇਆ, ਪੁੱਛੋ ਵੀ

ਜਿਸ ਨੇ ਤੁਹਾਨੂੰ ਦਿੱਤੇ ਫੁੱਲ ਬਹਾਰਾਂ ਦੇ, ਸਾਡੇ ਵਿਹੜੇ ਕਿਉਂ ਨਾ ਆਇਆ, ਪੁੱਛੋ ਵੀ

ਸਾਡੇ ਨਾਂ ਤੇ ਜਿਹੜੇ ਕਰਜ਼ੇ ਲੈਂਦੇ ਨੇ, ਕਿੱਥੇ ਜਾਂਦਾ ਉਹ ਸਰਮਾਇਆ, ਪੁੱਛੋ ਵੀ

ਸਾਡੇ ਨਾਂ ਤੇ ਜਿਹੜਾ ਕਰਜ਼ਾ ਲੈਂਦੇ ਨੇ, ਕਿੱਥੇ ਜਾਂਦਾ ਉਹ ਸਰਮਾਇਆ, ਪੁੱਛੋ ਵੀ

ਆਪਣੇ ਸੂਟਾਂ ਵੱਲ ਹੀ ਵੇਖੀ ਜਾਂਦੇ ਹੋ, ਮੈਂ ਕਿਉਂ ਪਾਇਆ ਪਾਟਾ ਕੁੜਤਾ, ਪੁੱਛੋ ਵੀ

ਸਾਈਕਲ ਵਾਲੇ ਵਾਰਿਸ ਬਣ ਗਏ ਪਜੈਰੋ ਦੇ, ਇੰਨਾ ਪੈਸਾ ਕਿੱਥੋਂ ਆਇਆ, ਪੁੱਛੋ ਵੀ

ਅਸਾਂ ਤਾਂ ਚੁੱਪ ਬਿਠਾਇਆ ਬਾਬਾ ਕੁਰਸੀ ਤੇ, ਇਸ ਨੇ ਸਾਨੂੰ ਕਿਹਾ ਪਰਾਇਆ, ਪੁੱਛੋ ਵੀ

ਸਪੀਕਰ ਸਾਹਿਬ, ਮੈਂ ਕੀ ਕਹਿ ਰਿਹਾ ਹਾਂ। (ਵਿਘਨ)(ਸ਼ੋਰ) ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।ਕਮਾਲ ਹੋ ਗਈ। ਬੁੱਧ ਰਾਮ ਜੀ ਨੇ ਥੋੜ੍ਹੀ ਜਿਹੀ ਗੱਲ ਕੀਤੀ।

**ਮਾਨਯੋਗ ਸਪੀਕਰ:** ਹਾਂ ਜੀ, ਚੰਨੀ ਜੀ, ਚੰਨੀ ਜੀ। ਕੀ ਕਹਿਣਾ ਚਾਹੁੰਦੇ ਹੋ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਸਪੀਕਰ ਸਾਹਿਬ, ਅੱਜ ਮਜੀਠੀਆ ਸਾਹਿਬ ਕੁਝ ਤਿਆਰੀ ਕਰਕੇ ਆਏ ਹਨ। ਇਹ ਆਪਣੀਆਂ ਗੱਲਾਂ ਵਿੱਚ ਆਪ ਹੀ ਫਸੀ ਜਾਂਦੇ ਹਨ। ਜਿੰਨੀਆਂ ਇਨ੍ਹਾਂ ਨੇ ਗੱਲਾਂ ਕਹੀਆਂ ਹਨ ਸਾਰੀਆਂ ਦੇ ਜਵਾਬ ਮਿਲਦੇ ਰਹੇ ਹਨ। ਇਨ੍ਹਾਂ ਨੂੰ ਪਤਾ ਹੀ ਨਹੀਂ ਕਿ ਲਾਅ ਯੂਨੀਵਰਸਿਟੀ ਇੱਥੇ ਪਾਸ ਹੋਈ ਹੈ। ਇਨ੍ਹਾਂ ਨੂੰ ਪਤਾ ਹੀ ਨਹੀਂ ਕਿ ਕਿੱਥੇ ਕਿਹੜੀਆਂ ਬਿਲਡਿੰਗਾਂ ਬਣ ਰਹੀਆਂ ਹਨ। ਸਾਰਾ ਪੰਜਾਬ ਇਨ੍ਹਾਂ ਨੂੰ ਪੁੱਛਦਾ ਹੈ ਕਿ ਤੁਹਾਡੇ ਕੋਲ ਕਿੱਥੋਂ ਪੈਸਾ ਆਇਆ ਹੈ। ਸਾਰਾ ਪੰਜਾਬ ਇਨ੍ਹਾਂ ਨੂੰ ਪੁੱਛਦਾ ਹੈ ਕਿ ਤੁਹਾਡੇ ਪਾਸ ਗੱਡੀਆਂ ਕਿੱਥੋਂ ਆਈਆਂ। ਸਾਰਾ ਪੰਜਾਬ ਇਨ੍ਹਾਂ ਨੂੰ ਪੁੱਛਦਾ ਹੈ ਕਿ ਜਿਹੜੇ ਸੈਂਕੜੇ ਏਕੜ ਵਿੱਚ ਹੋਟਲ ਬਣਿਆ ਹੈ ਇਹ ਪੈਸਾ ਕਿੱਥੋਂ ਆਇਆ। ਇਹੀ ਤਾਂ ਅਸੀਂ ਪੁੱਛ ਰਹੇ ਹਾਂ।

**ਮਾਨਯੋਗ ਸਪੀਕਰ:** ਬੈਠੋ, ਬੈਠੋ, ਬੈਠੋ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ 1100 ਬੱਸ ਕਿੱਥੋਂ ਆਈ ਹੈ। ਇਹੀ ਤਾਂ ਅਸੀਂ ਪੁੱਛਦੇ ਹਾਂ। (ਵਿਘਨ)(ਸ਼ੋਰ) ਅਸੀਂ ਵੀ ਇਹੀ ਪੁੱਛਦੇ ਹਾਂ ਕਿ ਇੱਕ ਪਰਿਵਾਰ ਦੀ 1000 ਬੱਸ ਕਿਵੇਂ ਬਣ ਗਈ।

**ਮਾਨਯੋਗ ਸਪੀਕਰ:** ਹਾਂ ਜੀ, ਸਿੱਧੂ ਸਾਹਿਬ।

**ਸਰਦਾਰ ਨਵਜੋਤ ਸਿੰਘ ਸਿੱਧੂ:** ਟੁੱਟੀ ਖੜਕਦੀ ਕੁਆਲਿਸ ਤੋਂ ਬਾਅਦ 8 ਰੇਂਜ ਰੋਵਰਾਂ ਕਿੱਥੋਂ ਆਈਆਂ, ਪੁੱਛੋ ਵੀ। ਪੰਜਾਬ ਦੇ ਦੁੱਖਾਂ ਦੇ ਉੱਤੇ ਸੁੱਖ ਵਿਲਾਸ ਇੱਟ ਤੇ ਇੱਟ ਧਰ ਕੇ ਕਿੱਥੋਂ ਆਏ? ਇਨ੍ਹਾਂ ਨੂੰ ਪੁੱਛੋ ਜੀ। (ਵਿਘਨ..ਸ਼ੋਰ) ਇਨ੍ਹਾਂ ਨੂੰ ਪੁੱਛੋ ਕਿ ਡੱਬਵਾਲੀ ਦੇ ਵਿੱਚ 2 ਬੱਸਾਂ ਤੋਂ 1600 ਬੱਸਾਂ ਕਿੱਥੋਂ ਹੋਈਆਂ? (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਰ, ਪੁੱਛੋ ਜੀ। ਇਨ੍ਹਾਂ ਨੂੰ ਪੁੱਛੋ ਜੀ। (ਵਿਘਨ..ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਰ, ਮੈਂ ਇਹੀ ਗੱਲ ਕਰਦਾ ਸੀ ਕਿ ਇਨ੍ਹਾਂ ਦੇ ਹਾਲਾਤ ਵੇਖ ਲਓ ਕਿ (ਵਿਘਨ...ਸ਼ੋਰ)

**ਸਰਦਾਰ ਨਵਜੋਤ ਸਿੰਘ ਸਿੱਧੂ :** ਭੁੱਕੀ, ਅਫੀਮ ਤੋਂ ਚਿੱਟਾ ਕਿੱਥੋਂ ਆਇਆ? ਇਨ੍ਹਾਂ ਨੂੰ ਪੁੱਛੋ ਜੀ।

**ਮਾਨਯੋਗ ਸਪੀਕਰ :** ਬੈਠੋ ਜੀ, ਬੈਠੋ। ਬੈਠ ਜਾਓ। (ਵਿਘਨ..ਸ਼ੋਰ)

> (ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹ ਕੇ ਬਿਨਾਂ ਆਗਿਆ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੈਨੂੰ ਇਸ ਗੱਲ ਤੋਂ ਖੁਸ਼ੀ ਹੋਈ ਹੈ ਕਿ ਤੁਸੀਂ ਸੁੱਤੇ ਵੀ ਜਗਾ ਦਿੱਤੇ ਹਨ। ਜਿਹੜੇ ਸੁੱਤੇ ਪਏ ਸੀ, ਉਹ ਵੀ ਬੋਲ ਪਏ। ਮਗਰ ਮੇਰੀ ਅਗਲੀ ਬੇਨਤੀ ਹੈ ਜੀ ਕਿ ਦੇਖੋ ਕਮਾਲ ਹੋ ਗਈ, ਲੋਕ ਮੰਗਦੇ ਕੀ ਹਨ? ਲੋਕ ਕੀ ਕਹਿੰਦੇ ਹਨ ਕਿ ਜੀ ਵੈਟ ਘਟਾ ਦਿਓ। ਇਸ ਤੇ ਬੜਾ ਵੱਡਾ ਭਾਸ਼ਣ ਕੀਤਾ ਸੀ ਮਗਰ ਵੈਟ ਨਹੀਂ ਘਟਾਉਂਦੇ। ਇਹ ਕਹਿੰਦੇ ਹਨ ਕਿ ਜੀ ਦਿੱਲੀ ਚੱਲੋ, ਵੈਟ ਘਟਾਵਾਂਗੇ। ਮਗਰ ਪੰਜਾਬ ਦੇ ਵਿੱਚ ਡੀਜ਼ਲ ਤੇ ਵੈਟ ਦੀ ਗੱਲ ਨਾ ਕਰੋ। ਇਸੇ ਤਰ੍ਹਾਂ ਇਲੈਕਟ੍ਰੀਸਿਟੀ ਡਿਊਟੀ, ਆਪ ਖਜ਼ਾਨਾ ਮੰਤਰੀ ਜੀ ਕਹਿੰਦੇ ਹਨ ਕਿ ਸਾਲ 2016-17

ਵਿੱਚ ਇਸ ਤੋਂ ਕੇਵਲ ਤੇ ਕੇਵਲ 1993 ਕਰੋੜ ਰੁਪਿਆ ਆਉਂਦਾ ਸੀ, ਹੁਣ 3 ਹਜ਼ਾਰ 26 ਕਰੋੜ ਰੁਪਿਆ ਆਉਣਾ ਸ਼ੁਰੂ ਹੋ ਗਿਆ। ਮਤਲਬ ਕਿ ਲੋਕਾਂ ਨੂੰ ਜਿਹੜੀ ਬਿਜਲੀ ਪੰਜ ਰੁਪਏ ਮਿਲਦੀ ਸੀ, ਅੱਜ ਉਸ ਨੂੰ 10 ਰੁਪਏ ਕਰ ਦਿੱਤਾ ਹੈ। ਬਿਜਲੀ ਦਾ ਰੇਟ ਵਧਾ ਦਿੱਤਾ, ਬਿਜਲੀ ਦਾ ਬੋਝ ਪਾ ਦਿੱਤਾ। ਲੋਕਾਂ ਨੂੰ ਕੋਈ ਰਾਹਤ ਨਹੀਂ ਦਿੱਤੀ।

**ਮਾਨਯੋਗ ਸਪੀਕਰ :** ਚਲੋ, ਕਨਕਲੂਡ ਕਰ ਲਓ। ਕਨਕਲੂਡ ਕਰ ਲਓ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਬਸ ਦੋ ਮਿੰਟ ਜੀ। ਸਰ, ਬੁੱਧ ਰਾਮ ਜੀ ਨੇ ਥੋੜ੍ਹੀ ਜਿਹੀ ਗੱਲ ਕੀਤੀ। ਆਹ ਮੇਰੇ ਵੀਰ ਉਸ ਦੀ ਗੱਲ ਤੇ ਤਾਂ ਨਹੀਂ ਆਉਂਦੇ। ਕੋਰੋਨਾ ਕਾਲ ਵਿੱਚ ਇਨ੍ਹਾਂ ਨੇ ਸ਼ਰਾਬ ਮਾਫੀਆ, ਰੇਤ ਮਾਫੀਆ ਦੇ ਤਿੰਨ ਸੌ ਕਰੋੜ ਰੁਪਏ ਮੁਆਫ ਕਰ ਦਿੱਤੇ। ਲੇਕਿਨ ਉਸ ਦਾ ਹਾਲ ਅੱਜ ਇਹ ਹੈ ਕਿ ਸਟੇਟ ਦੇ ਆਲ ਟੈਕਸਿਸ ਦੀ ਗਰੋਥ ਅੱਜ ਸਿਰਫ 11% ਹੈ ਜਦਕਿ ਹਰਿਆਣੇ ਵਿੱਚ ਇਹ 26%, ਰਾਜਸਥਾਨ ਦੇ ਵਿੱਚ 50%, ਗੁਜਰਾਤ ਦੇ ਵਿੱਚ 50% ਔਰ ਉੜੀਸਾ ਦੇ ਵਿੱਚ 44% ਹੈ।

**ਮਾਨਯੋਗ ਸਪੀਕਰ :** ਚਲੋ, ਕਨਕਲੂਡ ਕਰ ਲਓ। ਕਨਕਲੂਡ ਕਰ ਲਓ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਕਨਕਲੂਡ ਹੀ ਕਰ ਰਿਹਾ ਹਾਂ ਜੀ। ਸਰ, ਮਿਲੀਭੁਗਤ ਦੀ ਗੱਲ ਵੇਖ ਲਓ। ਇੱਕ ਪਾਸੇ ਤਾਂ ਤੁਸੀਂ ਦਿੱਲੀ ਨੂੰ ਕੋਸੀ ਜਾਂਦੇ ਹੋ ਤੇ ਦੂਜੇ ਪਾਸੇ ਤੁਸੀਂ ਪੈਟਰੋਲ ਤੇ ਡੀਜ਼ਲ ਦਾ ਵੈਟ ਨਹੀਂ ਘਟਾਉਂਦੇ। (ਵਿਘਨ) ਇੱਕ ਪਾਸੇ ਤੁਸੀਂ ਕਹਿੰਦੇ ਹੋ ਕਿ ਦਿੱਲੀ ਬੜੀ ਮਾੜੀ ਹੈ। ਜਦੋਂ ਇਨ੍ਹਾਂ ਨੂੰ ਦਿੱਲੀ ਤੋਂ 8 ਹਜ਼ਾਰ ਕਰੋੜ ਰੁਪਏ ਦਾ ਲੋਨ ਮਿਲ ਗਿਆ ਤਾਂ ਉਦੋਂ ਬੜੇ ਖੁਸ਼ ਹੋ ਜਾਂਦੇ ਹਨ। ਭਾਵੇਂ ਪੈਣਾ ਇਹ ਤੁਹਾਡੇ ਅਕਾਊਂਟ ਵਿੱਚ ਹੀ ਹੈ। ਉਨ੍ਹਾਂ ਨੇ ਇੰਟਰਸਟ ਪੇਅ ਕਰ ਦੇਣਾ ਹੈ ਜਾਂ ਪ੍ਰਿੰਸੀਪਲ ਪੇਅ ਕਰ ਦੇਣਾ ਹੈ ਪਰੰਤੂ ਇਹ ਖਾਤੇ ਤੁਹਾਡੇ ਵਿੱਚ ਹੀ ਖੜ੍ਹਾ ਰਹਿਣਾ ਹੈ। ਇਸੇ ਤਰ੍ਹਾਂ ਸਪੀਕਰ ਸਾਹਿਬ, ਡੈਵੋਲਿਊਸ਼ਨ ਆਫ ਫੰਡ ਦੀ ਗੱਲ ਆਈ। ਇਹ ਆਪ ਤਾਂ ਕਹਿੰਦੇ ਹਨ ਕਿ ਇਹ 1.57 ਤੋਂ ਵਧ ਗਿਆ ਹੈ। ਜਦੋਂ ਉੱਥੋਂ ਪੈਸੇ ਵੱਧ ਆਉਂਦੇ ਹਨ ਤਾਂ ਦਿੱਲੀ ਚੰਗਾ ਹੈ ਤੇ ਜੇ ਤੁਹਾਨੂੰਸੂਟ ਨਹੀਂ ਕਰਦਾ ਤਾਂ ਉਦੋਂ ਦਿੱਲੀ ਨੂੰ ਮਾੜਾ ਕਹਿ ਕੇ ਲੋਕਾਂ ਨੂੰ ਵਰਗਲਾ ਦਿਓ। (ਵਿਘਨ) ਸਪੀਕਰ ਸਾਹਿਬ, ਮੈਂ ਦੋ ਮਿੰਟ ਵਿੱਚ ਆਪਣੀ ਗੱਲ ਖਤਮ ਕਰ ਰਿਹਾ ਹਾਂ ਜੀ। ਸਪੀਕਰ ਸਾਹਿਬ, ਇਕੱਲਾ ਨਾਅਰੇ ਬਦਲਣ ਨਾਲ ਪੰਜਾਬ ਦੇ ਕਿਸਾਨਾਂ ਦੇ ਹਾਲਾਤ ਨਹੀਂ ਬਦਲ ਜਾਣੇ। ਪਹਿਲਾਂ ਨਾਅਰਾ ਸੀ, ਖੁਸ਼ਹਾਲ ਕਿਸਾਨ, ਪ੍ਰਗਤੀਸ਼ੀਲ ਨੌਜਵਾਨ। ਇਸ ਨੂੰ ਅਗਲੇ ਸਾਲ ਫੇਰ ਕਹਿ ਦਿੱਤਾ ਕਿ ਖੁਸ਼ਹਾਲ

ਕਿਸਾਨ, ਪ੍ਰਗਤੀਸ਼ੀਲ ਨੌਜਵਾਨ। ਐਤਕੀਂ ਕਹਿ ਦਿੱਤਾ ਕਿ ਖੁਸ਼ਹਾਲ ਕਿਸਾਨ, ਕਾਮਯਾਬ ਪੰਜਾਬ। ਔਰ ਪੰਜਾਬ ਦੇ ਅੱਗੇ ਕੀ? ਅੱਗੇ ਕੰਮ ਖੋਖਲਾ ਹੈ। ਜਿਹੜੀ ਇਨ੍ਹਾਂ ਨੇ ਡਾਕਟਰ ਬਾਬਾ ਸਾਹਿਬ ਦੇ ਨਾਂ ਤੇ ਸਕਾਲਰਸ਼ਿਪ ਚਲਾਉਣੀ ਸੀ, ਉਸ ਤੇ ਵੀ ਠੱਗੀ ਕਰ ਗਏ। ਜਿਹੜਾ ਕਰਜ਼ਾ ਮੁਆਫੀ ਸੀ, ਉਸ ਤੇ ਵੀ ਠੱਗੀ। ਹਰ ਗੱਲ ਤੇ ਠੱਗੀ ਠੋਰੀ ਮਾਰ ਕੇ ਅੱਜ ਡਾਇਵਰਸੀਫਿਕੇਸ਼ਨ ਦੀ ਗੱਲ ਕਹਿੰਦੇ ਹਨ। ਅੱਜ ਕਹਿੰਦੇ ਹਨ ਕਿ ਸ਼ੂਗਰਕੇਨ ਵਾਸਤੇ 300 ਕਰੋੜ ਰੁਪਿਆ ਰੱਖ ਲਿਆ ਤੇ ਇਸ ਦਾ ਬਕਾਇਆ ਕਿੰਨਾ ਹੈ? ਉਹ 818 ਕਰੋੜ ਹੈ। ਇਸ ਵਿੱਚ 385 ਕਰੋੜ ਰੁਪਿਆ ਕੇਵਲ ਤੇ ਕੇਵਲ ਸਰਕਾਰੀ ਮਿੱਲਾਂ ਦਾ ਹੈ ਔਰ ਰੇਟ ਸਭ ਤੋਂ ਘੱਟ ਹਨ। ਰੇਟ ਜਿਹੜੇ ਹਨ, ਉਹ ਹਰਿਆਣੇ, ਯੂ.ਪੀ. ਵਿੱਚ ਸ਼ੂਗਰਕੇਨ ਦਾ 310 ਰੁਪਏ ਰੇਟ ਹੈ। ਇਸ ਸਾਲ ਤਾਂ ਫੈਸਲਾ ਵੀ ਨਹੀਂ ਕੀਤਾ। ਕਿਸਾਨ ਨੂੰ ਇੱਕ ਏਕੜ ਪਿੱਛੇ 11 ਹਜ਼ਾਰ ਰੁਪਏ ਦੀ ਮਾਰ ਪੈ ਰਹੀ ਹੈ ਕਿਉਂਕਿ ਇਨ੍ਹਾਂ ਦੀਆਂ ਪਾਲਿਸੀਆਂ ਗਲਤ ਹਨ।

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, ਸਿੱਧੂ ਸਾਹਿਬ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ** ** ਚੰਨੀ ਸਾਹਿਬ ਖੜ੍ਹੇ ਹਨ, ਇਨ੍ਹਾਂ ਦੀ ਗੱਲ ਸੁਣ ਲਵੋ ਮਾੜੀ ਜੀ ।(ਹਾਸਾ)

**ਮਾਨਯੋਗ ਸਪੀਕਰ**: ਹਾਂ ਜੀ, ਚੰਨੀ ਜੀ, ਤੁਸੀਂ ਬੋਲੋ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਸਪੀਕਰ ਸਾਹਿਬ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਸੀਂ ਤਾਂ ਆਰ .ਐਸ.ਐਸ. ਨੂੰ ਕਦੇ ਵੀ ਚੰਗਾ ਕਿਹਾ ਹੀ ਨਹੀਂ। ਉਹ ਕਦੇ ਪੰਜਾਬ ਦੀ ਹੋ ਹੀ ਨਹੀਂ ਸਕਦੀ। ਕੀ ਇਹ 10 ਸਾਲ ਗਲਤੀ ਕਰਦੇ ਰਹੇ ਮੁਆਫੀ ਮੰਗਣ ਤੋਂ। ਇਨ੍ਹਾਂ ਨੂੰ ਦਿੱਲੀ ਕਿਵੇਂ ਚੰਗੀ ਲੱਗ ਰਹੀ ਹੈ। ਅੱਜ ਨਹੀਂ 20-25 ਸਾਲਾਂ ਤੋਂ ਇਹ ਕਹਿੰਦੇ ਹਨ ਕਿ ਆਰ .ਐਸ.ਐਸ., ਬੀ.ਜੇ.ਪੀ. ਸਾਡੀ ਭਾਈਵਾਲ ਹੈ। (ਵਿਘਨ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਸ਼ੋਰ ਸੀ।)

**ਮਾਨਯੋਗ ਸਪੀਕਰ** : ਮਜੀਠੀਆ ਜੀ ਕਨਕਲੂਡ ਕਰੋ। ਤੁਸੀਂ ਕਨਕਲੂਡ ਕਰੋ, ਟਾਈਮ ਹੋ ਗਿਆ ਹੈ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਪੀਕਰ ਸਾਹਿਬ, ਮੈਂ ਇੰਨਾ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਕਿਸਾਨੀ ਦੇ ਕਾਨੂੰਨ ਪਾਸ ਹੋਏ, ਜਿਹੜੇ ਕਿ ਪੰਜਾਬ ਮਾਰੂ ਹਨ, ਕਿਸਾਨੀ ਮਾਰੂ ਹਨ, ਉਦੋਂ ਇਨ੍ਹਾਂ ਨੂੰ ਉਹ ਚੰਗੇ ਲੱਗਦੇ ਸੀ। ਉਦੋਂ ਇਨ੍ਹਾਂ ਨੇ ਨਾਲ ਹੋ ਕੇ ਉਹ ਕਾਨੂੰਨ ਪਾਸ ਕਰਵਾਏ। ਉਦੋਂ ਬੀਬਾ ਜੀ ਉਨ੍ਹਾਂ ਦੀ ਕੈਬਨਿਟ ਦੇ ਮੈਂਬਰ ਸਨ। ਉਦੋਂ ** ਜੀ ਨੇ ਕਿਹਾ ਕਿ ਇਸ ਤੋਂ ਵਧੀਆ ਕਾਨੂੰਨ ਨਹੀਂ ਹੋ ਸਕਦਾ। ਇਨ੍ਹਾਂ ਨੂੰ ਮੰਨਣਾ ਚਾਹੀਦਾ ਹੈ। ਜਦੋਂ ਸਾਰਾ ਕੁੱਝ ਗੁਆ ਦਿੱਤਾ , ਜਦੋਂ ਇਨ੍ਹਾਂ ਨੇ ਸਾਰੇ ਪੰਜਾਬ ਨੂੰ ਭੱਠੀ ਵਿੱਚ ਝੋਕ ਦਿੱਤਾ , ਜਦ ਸਾਰਾ ਪੰਜਾਬ ਵੇਚ ਦਿੱਤਾ ਉਸ ਤੋਂ ਬਾਅਦ ਕਹਿੰਦੇ ਜੀ ਕਿ ਅਸੀਂ ਤਾਂ ਆਪਣਾ ਅਸਤੀਫਾ ਦੇ ਕੇ ਆਪਣੀ ਚੀਚੀ ਉਂਗਲੀ ਕਟਾ ਦਿੱਤੀ। (ਵਿਘਨ) ਹੁਣ ਜਦੋਂ ਪੰਜਾਬ ਦੇ ਲੋਕ ** ਲੱਗ ਗਏ, ਉਦੋਂ ਇਨ੍ਹਾਂ ਨੇ ਆ ਕੇ ਕਿਹਾ ਕਿ ਅਸੀਂ ਅਸਤੀਫਾ ਦੇ ਦਿੱਤਾ। ਅਸਤੀਫਾ ਇਨ੍ਹਾਂ ਨੇ ਨਹੀਂ ਦਿੱਤਾ, ਪੰਜਾਬ ਦੇ ਲੋਕਾਂ ਨੇ ** ** ਇਨ੍ਹਾਂ ਤੋਂ ਅਸਤੀਫਾ ਲਿਆ ਹੈ। ਅੱਜ ਫਿਰ ਇਹ ਉਨ੍ਹਾਂ ਨੂੰ ਚੰਗੇ ਕਹਿੰਦੇ ਹਨ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ, ਇਨ੍ਹਾਂ ਨੇ ** ਬਾਰੇ ਕਿਹਾ ਹੈ, ਇਹ ਐਕਸਪੰਜ ਕਰਵਾ ਦਿਉ ਜੀ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ**: ਤੁਸੀਂ ਕਨਕਲੂਡ ਕਰੋ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਅਸੀਂ ਤਾਂ ਆਰ.ਐਸ.ਐਸ. ਨੂੰ ਕਦੇ ਚੰਗਾ ਕਹਿ ਹੀ ਨਹੀਂ ਸਕਦੇ। ਆਰ.ਐਸ.ਐਸ. ਪੰਜਾਬ ਦੀ ਦੁਸ਼ਮਣ ਜਮਾਤ ਹੈ। ਇਨ੍ਹਾਂ ਨੇ ਪੰਜਾਬ ਵਿੱਚ ਆਰ.ਐਸ.ਐਸ. ਨੂੰ ਵਾੜਿਆ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ** ਸ਼ਬਦ ਐਕਸਪੰਜ ਕਰਵਾਉਣ ਲਈ ਕਹਿ ਰਹੇ ਸਨ।)

---

** Expunged as ordered by the Chair/Hon'ble Speaker.

** Expunged as ordered by the Chair.

**ਮਾਨਯੋਗ ਸਪੀਕਰ**: ਮੈਂ ਅਗਲੇ ਬੰਦੇ ਨੂੰ ਬੁਲਾਉਣ ਲੱਗਿਆ ਹਾਂ ਜੀ ਬੋਲੋ। (ਸ਼ੋਰ) ਤੁਸੀਂ ਬੈਠ ਜਾਵੋ , ਤੁਸੀਂ ਬੈਠ ਜਾਵੋ। (ਵਿਘਨ) ਤੁਸੀਂ ਬੈਠ ਜਾਵੋ, ਤੁਸੀਂ ਬੈਠ ਜਾਵੋ, ਤੁਸੀਂ ਬੈਠ ਜਾਵੋ। ਕਨਕਲੂਡ ਕਰੋ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ**: ਸਪੀਕਰ ਸਾਹਿਬ, ਮੈਂ last ਗੱਲ ਕਰਨੀ ਹੈ.. (ਵਿਘਨ)

**ਮਾਨਯੋਗ ਸਪੀਕਰ**: ਕਨਕਲੂਡ ਕਰੋ ਜੀ।** ਸ਼ਬਦ ਐਕਸਪੰਜ ਹੋਣਗੇ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸਪੀਕਰ ਸਾਹਿਬ, ਮੈਂ ਅਖੀਰ ਵਿੱਚ ਜਿਹੜੇ ਕੱਲ ਸਾਡੇ ਇੰਪਲਾਇਜ਼ ਭਾਈਚਾਰੇ ਨੇ ਮੰਗ ਕੀਤੀ ਸੀ ਕਿ ਦਿੱਲੀ ਸੈਂਟਰਲ ਪੇਅ-ਕਮਿਸ਼ਨ ਰੱਦ ਹੋਵੇ, ਪੰਜਾਬ ਪੇਅ-ਕਮਿਸ਼ਨ ਲਾਗੂ ਹੋਵੇ, ਮੈਂ ਉਸ ਮੰਗ ਨੂੰ ਦੁਹਰਾਉਂਦਾ ਹਾਂ। ਉਨ੍ਹਾਂ ਦੇ ਬਕਾਏ ਉਨ੍ਹਾਂ ਦੇ ਡੀ.ਏ. ਹਜ਼ਾਰਾਂ ਕਰੋੜ ਰੁਪਿਆ ਜਿਹੜਾ ਇਹ ਦੱਬੀ ਬੈਠੇ ਹਨ , ਉਹ ਉਨ੍ਹਾਂ ਨੂੰ ਜਾਰੀ ਕਰਨ ਅਤੇ ਜਿਹੜਾ ਪੇਅ ਕਮਿਸ਼ਨ ਹੈ, ਡੀ.ਏ.ਜਾਰੀ ਕਰਨ ਤੋਂ ਬਾਅਦ ਉਸ ਬੇਸ ਨੂੰ ਮੰਨਦਿਆਂ ਹੋਇਆਂ ਜਿਹੜੀ ਉਨ੍ਹਾਂ ਦੀ ਚਿੱਠੀ ਆਈ ਹੈ, ਮੈਂ ਉਸ ਨੂੰ ਸਬਮਿੱਟ ਵੀ ਕਰ ਦਿਆਂਗਾ।

**ਮਾਨਯੋਗ ਸਪੀਕਰ:** ਹਾਂ ਜੀ, ਸਰਦਾਰ ਹਰਦਿਆਲ ਸਿੰਘ ਕੰਬੋਜ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਚਲੋ, ਮੈਂ last ਗੱਲ ਕਹਿ ਰਿਹਾਂ ਹਾਂ ਜੀ। ਸਪੀਕਰ ਸਾਹਿਬ, ਮੈਂ ਕਨਕਲੂਡ ਕਰ ਰਿਹਾ ਹਾਂ ਜੀ।

**ਮਾਨਯੋਗ ਸਪੀਕਰ:** ਬੈਠ ਜਾਵੋ, ਬੈਠ ਜਾਵੋ।

**ਸਰਦਾਰ ਬਿਕਰਮ ਸਿੰਘ ਮਜੀਠੀਆ**: ਸਪੀਕਰ ਸਾਹਿਬ, last word, last word. ਸਪੀਕਰ ਸਾਹਿਬ ਅੱਜ ਜੇ ਮੈਂ ਖੜ੍ਹਾ ਹੋਇਆ ਹਾਂ ਤਾਂ ਇਸ ਖੋਖਲੇ ਬਜਟ ਦੇ ਖਿਲਾਫ ਖੜ੍ਹਾ ਹੋਇਆ ਹਾਂ। ਔਰ ਅਖੀਰਲੀ ਗੱਲ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਾਰੇ ਬੁੜਕਣ ਲਗਾ ਦਿੱਤੇ।

ਸੁਨਾ ਹੈ ਕਿ ਉਸਕੀ ਬਾਤੋਂ ਮੇਂ ਸ਼ੋਰ ਬੜਾ ਹੈ
ਅੰਦਾਜ਼ੇ ਬਿਆਂ ਮੇਂ ਭੀ ਜ਼ੋਰ ਬੜਾ ਹੈ
ਲੋਕ ਵਾਕਿਫ ਹੈਂ ਉਸਕੀ ਫਿਤਰਤ ਸੇ
ਕਿ ਵੋ ਧੋਖੇਬਾਜ਼ ਬੜਾ ਹੈ ਵੋ ਚੋਰ ਬੜਾ ਹੈ

**ਮਾਨਯੋਗ ਸਪੀਕਰ:** ਹਾਂ ਜੀ, ਸਰਦਾਰ ਹਰਦਿਆਲ ਸਿੰਘ ਕੰਬੋਜ।

**ਸਰਦਾਰ ਹਰਦਿਆਲ ਸਿੰਘ ਕੰਬੋਜ:** ਸਪੀਕਰ ਸਾਹਿਬ, ਮੈਂ

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

**ਮਾਨਯੋਗ ਸਪੀਕਰ:** ਕੰਬੋਜ ਸਾਹਿਬ ਨੂੰ ਬੋਲ ਲੈਣ ਦਿਓ, ਕੰਬੋਜ ਸਾਹਿਬ ਨੂੰ ਬੋਲ ਲੈਣ ਦਿਓ।

(ਇਸ ਸਮੇਂ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਆਪਣੀ ਸੀਟ ਉਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਨਯੋਗ ਸਪੀਕਰ**: ਚੰਨੀ ਜੀ ਹੁਣ ਤੁਸੀਂ ਵਾਰੀ-ਵਾਰੀ ਹਰ ਵਾਰ ਖੜ੍ਹੇ ਹੋਵੋਗੇ? ਬੈਠ ਜਾਵੋ ਹੁਣ। ਚਲੋ ਦੱਸੋ ਕੀ ਕਹਿੰਦੇ ਹੋ?

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਪੀਕਰ ਸਾਹਿਬ, ਇੱਕ ਬੰਦਾ ਇੱਕ ਰੇਲ ਗੱਡੀ ਆ ਰਹੀ ਹੈ ਉਸ ਦੇ ਮੂਹਰੇ ਖੜ੍ਹ ਕੇ ਕਹਿੰਦਾ ਹੈ ਜੀ ਮੈਂ ਰੇਲ ਗੱਡੀ ਨੂੰ ਰੋਕਾਂਗਾ। ਰੇਲ ਗੱਡੀ ਨੇ ਬੜੀਆਂ ਸੀਟੀਆਂ ਮਾਰੀਆਂ ਕਿ ਪਿੱਛੇ ਹੋ ਜਾ। ਜਦ ਰੇਲ ਗੱਡੀ ਬਿਲਕੁਲ ਨੇੜੇ ਆ ਗਈ ਤਾਂ ਉਹ ਬੰਦਾ ਛਾਲ ਮਾਰ ਕੇ ਪਾਸੇ ਹੋ ਗਿਆ। ਉਸ ਨੂੰ ਕਿਹਾ ਕਿ ਕੀ ਹੋ ਗਿਆ ਰੋਕੀ ਕਿਉਂ ਨਹੀਂ ਹੁਣ। ਉਹ ਕਹਿੰਦਾ ਚੀਕਾਂ ਤਾਂ ਕਢਾ ਦਿੱਤੀਆਂ। (ਹਾਸਾ) ਗੱਲ ਇਹ ਹੈ ਸਰ, ਕਿ ਇਨ੍ਹਾਂ ਕੋਲ ਜਿਹੜੀ ਸਾਡੀ ਵਿਕਾਸ ਦੀ ਰੇਲ ਗੱਡੀ ਆ ਰਹੀ ਹੈ ਉਸ ਨੂੰ ਰੋਕਣ ਵਾਸਤੇ ਇਨ੍ਹਾਂ ਕੋਲ ਕੋਈ ਤਰੀਕਾ ਨਹੀਂ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਤੇ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਕੰਬੋਜ ਸਾਹਿਬ, ਕੰਬੋਜ ਸਾਹਿਬ।

*01.04 ਬਾਅਦ ਦੁਪਹਿਰ) **(*** **ਇਸ ਸਮੇਂ ਮਾਨਯੋਗ ਡਿਪਟੀ ਸਪੀਕਰ** ਨੇ **ਸਦਨ ਦੀ ਕੁਰਸੀ** ਸੰਭਾਲੀ।)

**ਸਰਦਾਰ ਹਰਦਿਆਲ ਸਿੰਘ ਕੰਬੋਜ (ਰਾਜਪੁਰਾ):** ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਹੀ ਧੰਨਵਾਦ ਕਰਦਾ ਹਾਂ। (ਵਿਘਨ)

(ਇਸ ਸਮੇਂ ਆਪੋਜ਼ੀਸ਼ਨ ਬੈਂਚਿਜ਼ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਡਿਪਟੀ ਸਪੀਕਰ:** ਤੁਸੀਂ ਬੈਠ ਜਾਵੋ, ਬੈਠ ਜਾਵੋ। ਚੀਮਾ ਜੀ ਬੈਠ ਜਾਵੋ। ਹਾਂ ਜੀ ਹਰਦਿਆਲ ਜੀ, carry on. ਚੀਮਾ ਜੀ ਪਲੀਜ਼ ਬੈਠ ਜਾਓ। ਪਲੀਜ਼ ਬੈਠ ਜਾਓ, ਬੈਠ ਜਾਓ, ਬੈਠ ਜਾਓ। ਚਲੋ ਕੈਰੀ ਆਨ। ਕੈਰੀ ਆਨ ਹਰਦਿਆਲ ਸਿੰਘ ਜੀ। ਬੈਠ ਜਾਓ ਬੈਠ ਜਾਓ। ਚੀਮਾ ਜੀ ਬੈਠ ਜਾਓ। ਹਾਂ ਜੀ ਚੀਮਾ ਜੀ ਕੈਰੀ ਆਨ। ਪਲੀਜ਼ ਪਲੀਜ਼ ਸੁਣ ਤਾਂ ਲਓ। ਆਪ ਹੀ ਰ "ਲਾ ਪਾਈ ਜਾਂਦੇ ਹੋ। ਰੰਧਾਵਾ ਜੀ ਸੁਣ ਤਾਂ ਲਓ। ਤੁਹਾਡੇ ਕੋਲ ਦਸ ਮਿੰਟ ਹਨ । ਹਰਦਿਆਲ ਜੀ, ਤੁਸੀਂ 15 ਮਿੰਟ ਤੋਂ ਵੱਧ ਨਹੀਂ ਬੋਲਣਾ। 01.05 ਹੋ ਗਏ ਹਨ, 01.20 ਤੇ ਤੁਹਾਡਾ ਟਾਈਮ ਹੋ ਜਾਵੇਗਾ।

**ਸਰਦਾਰ ਹਰਦਿਆਲ ਸਿੰਘ ਕੰਬੋਜ**: ਧੰਨਵਾਦ ਜੀ, 15 ਮਿੰਟ ਦਿੱਤੇ। ਬਹੁਤ ਹਨ ਜੀ।

**ਮਾਨਯੋਗ ਡਿਪਟੀ ਸਪੀਕਰ**: ਕੈਰੀ ਆਨ, ਕੈਰੀ ਆਨ।

**ਸਰਦਾਰ ਹਰਦਿਆਲ ਸਿੰਘ ਕੰਬੋਜ** : ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਪੰਜਾਬ ਦੇ ਬਹੁਤ ਹੀ ਸੂਝਵਾਨ, ਪੜ੍ਹੇ ਲਿਖੇ ਅਤੇ ਵੱਡੀ ਸੋਚ ਦੇ ਮਾਲਕ ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਨੇ ਜੋ ਸਾਲ 2020-21 ਦਾ ਬਜਟ ਪੇਸ਼ ਕੀਤਾ। (ਵਿਘਨ.... ਸ਼ੋਰ)

**ਮਾਨਯੋਗ ਡਿਪਟੀ ਸਪੀਕਰ** : ਪਲੀਜ਼ ਸੁਣੋ ਜੀ। ਪਲੀਜ਼ ਮਾਨਯੋਗ ਮੈਂਬਰ ਸਾਹਿਬਾਨ, ਹਾਊਸ ਦਾ ਡੈਕੋਰਮ ਕਾਈਂਡਲੀ ਮੈਨਟੇਨ ਕਰੋ।

**ਸਰਦਾਰ ਹਰਦਿਆਲ ਸਿੰਘ ਕੰਬੋਜ** : ਡਿਪਟੀ ਸਪੀਕਰ ਸਾਹਿਬ, ਕੋਵਿਡ 19 ਦੀ ਮਹਾਂਮਾਰੀ ਨੇ ਪਿਛਲੇ ਇੱਕ ਵਰ੍ਹੇ ਤੋਂ ਪੂਰੇ ਸੰਸਾਰ ਦੇ ਅੰਦਰ ਅਤੇ ਪੰਜਾਬ ਦੇ ਅੰਦਰ ਬਹੁਤ ਵੱਡਾ ਨੁਕਸਾਨ ਕੀਤਾ। ਪੰਜਾਬ ਦੇ ਸਾਰੇ ਕਾਰੋਬਾਰ ਠੱਪ ਹੋਏ, ਦਫ਼ਤਰ ਬੰਦ ਰੱਖੇ ਗਏ।

**ਸਰਦਾਰ ਕੁਲਤਾਰ ਸਿੰਘ ਸੰਧਵਾਂ**: ** **.

**Mr. Deputy Speaker:** No point of order.

**ਸਰਦਾਰ ਹਰਦਿਆਲ ਸਿੰਘ ਕੰਬੋਜ** : ਪਿਛਲੇ ਇੱਕ ਵਰ੍ਹੇ ਤੋਂ ਸਾਰੇ ਦਫ਼ਤਰ ਬੰਦ ਰਹੇ ਹਨ , ਕਾਰੋਬਾਰ ਠੱਪ ਹੋਏ ਹਨ ਅਤੇ ਬਹੁਤ ਵੱਡਾ ਵਿੱਤੀ ਨੁਕਸਾਨ ਸਰਕਾਰ ਨੂੰ ਅਤੇ ਹਰ ਇੱਕ ਬੰਦੇ ਨੂੰ ਝੇਲਨਾ ਪਿਆ ਹੈ। ਪਰ ਇਸ ਦੇ ਬਾਵਜੂਦ ਅਸੀਂ ਧੰਨਵਾਦ ਕਰਦੇ ਹਾਂ ਮਾਨਯੋਗ ਕੈਪਟਨ ਅਮਰਿੰਦਰ ਸਿੰਘ , ਮੁੱਖ ਮੰਤਰੀ ਪੰਜਾਬ ਜੀ ਦਾ , ਜਿਨ੍ਹਾਂ ਨੇ ਪੰਜਾਬ ਨੂੰ ਇੰਨਾ ਵਿੱਤੀ ਸੰਕਟ ਹੋਣ ਦੇ ਬਾਵਜੂਦ ਬਹੁਤ ਵੱਡੀਆਂ ਵਿਕਾਸ ਦੀਆਂ ਲੀਹਾਂ ਵੱਲ ਤੋਰਿਆ । ਮਾਨਯੋਗ ਡਿਪਟੀ ਸਪੀਕਰ ਸਾਹਿਬ , ਜੋ ਕੱਲ੍ਹ ਫਾਈਨਾਂਸ ਮਨਿਸਟਰ ਸਾਹਿਬ ਨੇ ਬਜਟ ਪੇਸ਼ ਕੀਤਾ, ਮੈਂ ਸੋਚਦਾ ਹਾਂ ਕਿ ਜਿਹੜੇ ਸਾਡੇ ਸਾਥੀ ਬਿਨ੍ਹਾਂ ਵਜ੍ਹਾ ਤੋਂ ਰ "ਲਾ ਪਾਉਂਦੇ ਹਨ, ਉਨ੍ਹਾਂ ਨੂੰ ਆ ਕੇ ਸਰਬਸੰਮਤੀ ਦੇ ਨਾਲ ਖਜਾਨਾ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੀਦਾ ਸੀ ਕਿਉਂਕਿ ਅੱਜ ਉਹ 29 ਲੱਖ ਬਜ਼ੁਰਗਾਂ, ਹੈਂਡੀਕੈਪਡ, ਵਿਡੋਜ਼, ਓਲਡ ਏਜਡ ਦੇ ਲੋਕ, ਪੰਜਾਬ ਦੇ 29 ਲੱਖ ਲੋਕ ਜਿਨ੍ਹਾਂ ਦੀ ਪੈਨਸ਼ਨ ਦੇ ਵਿੱਚ ਵਾਧਾ ਕੀਤਾ ਗਿਆ, 750 ਰੁਪਏ ਤੋਂ ਵਧਾ ਕੇ 1500 ਰੁਪਏ ਕੀਤੇ ਗਏ, ਉਸ ਦੇ ਲਈ ਮੈਂ ਨਿੱਜੀ ਤੌਰ ਤੇ ਮਾਨਯੋਗ ਖ ਜ਼ਾਨਾ ਮੰਤਰੀ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਪਿਛਲੇ ਸਮੇਂ ਤੋਂ ਜਿਹੜੀਆਂ ਸਰਕਾਰਾਂ ਇਹ ਸ਼ਗਨ ਸਕੀਮ , ਜਿਸ ਨੂੰ ਅਸੀਂ ਆਸ਼ੀਰਵਾਦ ਸਕੀਮ ਕਹਿੰਦੇ ਹਾਂ, ਪਿੰਡਾਂ ਦੇ ਵਿੱਚ ਜਾ ਜਾ ਕੇ ਬੜੀਆਂ ਅਨਾਊਂਸਮੈਂਟਾਂ ਕਰਿਆ ਕਰਦੇ ਸਨ ਕਿ ਮਾਮੇ ਬਣ ਕੇ ਆਵਾਂਗੇ ਅਤੇ ਜਿਹੜਾ ਸ਼ਗਨ ਹੈ ਉਹ ਤੁਹਾਨੂੰ ਦੇ ਕੇ ਜਾਵਾਂਗੇ ਪਰ ਨਾ ਸ਼ਗਨ ਗਿਆ ਨਾ ਮਾਮੇ ਗਏ ਅਤੇ ਉਹ ਲੜਕੀਆਂ ਜਿਹੜੀਆਂ ਵਿਆਹੀਆਂ ਗਈਆਂ ਸੀ, ਉਨ੍ਹਾਂ ਦੇ ਦੋ ਦੋ, ਤਿੰਨ ਤਿੰਨ ਬੱਚੇ ਵੀ ਪੈਦਾ ਹੋ ਗਏ ਪਰ ਕਿਸੇ ਨੇ ਕਿਸੇ ਨੂੰ ਸ਼ਗਨ ਨਹੀਂ ਦਿੱਤਾ। ਪਰ ਐਫ.ਐਮ.ਸਾਹਿਬ ਜੀ ਦਾ ਧੰਨਵਾਦ ਹੈ ਕਿ ਜਿਨ੍ਹਾਂ ਨੇ ਉਨ੍ਹਾਂ ਗਰੀਬਾਂ ਦੇ ਬਾਰੇ ਸੋਚਿਆ ਅਤੇ ਇਹ ਰਾਸ਼ੀ 21000/- ਰੁਪਏ ਤੋਂ ਵਧਾ ਕੇ

51000/- ਰੁਪਏ ਕੀਤੀ ਹੈ, ਉਸ ਲਈ ਵੀ ਐਮ.ਐਫ.ਸਾਹਿਬ ਦਾ ਬਹੁਤ ਬਹੁਤ ਧੰਨਵਾਦ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਕੱਲ੍ਹ ਇੰਟਰਨੈਸ਼ਨ ਵੂਮੈਨ ਡੇਅ ਸੀ, ਮੈਂ ਇਹ ਸੋਚਦਾ ਹਾਂ ਕਿ ਪੰਜਾਬ ਦਾ ਜਿਹੜਾ ਬਜਟ ਹੈ, ਉਹ ਜੋ ਇਸ ਪਵਿੱਤਰ ਸਦਨ ਵਿਚ ਪੇਸ਼ ਕੀਤਾ ਗਿਆ, ਇਹ ਉਨ੍ਹਾਂ ਮਹਿਲਾਵਾਂ ਨੂੰ ਸਮਰਪਿਤ ਹੈ, ਇਨ੍ਹਾਂ ਦੇ ਬਾਰੇ ਕਦੇ ਕਿਸੇ ਨੇ ਨਹੀਂ ਸੋਚਿਆ ਕਿ ਇਨ੍ਹਾਂ ਦੀ ਵੀ ਕੋਈ ਗੱਲ ਸੁਣੀ ਜਾਵੇ ਪਰ ਇਹ ਪਹਿਲੀ ਵਾਰੀ ਹੋਇਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਜੀ ਅਗਵਾਈ ਥੱਲੇ ਸਾਡੇ ਮਾਨਯੋਗ ਖਜਾਨਾ ਮੰਤਰੀ ਸਾਹਿਬ ਜੀ ਨੇ ਕੁੱਲ ਜਿੰਨੀਆਂ ਵੀ ਸਾਡੀਆਂ ਔਰਤਾਂ ਹਨ ਉਨ੍ਹਾਂ ਲਈ ਅਤੇ ਜਿਹੜੇ ਸਾਡੇ ਪੜ੍ਹਾਈ ਕਰਨ ਵਾਲੇ ਬੱਚੇ ਸੀ ਉਨ੍ਹਾਂ ਸਾਰਿਆਂ ਲਈ ਬੱਸ ਸਫਰ ਫਰੀ ਕੀਤਾ ਹੈ, ਇਹ ਇੱਕ ਇਤਿਹਾਸਕ ਕਦਮ ਚੁੱਕਿਆ ਗਿਆ ਹੈ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਕਹਿਣ ਦਾ ਮਤਲਬ ਹੈ ਕਿ ਇਸ ਤਰ੍ਹਾਂ ਕਰਕੇ ਇਹ ਐਫ.ਐਮ.ਸਾਹਿਬ ਵੱਲੋਂ ਔਰਤ ਜਾਤੀ ਨੂੰ ਬਹੁਤ ਵੱਡਾ ਸਨਮਾਨ ਕੱਲ੍ਹ ਦਿੱਤਾ ਗਿਆ ਹੈ ।ਸੋ, ਇਸੇ ਤਰੀਕੇ ਦੇ ਨਾਲ ਪਿਛੇ ਜਦੋਂ ਸਰਕਾਰ ਬਣੀ ਸੀ ਤਾਂ 5,64000 ਕਿਸਾਨਾਂ ਦੇ 5000 ਕਰੋੜ ਰੁਪਏ ਦੇ ਕਰਜ਼ੇ ਮਾਫ ਕੀਤੇ, ਜਿਸ ਨਾਲ ਪੰਜਾਬ ਦੀ ਕਿਸਾਨੀ ਨੂੰ ਬਹੁਤ ਵੱਡੀ ਰਾਹਤ ਮਿਲੀ ਤਾਂ ਹੁਣ ਇਸ ਬਜਟ ਦੇ ਵਿਚ ਵੀ ਅਸੀਂ ਜੋ ਮੰਗ ਕਰਿਆ ਕਰਦੇ ਸੀ ਕਿ ਜਿਹੜੇ ਬੇਜ਼ਮੀਨੇ ਕਿਰਤੀ ਲੋਕ ਹਨ, ਉਨ੍ਹਾਂ ਦੇ ਕਰਜ਼ੇ ਵੀ ਮਾਫ ਕੀਤੇ ਜਾਣ। ਸੋ, ਐਫ.ਐਮ.ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਿ ਜਿਨ੍ਹਾਂ ਨੇ 562 ਕਰੋੜ ਰੁਪਿਆ ਉਨ੍ਹਾਂ ਗਰੀਬਾਂ ਦਾ, ਕਿਸੇ ਨੇ ਕੋਈ ਛੋਟੀ ਦੁਕਾਨ ਖੋਲ੍ਹੀ ਹੋਈ ਸੀ, ਕਿਸੇ ਨੇ ਚਾਰ ਪੰਜ ਹਜ਼ਾਰ ਰੁਪਏ ਦਾ ਲੋਨ ਲੈ ਕੇ ਸਾਈਕਲਾਂ ਦੀ ਦੁਕਾਨ ਕੀਤੀ ਸੀ, ਕਿਸੇ ਨੇ ਕਰਿਆਨੇ ਦੀ ਦੁਕਾਨ ਕੀਤੀ ਸੀ, ਪਰ ਉਨ੍ਹਾਂ ਦਾ ਪਹਿਲੀ ਵਾਰੀ ਹੋਇਆ ਹੈ ਕਿ ਇਸ ਬਜਟ ਦੇ ਵਿਚ ਉਨ੍ਹਾਂ ਦੇ ਸਾਰੇ ਦੇ ਸਾਰੇ ਕਰਜ਼ਿਆਂ ਉਤੇ ਲੀਕ ਮਾਰੀ ਗਈ ਹੈ, ਇਸ ਲਈ ਵੀ ਮੈਂ ਨਿੱਜੀ ਤੌਰ ਤੇ ਐਫ.ਐਮ.ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਸਭ ਤੋਂ ਵੱਡੀ ਗੱਲ ਪੇਅ ਕਮਿਸ਼ਨ ਜਿਹੜਾ 1 ਜੁਲਾਈ, 2021 ਤੋਂ ਦੇਣ ਦਾ ਫੈਸਲਾ ਕੀਤਾ ਹੈ, ਪੰਜਾਬ ਦੇ ਜਿਹੜੇ ਸਾਡੇ ਮੁਲਾਜ਼ਮ ਭਰਾ ਹਨ ਉਨ੍ਹਾਂ ਲਈ 9000 ਕਰੋੜ ਰੁਪਿਆ ਇਸ ਬਜਟ ਵਿਚ ਰੱਖਿਆ ਹੈ ਤਾਂ ਇਹ ਵੀ ਬਹੁਤ ਵੱਡਾ ਉਚਾ ਕਦਮ ਹੈ ਪਰ ਐਫ.ਐਮ.ਸਾਹਿਬ ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਇੱਕ ਮੁਲਾਜਮਾਂ ਲਈ ਜਿਹੜਾ ਪਰਖਕਾਲ ਦਾ ਸਮਾਂ ਹੈ ਉਹ ਤਿੰਨ ਸਾਲ ਦਾ ਹੈ ਜੇ ਆਪਾਂ ਉਸ ਨੂੰ ਦੋ ਸਾਲ ਦਾ ਕਰ ਦੇਈਏ ਤਾਂ ਉਸ ਦਾ ਇਨ੍ਹਾਂ ਨੂੰ ਬਹੁਤ ਜ਼ਿਆਦਾ ਫਾਇਦਾ ਹੋ ਸਕਦਾ ਹੈ। ਸੋ, ਇਹ ਜਿਹੜੀਆਂ ਬਜਟ

ਦੀਆਂ ਤਜਵੀਜ਼ਾਂ ਹਨ, ਇਨ੍ਹਾਂ ਬਾਰੇ ਮੈਂ ਕਹਿ ਸਕਦਾ ਹਾਂ ਕਿ ਕੁੱਲ ਮਿਲ ਮਿਲਾ ਕੇ ਬਹੁਤ ਵੱਡੀਆਂ ਰਿਆਇਤਾਂ ਪੰਜਾਬ ਦੇ ਲੋਕਾਂ ਨੂੰ ਇਸ ਬਜਟ ਦੇ ਵਿੱਚ ਦਿੱਤੀਆਂ ਗਈਆਂ ਹਨ।

ਮੈਂ ਆਪਣੇ ਹਲਕੇ ਦੇ ਕੰਮਾਂ ਕਾਰਾਂ ਬਾਰੇ ਵੀ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜਦੋਂ ਤੋਂ ਪੰਜਾਬ ਦੇ ਅੰਦਰ ਕਾਂਗਰਸ ਪਾਰਟੀ ਦੀ ਸਰਕਾਰ ਬਣੀ ਹੈ, ਮੇਰਾ ਹਲਕਾ ਰਾਜਪੁਰਾ ਹੈ ਜਿਸ ਨੂੰ gate way of Punjab ਕਿਹਾ ਜਾਂਦਾ ਹੈ, ਪੰਜਾਬ ਦਾ ਪਹਿਲਾ ਸ਼ਹਿਰ ਹੈ ਪਰੰਤੂ ਵਿਕਾਸ ਦੇ ਪੱਖੋਂ ਪਿਛਲੀਆਂ ਸਰਕਾਰਾਂ ਦੇ ਟਾਈਮ ਬਹੁਤ ਜ਼ਿਆਦਾ ਇਗਨੋਰ ਕੀਤਾ ਗਿਆ। ਪਰ ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਬਹੁਤ ਵੱਡੇ ਵਿਕਾਸ ਦੇ ਕੰਮ ਮੇਰੇ ਹਲਕੇ ਦੇ ਅੰਦਰ ਕਰਵਾਏ ਹਨ, ਇੱਕ ਬਨੂੜ ਕੈਨਾਲ ਦਾ ਬਹੁਤ ਵੱਡਾ ਪ੍ਰਾਜੈਕਟ ਜਿਹੜਾ ਸਾਨੂੰ ਜ਼ਰੂਰਤ ਸੀ, ਘੱਗਰ ਦੇ ਉਤੇ ਬੀਅਰ ਬੰਨ੍ਹ ਲਗਾ ਕੇ 148 ਕਰੋੜ ਰੁਪਿਆ ਲਗਾ ਕੇ ਉਹ ਨਹਿਰ ਬਣਾ ਕੇ ਦਿੱਤੀ ਹੈ, ਜਿਸ ਨਾਲ ਸਾਡੇ 50-60 ਪਿੰਡਾਂ ਨੂੰ ਪਾਣੀ ਮਿਲਣਾ ਸ਼ੁਰੂ ਹੋ ਗਿਆ ਹੈ, ਉਸ ਲਈ ਬਹੁਤ ਬਹੁਤ ਧੰਨਵਾਦ। ਇਸ ਦੇ ਨਾਲ ਹੀ ਐਫ.ਟੀ.ਡੀ.ਆਈ. ਦਾ ਇੱਕ ਬਹੁਤ ਵੱਡਾ ਪ੍ਰਾਜੈਕਟ ਜਿਹੜਾ ਬਨੂੜ ਵਿਖੇ ਲਿਆ ਕੇ ਦਿੱਤਾ, ਜਿਸ ਉਤੇ 155 ਕਰੋੜ ਰੁਪਿਆ ਲੱਗਿਆ, ਉਥੋ ਦੂਰੋਂ ਪੰਜਾਬ ਦੇ ਇਲਾਕੇ ਦੇ ਜਿਹੜੇ ਬੱਚੇ ਹਨ ਉਹ ਉਸ ਵਿਚ ਵਧੀਆ ਸਿੱਖਿਆ ਲੈ ਕੇ ਡਿਗਰੀਆਂ ਹਾਸਲ ਕਰਨ ਵਿਚ ਲੱਗੇ ਹਨ । ਸੋ, ਇਸ ਦੇ ਨਾਲ ਇੱਕ ਬਹੁਤ ਵੱਡਾ ਪੀਣ ਵਾਲੇ ਪਾਣੀ ਦਾ ਪ੍ਰਾਜੈਕਟ ਕਿਉਂਕਿ ਸਾਡਾ ਜਿਹੜਾ ਪਾਣੀ ਹੈ ਉਹ ਬਹੁਤ ਜ਼ਿਆਦਾ ਡੂੰਘਾ ਚਲਿਆ ਗਿਆ ਹੈ, 1100-1100, 1200-1200 ਫੁੱਟ ਦੇ ਉਤੇ ਪੀਣ ਵਾਲੇ ਪਾਣੀ ਦੇ ਟਿਊਬਵੈੱਲ ਲਗਦੇ ਹਨ ਫਿਰ ਵੀ ਪੀਣ ਵਾਲਾ ਸਾਫ ਪਾਣੀ ਨਹੀਂ ਮਿਲਦਾ। ਸੋ, ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ 122 ਕਰੋੜ ਰੁਪਿਆ ਲਗਾ ਕੇ ਰਾਜਪੁਰੇ ਦੇ ਪਿੰਡਾਂ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਦਿੱਤਾ ਹੈ। BML ਤੋਂ ਪਾਣੀ ਚੁੱਕ ਕੇ, ਟ੍ਰੀਟ ਕਰਕੇ ਦਿੱਤਾ ਜਾਵੇਗਾ। ਪੂਰੇ ਇਲਾਕੇ ਵਿੱਚ ਜਿਹੜੇ ਕੈਂਸਰ ਵਰਗੇ ਭਿਆਨਕ ਰੋਗ ਫੈਲਦੇ ਸੀ, ਉਨ੍ਹਾਂ ਨੂੰ ਰੋਕਣ ਵਿੱਚ ਬਹੁਤ ਵੱਡੀ ਕਾਮਯਾਬੀ ਮਿਲੇਗੀ।

ਇਸ ਤੋਂ ਅੱਗੇ, ਐਫ.ਐਮ ਸਾਹਿਬ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਭਾਵੇਂ ਤੁਸੀਂ ਬਜਟ ਬਹੁਤ ਵਧੀਆ ਪੇਸ਼ ਕੀਤਾ ਹੈ ਪਰ ਪਤਾ ਨਹੀਂ ਸਾਡੇ ਨਾਲ ਕੀ ਨਰਾਜ਼ਗੀ ਹੈ, ਇਸ ਬਜਟ ਵਿੱਚ ਤੁਸੀਂ ਪਟਿਆਲੇ ਵਾਲਿਆਂ ਨੂੰ ਨਿਰਾਸ਼ ਕੀਤਾ ਹੈ। ਚਾਹੇ ਉਹ ਸਾਡਾ ਹਲਕਾ ਸ਼ੁਤਰਾਣਾ ਹੋਵੇ, ਘਨੌਰ ਹੋਵੇ, ਨਾਭਾ ਹੋਵੇ, ਚਾਹੇ ਰਾਜਪੁਰਾ ਹੋਵੇ ਜਾਂ ਡੇਰਾਬਸੀ ਹੋਵੇ। ਤੁਸੀਂ ਇਸ ਬਜਟ ਵਿੱਚ ਕੋਈ

ਵੀ ਵੱਡਾ ਪ੍ਰਾਜੈਕਟ ਸਾਡੇ ਪਾਰਲੀਮੈਂਟਰੀ ਹਲਕੇ ਵਿੱਚ ਦੇਣ ਦੀ ਕੋਸ਼ਿਸ਼ ਨਹੀਂ ਕੀਤੀ। ਮੈਂ ਪਿਛਲੀ ਵਾਰ ਵੀ ਤੁਹਾਡੇ ਤੋਂ ਮੰਗ ਕੀਤੀ ਕਿ ਸਾਡੇ ਇਲਾਕੇ ਵਿੱਚ ਥਰਮਲ ਕੈਨਾਲ ਆਉਂਦੀ ਹੈ, ਜਿਸ ਨਾਲ ਥਰਮਲ ਪਲਾਂਟ ਨੂੰ ਪਾਣੀ ਸਪਲਾਈ ਹੁੰਦਾ ਹੈ। ਉਸ ਵਿਚੋਂ 25 ਕਿਊਸਿਕ ਪਾਣੀ ਬਚਦਾ ਹੈ। ਸਿਰਫ ਸਾਢੇ 8 ਕਰੋੜ ਦਾ ਪ੍ਰਾਜੈਕਟ ਹੈ, ਜੇਕਰ ਤੁਸੀਂ ਇਸ ਬਜਟ ਵਿੱਚ ਸਾਢੇ 8 ਕਰੋੜ ਰੁਪਿਆ ਰੱਖਿਆ ਹੁੰਦਾ ਤਾਂ ਸਾਡੇ ਘੱਟੋ ਘੱਟ 35-40 ਪਿੰਡਾਂ ਨੂੰ ਪਾਣੀ ਮਿਲ ਸਕਣਾ ਸੀ।

ਡਿਪਟੀ ਸਪੀਕਰ ਸਾਹਿਬ, ਰਾਜਪੁਰਾ ਸ਼ਹਿਰ ਦਾ ਸੀਵਰੇਜ 1978 ਵਿੱਚ ਪਿਆ ਸੀ ਪਰ ਹੁਣ ਉਸ ਸ਼ਹਿਰ ਦੀ ਪਾਪੂਲੇਸ਼ਨ ਅੱਗੋਂ ਨਾਲੋਂ ਇਨਕ੍ਰੀਜ਼ ਹੋ ਗਈ ਹੈ। ਐਫ.ਐਮ ਸਾਹਿਬ, ਮੈਂ ਤੁਹਾਡੇ ਤੋਂ ਮੰਗ ਕੀਤੀ ਸੀ ਕਿ ਸਾਡੀ ਜ਼ਰੂਰਤ ਹੈ। ਰਾਜਪੁਰਾ ਅਤੇ ਘਨੌਰ, ਦੋ ਕਾਂਸਟੀਚੁਐਂਸੀਜ਼ ਵਿੱਚ ਇਹ ਸ਼ਹਿਰ ਪੈਂਦਾ ਹੈ। ਸ਼੍ਰੀ ਮਦਨ ਲਾਲ ਜਲਾਲਪੁਰ ਜੀ ਬੈਠੇ ਹਨ, ਇਨ੍ਹਾਂ ਦੇ ਤਿੰਨ ਵਾਰਡ ਰਾਜਪੁਰਾ ਸ਼ਹਿਰ ਅੰਦਰ ਪੈਂਦੇ ਹਨ। ਜਿਹੜੀਆਂ ਆਊਟਰ ਕਲੋਨੀਆਂ ਹਨ, ਉਨ੍ਹਾਂ ਵਿੱਚ ਜਿਹੜੇ ਲੋਕ ਵਸੇ ਹੋਏ ਹਨ, ਉਨ੍ਹਾਂ ਨੂੰ ਸੀਵਰ ਦੀ ਸਹੂਲਤ ਨਹੀਂ ਮਿਲਦੀ। ਕਿਰਪਾ ਕਰਕੇ ਜੇਕਰ ਤੁਸੀਂ ਇਸ ਬਜਟ ਵਿੱਚ ਸਾਡੀ ਮਦਦ ਕਰੋ ਤਾਂ ਅਸੀਂ ਸੀਵਰੇਜ ਟੋਟਲ ਸ਼ਹਿਰ ਵਿੱਚ ਪਾਉਣ ਵਿੱਚ ਕਾਮਯਾਬ ਹੋਵਾਂਗੇ।

ਐਫ.ਐਮ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਬਨੂੜ ਰਾਜਪੁਰਾ ਹਲਕੇ ਦਾ ਪਾਰਟ ਹੈ। ਉਥੇ ਸਬ ਤਹਿਸੀਲ ਬਣੀ ਸੀ ਪਰੰਤੂ ਉਸ ਦਾ ਦਫਤਰ ਨਹੀਂ ਹੈ। ਉਹ ਮਾਰਕੀਟ ਕਮੇਟੀ ਦੇ ਦਫਤਰ ਵਿੱਚ ਬੈਠ ਕੇ ਕੰਮ ਚਲਾਉਂਦੇ ਹਨ ਜਿਸ ਦੀ ਬਿਲਡਿੰਗ ਬਹੁਤ ਛੋਟੀ ਹੈ। ਅਸੀਂ ਬਿਲਡਿੰਗ ਵਾਸਤੇ ਜ਼ਮੀਨ ਵੀ ਦੇਣ ਨੂੰ ਤਿਆਰ ਹਾਂ ਪਰੰਤੂ ਜਦੋਂ ਤੁਸੀਂ ਬਜਟ ਤੇ ਸਪੀਚ ਦੇਣੀ ਹੈ ਤਾਂ ਉਸ ਬਿਲਡਿੰਗ ਦੀ ਉਸਾਰੀ ਵਾਸਤੇ ਦੋ ਕਰੋੜ ਰੁਪਏ ਦੀ ਮਦਦ ਕੀਤੀ ਜਾਵੇ। ਸਿੱਧੂ ਸਾਹਿਬ (ਸਰਦਾਰ ਬਲਬੀਰ ਸਿੰਘ ਸਿੱਧੂ) ਬੈਠੇ ਹਨ। ਜਿਹੜਾ ਬਨੂੜ ਦਾ ਹਲਕਾ ਹੈ, ਉਸ ਨੂੰ ਅਪਗ੍ਰੇਡ ਕਰਕੇ 24 ਘੰਟੇ ਦੀਆਂ ਐਮਰਜੈਂਸੀ ਸੇਵਾਵਾਂ ਦਿੱਤੀਆਂ ਜਾਣ। ਬਨੂੜ ਵਿੱਚ ਹੀ ਪੀਣ ਵਾਲੇ ਪਾਣੀ ਦੇ ਤਿੰਨ ਟਿਊਬਵੈੱਲਾਂ ਦੀ ਜ਼ਰੂਰਤ ਹੈ, ਇਸ ਮਾਮਲੇ ਵਿੱਚ ਵੀ ਸਾਡੀ ਮਦਦ ਕੀਤੀ ਜਾਵੇ। ਮੈਂ ਜਿਹੜੀ ਬਨੂੜ ਕੈਨਾਲ ਦੀ ਗੱਲ ਕਰਕੇ ਗਿਆ ਹਾਂ, I am very thankful to you ਕਿ ਤੁਸੀਂ ਸਾਡੀ ਇਸ ਵਿੱਚ ਮਦਦ ਕੀਤੀ ਹੈ ਪਰੰਤੂ ਉਸ ਦਾ ਕੰਮ ਹਾਲੇ ਅਧੂਰਾ ਪਿਆ ਹੈ। ਟੇਲ ਤੱਕ ਪਾਣੀ ਨਹੀਂ ਜਾਂਦਾ, ਜਿਸ ਕਾਰਨ ਘਨੌਰ ਦੇ ਪਿੰਡ ਪਾਣੀ ਤੋਂ ਵਾਂਝੇ ਰਹਿ ਜਾਂਦੇ ਹਨ। ਕਿਰਪਾ ਕਰਕੇ ਬਨੂੜ ਕੈਨਾਲ ਦਾ ਕੰਮ ਕੰਪਲੀਟ ਕਰਵਾਇਆ ਜਾਵੇ।

ਡਿਪਟੀ ਸਪੀਕਰ ਸਾਹਿਬ, ਮੈਨੂੰ ਰਾਜਨੀਤੀ ਵਿੱਚ ਘੱਟੋ ਘੱਟ 32 ਸਾਲ ਹੋ ਗਏ ਹਨ ਅਤੇ ਹਰ ਵਰ੍ਹੇ ਅਸੀਂ ਪਹਿਲਾਂ ਸੁਣਿਆ ਕਰਦੇ ਸੀ ਅਤੇ ਪਿਛਲੇ 9 ਵਰ੍ਹਿਆਂ ਤੋਂ ਇਸ ਪਵਿੱਤਰ ਸਦਨ ਵਿੱਚ ਆ ਕੇ ਵੱਖ ਵੱਖ ਸਰਕਾਰਾਂ ਦੇ ਬਜਟ ਦੇਖ ਰਹੇ ਹਾਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਾਨਯੋਗ ਖਜ਼ਾਨਾ ਮੰਤਰੀ ਸਾਹਿਬ ਨੇ ਜਿਹੜਾ ਇਹ ਬਜਟ ਪੇਸ਼ ਕੀਤਾ ਹੈ, ਮੈਂ ਬਜਟ ਦੀ ਬਹੁਤ ਜ਼ਿਆਦਾ ਤਾਰੀਫ ਕਰਦਾ ਹਾਂ, ਇਹ ਬਜਟ ਲੋਕ ਹਿੱਤ ਵਿੱਚ ਹੈ। ਮੈਂ ਚਾਹਾਂਗਾ ਕਿ ਪੂਰਾ ਹਾਊਸ ਇਸ ਨੂੰ ਸਰਵਸੰਮਤੀ ਨਾਲ ਪਾਸ ਕਰਕੇ ਇਸ ਦੀ ਸ਼ਲਾਘਾ ਕਰੇ।(ਥੰਪਿੰਗ) ਡਿਪਟੀ ਸਪੀਕਰ ਸਾਹਿਬ, ਸਮਾਂ ਦੇਣ ਲਈ ਆਪ ਜੀ ਦਾ ਬਹੁਤ ਬਹੁਤ ਧੰਨਵਾਦ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ (ਲਹਿਰਾ):** ਮਾਨਯੋਗ ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਮੁਆਫੀ ਵੀ ਚਾਹੁੰਦਾ ਹਾਂ ਕਿ ਮੈਂ ਕੱਲ੍ਹ ਜਦੋਂ ਬਜਟ ਪੇਸ਼ ਹੋਇਆ, ਮੈਂ ਹਾਜ਼ਰ ਨਹੀਂ ਹੋ ਸਕਿਆ। ਮੈਂ ਸ਼ਾਮ ਨੂੰ ਜਦੋਂ ਬਜਟ ਪੜ੍ਹ ਰਿਹਾ ਸੀ ਤਾਂ ਮੈਂ ਸੱਚੀ ਗੱਲ ਦੱਸਦਾ ਹਾਂ ਕਿ ਮੈਨੂੰ ਬਹੁਤ ਨਿਰਾਸ਼ਤਾ ਹੋਈ। ਮੈਂ ਸਾਡੇ ਮਾਨਯੋਗ ਫਾਈਨਾਂਸ ਮਨਿਸਟਰ ਸਾਹਿਬ ਦੀਆਂ ਇੰਟੈਂਸ਼ਨਜ਼ ਜਾਂ ਕੰਪੀਟੈਂਸ 'ਤੇ ਡਾਊਟ ਨਹੀਂ ਕਰਦਾ ਪਰ ਮੈਨੂੰ ਇਹ ਸਮਝ ਨਹੀਂ ਆ ਰਹੀ ਕਿ ਕੀ ਮਜਬੂਰੀ ਸੀ ਕਿ ਜੋ ਕੁਝ ਵਿੱਤ ਮੰਤਰੀ ਜੀ ਹੁਣ ਤੱਕ ਭਾਵ ਪਿਛਲੇ ਚਾਰ ਸਾਲਾਂ ਵਿੱਚ ਕਹਿੰਦੇ ਰਹੇ ਹਨ, ਇਸ ਬਜਟ ਵਿੱਚ ਉਸ ਦੇ ਬਿਲਕੁਲ adversely opposite ਕੀਤਾ ਹੈ। He has done exactly opposite of what he had been preaching during the last four years. ਜੋ ਵੀ ਸੂਬੇ ਦੇ ਫਿਸਕਲ ਇੰਡੀਕੇਟਰਜ਼ ਸੀ, ਆਖਿਰ ਵਿੱਚ ਇਕਾਨਮੀ ਸਿਰਫ ਐਲਾਨ ਕਰਨ ਜਾਂ ਕਹਿਣ ਨਾਲ ਵਧੀਆ ਨਹੀਂ ਹੁੰਦੀ। ਬਲਕਿ ਜਿਹੜੇ ਕੁਝ ਫਿਸਕਲ ਇੰਡੀਕੇਟਰਜ਼ ਹੁੰਦੇ ਹਨ, ਉਹ ਦਰਸਾਉਂਦੇ ਹਨ ਕਿ ਇਕਾਨਮੀ ਕਿਧਰ ਨੂੰ ਜਾ ਰਹੀ ਹੈ। ਪਰ ਅੱਜ ਸਾਰੇ ਫਿਸਕਲ ਇੰਡੀਕੇਟਰਜ਼ ਨੂੰ ਪੜ੍ਹ ਲਵੋ, ਦੇਖ ਲਵੋ ਤਾਂ ਇੱਕੋ ਹੀ ਨਤੀਜੇ ਤੇ ਤੁਸੀਂ ਆਵੋਗੇ ਕਿ ਪੰਜਾਬ ਦੀ ਇਕਾਨਮੀ ਇਸ ਤੋਂ ਅਨਸਟੇਬਲ ਕਦੇ ਨਹੀਂ ਹੋਈ। ਜਿਹੜੇ ਸਟੇਟ ਦੇ ਫਾਈਨਾਂਸਿਜ਼ ਹਨ, ਉਹ ਇਸ ਤੋਂ ਮਾੜੇ ਕਦੇ ਵੀ ਨਹੀਂ ਸੀ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਸਾਰੀਆਂ ਗੱਲਾਂ ਵਿਸਥਾਰ ਵਿੱਚ ਦੱਸਣੀਆਂ ਚਾਹੁੰਦਾ ਹਾਂ। ਖਾਸ ਤੌਰ ਤੇ ਸਾਰੇ ਮੈਂਬਰ ਸਾਹਿਬਾਨਾਂ ਨੇ ਐਲਾਨਾਂ ਦੀ ਗੱਲ ਕੀਤੀ ਹੈ, ਕਿਸੇ ਨੇ ਪੱਖ ਵਿੱਚ ਕੀਤੀ ਹੈ ਤੇ ਕਿਸੇ ਨੇ ਵਾਅਦੇ ਗਿਣਾਏ ਹਨ ਕਿ ਤੁਸੀਂ ਇਹ-ਇਹ ਵਾਅਦੇ ਕੀਤੇ ਸੀ ਪਰ ਪੂਰੇ ਨਹੀਂ ਕੀਤੇ। ਮੈਂ ਉਸ ਦੇ ਵਿੱਚ ਜ਼ਿਆਦਾ ਸਮਾਂ ਨਹੀਂ ਲਗਾਵਾਂਗਾ ਕਿਉਂਕਿ ਮੈਨੂੰ ਬੜਾ ਸੀਮਤ ਸਮਾਂ ਮਿਲਣਾ

ਹੈ। ਮੈਂ ਜੋ ਫਿਸਕਲ ਇੰਡੀਕੇਟਰਜ਼ ਹਨ, ਉਨ੍ਹਾਂ ਉਤੇ ਜ਼ਰੂਰ ਤੁਹਾਡਾ ਧਿਆਨ ਦਿਵਾਉਣਾ ਚਾਹਾਂਗਾ। ਸਭ ਤੋਂ ਪਹਿਲਾਂ ਤਾਂ debt ਹੈ ਕਿ ਸਾਡੇ ਤੇ ਕਰਜ਼ਾ ਕਿੰਨਾ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ 2 ਲੱਖ 73000 ਕਰੋੜ ਰੁਪਏ ਦੇ ਕਰਜ਼ੇ ਬਾਰੇ ਅੱਜ ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਖੁਦ ਮੰਨਿਆ ਹੈ ਕਿ ਅਗਲੇ ਸਾਲ ਦੇ ਅਖੀਰ ਤੱਕ ਕਰਜ਼ਾ ਇੰਨਾ ਹੋ ਜਾਵੇਗਾ। ਮੇਰਾ ਮੰਨਣਾ ਇਹ ਹੈ ਕਿ ਅਸਲ ਕਰਜ਼ਾ ਇਸ ਤੋਂ ਕਿਤੇ ਜ਼ਿਆਦਾ ਹੋਵੇਗਾ। ਜਿਹੜੀ ਸੀ.ਏ.ਜੀ. ਦੀ ਰਿਪੋਰਟ ਆਈ ਹੈ, ਉਹ ਵੀ ਕਿਤੇ ਨਾ ਕਿਤੇ ਇੱਧਰ ਹੀ ਇਸ਼ਾਰਾ ਕਰਦੀ ਹੈ ਕਿ 3 ਲੱਖ ਕਰੋੜ ਰੁਪਏ ਦੇ ਕਰੀਬ ਪੰਜਾਬ ਦਾ ਕਰਜ਼ਾ ਪਹੁੰਚ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਇਸ ਤੋਂ ਵੀ ਹੈਰਾਨੀ ਦੀ ਗੱਲ ਹੈ, ਤੁਸੀਂ ਖੁਦ ਦੇਖ ਲਵੋ। ਸਰਕਾਰ ਦਾ ਇਹ ਡਾਕੂਮੈਂਟ ਹੈ, ਬਜਟ ਸਪੀਚ ਦੇ ਲਾਸਟ ਵਿੱਚ 'Budget at a glance' ਵਿੱਚ ਇਨ੍ਹਾਂ ਨੇ ਖੁਦ ਦੱਸਿਆ ਹੈ ਕਿ ਪਿਛਲੇ ਸਾਲ ਤੇ ਇਸ ਸਾਲ ਨੂੰ ਮਿਲਾ ਕੇ ਸਰਕਾਰ ਨੇ 80,000 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਪਿਛਲਾ ਸਾਲ ਤੇ ਇਸ ਸਾਲ ਨੂੰ ਮਿਲ ਕੇ, ਅਜੇ ਪਿਛਲੇ ਸਾਲ 44,167 ਕਰੋੜ ਰੁਪਿਆ ਸਰਕਾਰ ਕਰਜ਼ਾ ਲੈ ਚੁੱਕੀ ਹੈ, ਇਸ ਸਾਲ 37,336 ਕਰੋੜ ਰੁਪਏ ਦੇ ਕਰਜ਼ੇ ਦੀ ਤਾਂ ਸਰਕਾਰ ਦੀ ਪ੍ਰੋਵੀਜ਼ਨ ਹੈ। ਮੈਨੂੰ ਲਗਦਾ ਹੈ ਕਿ ਜੇ ਇਨ੍ਹਾਂ ਨੂੰ ਮੌਕਾ ਮਿਲ ਗਿਆ, ਇਜਾਜ਼ਤ ਮਿਲ ਗਈ ਤਾਂ ਇਹ ਇਸ ਤੋਂ ਵੀ ਵੱਧ ਕਰਜ਼ਾ ਲੈ ਜਾਣਗੇ। ਫਿਰ ਇਹ ਸੂਬੇ ਨੂੰ ਕਿਧਰ ਨੂੰ ਲਿਜਾ ਰਹੇ ਹਨ? ਤੁਸੀਂ ਖੁਦ ਅੰਦਾਜ਼ਾ ਲਗਾਉ। ਇਹ ਬੜੀ ਚਿੰਤਾ ਦਾ ਆਲਮ ਹੈ। ਜਿਹੜੇ ਸਾਡੇ ਫਾਈਨਾਂਸ ਮਨਿਸਟਰ ਸਾਹਿਬ ਫਿਸਕਲ ਡਿਸਿਪਲਿਨ ਦੀ ਗੱਲ ਕਰਦੇ ਸੀ। ਉਨ੍ਹਾਂ ਨੇ ਚਾਰ ਸਾਲ ਤੱਕ ਇਹ ਹੀ ਜ਼ੋਰ ਲਗਾਇਆ ਕਿ ਅਸੀਂ ਫਿਸਕਲ ਡਿਸਿਪਲਿਨ ਲੈ ਕੇ ਆਉਣਾ ਹੈ। ਅੱਜ ਉਹ ਸਾਰਾ ਫਿਸਕਲ ਡਿਸਿਪਲਿਨ ਚੁੱਕ ਕੇ ਬਾਹਰ ਮਾਰਿਆ ਹੈ। ਇਨ੍ਹਾਂ ਨੇ ਸੂਬੇ ਨੂੰ ਆਰਥਿਕ ਮੰਦਹਾਲੀ ਵੱਲ ਧੱਕਣ ਲਈ ਪੂਰਾ ਜ਼ੋਰ ਲਗਾ ਦਿੱਤਾ ਹੈ।

ਡਿਪਟੀ ਸਪੀਕਰ ਸਾਹਿਬ, ਦੂਜਾ ਪੁਆਇੰਟ ਹੈ ਕਿ Debt to GSDP 45% ਹੋ ਜਾਵੇਗੀ। ਇਹ ਪਿਛਲੇ 20 ਸਾਲਾਂ ਵਿੱਚ ਪਹਿਲਾਂ ਇੰਨੀ ਕਦੇ ਨਹੀਂ ਹੋਈ ਜਿਹੜੀ ਕਿ ਇਸ ਸਾਲ ਹੋਵੇਗੀ। ਤੁਸੀਂ ਪਿਛਲੇ 20 ਸਾਲਾਂ ਵੱਲ ਨਿਗ੍ਹਾ ਮਾਰ ਲਵੋ। ਇਹ ਪਿਛਲੇ ਸਾਰੇ ਰਿਕਾਰਡ ਤੋੜ ਦੇਵੇਗੀ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਰੈਵੇਨਿਊ ਡੈਫੇਸਿਟ ਬਾਰੇ ਗੱਲ ਕਰਦਾ ਹਾਂ। ਮਾਨਯੋਗ ਫਾਈਨਾਂਸ ਮਨਿਸਟਰ ਸਾਹਿਬ ਨੇ ਪਹਿਲੇ ਦੋ-ਤਿੰਨ ਬਜਟ ਵਿੱਚ ਕਿਹਾ ਹੈ ਕਿ ਮੇਰਾ ਨਿਸ਼ਾਨਾ ਇਹ ਹੈ ਕਿ ਰੈਵੇਨਿਊ ਡੈਫੇਸਿਟ ਜ਼ੀਰੋ ਪਰਸੈਂਟ ਕਰਨਾ ਹੈ ਤੇ ਮੇਰਾ ਇੱਕੋ ਹੀ ਨਿਸ਼ਾਨਾ ਹੈ। ਮੈਂ ਆਪਣੇ ਆਖਰੀ ਬਜਟ ਵਿੱਚ ਰੈਵੇਨਿਊ ਡੈਫੇਸਿਟ ਨੂੰ ਜ਼ੀਰੋ ਪਰਸੈਂਟ ਤੇ ਲੈ ਕੇ ਆਵਾਂਗਾ। ਉਦੋਂ ਬੜੀਆਂ

ਤਾੜੀਆਂ ਮਾਰੀਆਂ ਗਈਆਂ ਸੀ ਤੇ ਮੇਜ਼ ਥਪਥਪਾਏ ਗਏ ਸੀ ਪਰ ਉਸ ਦੇ ਉਲਟ ਹਾਲਾਤ ਅੱਜ ਤੁਸੀਂ ਦੇਖ ਰਹੇ ਹੋ। ਮੈਂ ਇਨ੍ਹਾਂ ਦੇ ਦਿੱਤੇ ਅੰਕੜੇ ਹੀ ਕੋਟ ਕਰ ਰਿਹਾ ਹਾਂ, ਮੈਂ ਆਪਣੇ ਕੋਲੋਂ ਨਹੀਂ ਕਹਿ ਰਿਹਾ। ਜਿਹੜਾ ਰੈਵੇਨਿਊ ਡੈਫੇਸਿਟ ਸਾਲ 2016-17 ਵਿੱਚ 1.71% ਸੀ, ਉਹ ਸਾਲ 2017-18 ਵਿੱਚ ਵਧ ਕੇ 1.98% ਹੋ ਗਿਆ। ਚਲੋ, ਪਹਿਲੇ ਸਾਲ ਅਸੀਂ ਇਨ੍ਹਾਂ ਨੂੰ ਮੰਨ ਵੀ ਲੈਂਦੇ ਹਾਂ ਕਿ ਇਹ ਪਿਛਲੀ ਸਰਕਾਰ ਤੇ ਦੋਸ਼ ਦਿੰਦੇ ਸੀ ਪਰ ਉਸ ਤੋਂ ਬਾਅਦ ਵੱਧ ਕੇ 2.52 ਹੋ ਗਿਆ, ਫਿਰ 2.5 ਅਤੇ ਪਿਛਲੇ ਸਾਲ 3.42 ਹੋ ਗਿਆ ਹੈ। ਇਹ ਲਗਾਤਾਰ ਵੱਧ ਰਿਹਾ ਹੈ। ਜਿਹੜਾ ਇਨ੍ਹਾਂ ਨੇ ਕਿਹਾ ਸੀ ਕਿ ਘਟਾਵਾਂਗੇ ਤੇ ਜ਼ੀਰੋ ਤੇ ਲਿਆਵਾਂਗੇ, ਉਹ ਤਾਂ ਪਿਛਲੇ ਚਾਰ ਸਾਲਾਂ ਤੋਂ ਲਗਾਤਾਰ ਰੈਵੀਨਿਊ ਡੈਫੀਸਿਟ ਵੱਧ ਰਿਹਾ ਹੈ। ਇਸ ਦਾ ਇਨ੍ਹਾਂ ਕੋਲ ਕੀ ਜਵਾਬ ਹੈ? ਕੀ ਸਾਡੀ ਕਹਿਣੀ ਅਤੇ ਕਥਨੀ ਦੇ ਵਿਚ ਐਨਾ ਅੰਤਰ ਹੈ? ਖਾਸ ਤੌਰ ਤੇ ਸਾਡੇ ਯੋਗ ਫਾਈਨਾਂਸ ਮਨਿਸਟਰ, ਜਿਨ੍ਹਾਂ ਦੀ ਕਾਬਲੀਅਤ ਅਤੇ ਇੰਟੈਸ਼ਨ ਤੇ ਮੈਂ ਪਹਿਲਾਂ ਵੀ ਕਿਹਾ ਹੈ ਕਿ ਮੈਨੂੰ ਕੋਈ ਸ਼ੱਕ ਨਹੀਂ ਹੈ। ਉਨ੍ਹਾਂ ਤੋਂ ਐਸੀ ਆਸ ਨਹੀਂ ਸੀ ਕਿ ਪੰਜਾਬ ਦੇ ਅਰਥਚਾਰੇ ਦੇ ਐਸੇ ਹਾਲਾਤ ਹੋ ਜਾਣਗੇ। ਡਿਪਟੀ ਸਪੀਕਰ ਸਾਹਿਬ, ਜਿਹੜੀ ਸਾਡੀ ਇਕਨਾਮਿਕ ਗਰੋਥ ਹੈ। ਜੇ ਮੈਂ ਤੁਹਾਨੂੰ ਇਸ ਦੇ ਅੰਕੜੇ ਦੱਸਾਂ ਤਾਂ ਸਾਲ 2016-17 ਵਿਚ ਇਹ 6.87 ਫੀਸਦੀ ਸੀ, ਅਗਲੇ ਸਾਲ 6.38 ਹੋ ਗਈ ਅਤੇ 2018-19 ਵਿਚ ਫਿਰ ਘੱਟ ਕੇ 5.76 ਹੋ ਗਈ ਅਤੇ 2019-20 ਵਿਚ 3.98 ਹੋ ਗਈ। ਇਹ ਲਗਾਤਾਰ ਘੱਟ ਰਹੀ ਹੈ। ਚਲੋ ਪਿਛਲੇ ਸਾਲ ਕੋਵਿਡ ਕਰਕੇ ਇਨ੍ਹਾਂ ਨੂੰ ਰਿਲੀਫ ਵੀ ਦੇ ਦਈਏ ਤਾਂ ਵੀ ਲਗਾਤਾਰ ਸੂਬੇ ਦੀ ਇਕਨਾਮਿਕ ਗਰੋਥ ਘੱਟ ਰਹੀ ਹੈ। ਇਨ੍ਹਾਂ ਨੇ ਬਜਟ ਵਿਚ ਕੇਵਲ ਇਕ Rosy Picture ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਅਸਲ ਵਿਚ ਸੱਚਾਈ ਕਿਤੇ ਕੋਹਾਂ ਦੂਰ ਹੈ। ਮੈਂ ਆਸ ਕਰਦਾ ਹਾਂ ਕਿ ਵਿੱਤ ਮੰਤਰੀ ਜੀ ਆਪਣੇ ਜਵਾਬ ਵਿਚ ਇਸ ਬਾਰੇ ਜ਼ਰੂਰ ਦੱਸਣਗੇ। ਇਸੇ ਤਰ੍ਹਾਂ ਫਿਸਕਲ ਡੈਫੀਸਿਟ ਕਰਜ਼ੇ ਨਾਲ ਜੁੜਿਆ ਹੋਇਆ ਹੈ। ਜਿਹੜਾ ਸਾਲ 2021-22 ਵਿਚ 4 ਫੀਸਦੀ ਰਹਿਣ ਦੀ ਉਮੀਦ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਦਾ ਟਰਗੈਟ ਇਸ ਨੂੰ 2 ਫੀਸਦੀ ਤੱਕ ਲਿਆਉਣ ਦਾ ਸੀ ਪਰ ਇਹ 3 ਤੋਂ 4 ਫੀਸਦੀ ਤੱਕ ਹੈ। ਮੈਂ ਹਰ ਸਾਲ ਕਹਿੰਦਾ ਹਾਂ ਕਿ ਸਰਕਾਰ ਦੀ ਆਦਤ ਹੁੰਦੀ ਹੈ ਕਿ ਆਪਣੀ ਆਮਦਨ ਨੂੰ ਹਮੇਸ਼ਾਂ ਵਧਾ ਕੇ ਦੱਸਦੇ ਹਨ ਕਿਉਂਕਿ ਇਨ੍ਹਾਂ ਨੇ ਲੋਕ ਲੁਭਾਊ ਐਲਾਨ ਵੀ ਕਰਨੇ ਹੁੰਦੇ ਹਨ ਨਹੀਂ ਤਾਂ ਲੋਕ ਕਹਿਣਗੇ ਕਿ ਪੈਸੇ ਕਿਥੋਂ ਆਉਣਗੇ। ਸੋ, ਇਹ ਆਪਣੀ ਆਮਦਨੀ ਹਮੇਸ਼ਾਂ ਵਧਾ ਕੇ ਦਰਸਾਉਂਦੇ ਹਨ। ਮੈਨੂੰ ਦੱਸੋ ਕਿ ਚਾਰ ਸਾਲਾਂ ਵਿਚ ਕੋਈ ਸਕੀਮ ਲਾਗੂ ਹੋਈ ਹੈ? ਬਹੁਤ ਸਾਰੀਆਂ ਸਕੀਮਾਂ ਲਗਾਤਾਰ ਅਨਾਊਂਸ ਹੋ ਰਹੀਆਂ ਹਨ। ਕਈ ਸਕੀਮਾਂ ਦਾ ਤਾਂ ਇਹ ਹਾਲ ਹੈ ਕਿ ਹਰ ਸਾਲ ਅਨਾਊਂਸ ਤਾਂ ਹੁੰਦੀਆਂ ਹਨ ਪਰ ਲਾਗੂ ਨਹੀਂ ਹੁੰਦੀਆਂ। ਸਾਡੇ

ਟਰੈਜ਼ਰੀ ਬੈਂਚਿਜ਼ ਵਾਲੇ ਮਿੱਤਰ ਬੜੇ ਖੁਸ਼ ਹੋ ਕੇ ਤਾੜੀਆਂ ਮਾਰਦੇ ਹਨ ਪਰ ਇਨ੍ਹਾਂ ਵਿਚਾਰਿਆਂ ਨੂੰ ਪਤਾ ਨਹੀਂ ਹੈ ਕਿ ਇਨ੍ਹਾਂ ਸਕੀਮਾਂ ਨੇ ਲਾਗੂ ਨਹੀਂ ਹੋਣਾ, ਅਸੀਂ ਤਾਂ ਐਵੇਂ ਫੋਕੀਆਂ ਤਾੜੀਆਂ ਮਾਰ ਰਹੇ ਹਾਂ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਪਿਛਲੇ ਸਾਲ ਰੈਵੀਨਿਊ ਰਿਸੀਟਜ਼ 88 ਹਜ਼ਾਰ ਕਰੋੜ ਦੀਆਂ ਦਿਖਾਈਆਂ ਸਨ ਪਰ ਪਿਛਲੇ ਸਾਲ ਐਕਚੁਅਲੀ 72 ਹਜ਼ਾਰ ਕਰੋੜ ਦੀਆਂ ਹੋਈਆਂ। ਹੁਣ ਇਹ ਕਹਿਣਗੇ ਕਿ ਇਹ ਤਾਂ ਕੋਵਿਡ ਕਰਕੇ ਹੋਇਆ। ਪਰ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਨੇ ਜੀ.ਐਸ.ਟੀ. ਦੀ ਸਾਰੀ ਕੰਪਨਸੇਸ਼ਨ ਦੇ ਦਿੱਤੀ, ਐਕਸਾਈਜ਼ ਡਿਊਟੀ ਦੇ ਪੈਸੇ ਵੱਧ ਗਏ। ਸੋ ਕੋਵਿਡ ਦਾ ਸਾਡੇ ਫਾਇਨਾਂਸਿਜ਼ ਤੇ ਬੜਾ ਲਿਮਟਿਡ ਇਫੈਕਟ ਹੋਇਆ ਹੈ। ਜੇ ਆਪਾਂ ਕਹੀਏ ਕਿ ਕੋਵਿਡ ਨੇ ਸਟੇਟ ਫਾਈਨਾਂਸਿਜ਼ ਹਿਲਾ ਕੇ ਰੱਖ ਦਿੱਤੇ ਤਾਂ ਇਸ ਵਿਚ ਸੱਚਾਈ ਨਹੀਂ ਹੈ। ਕੇਂਦਰ ਸਰਕਾਰ ਨੇ ਤੁਹਾਡੀ ਬੌਰੋਇੰਗ ਕਪੈਸਟੀ 3 ਫੀਸਦੀ ਤੋਂ 5 ਫੀਸਦੀ ਕਰ ਦਿੱਤੀ ਹੈ।ਸੋ, ਇਸ ਦਾ ਡਬਲ ਬੈਨੀਫਿਟ ਪੰਜਾਬ ਸਰਕਾਰ ਨੂੰ ਹੋਇਆ ਹੈ। ਇਸ ਦੇ ਬਾਵਜੂਦ ਵੀ ਤੁਹਾਡੀ ਆਮਦਨ 88 ਹਜ਼ਾਰ ਕਰੋੜ ਤੋਂ ਘੱਟ ਕੇ ਰੈਵੀਨਿਊ ਰਿਸੀਟ 72 ਹਜ਼ਾਰ ਕਰੋੜ ਹੈ। 16 ਹਜ਼ਾਰ ਕਰੋੜ ਦਾ ਸ਼ਾਰਟਫਾਲ ਹੈ। ਇਸ ਦਾ ਨਤੀਜਾ ਕੀ ਹੋਇਆ ਕਿ ਸਾਰੀਆਂ ਸਕੀਮਾਂ ਧਰੀਆਂ ਧਰਾਈਆਂ ਰਹਿ ਗਈਆਂ। ਹੁਣ ਇਸ ਸਾਲ ਫਿਰ ਉਹੀ ਕੰਮ ਕੀਤਾ ਹੈ। ਇਹ ਕਹਿੰਦੇ ਅਗਲੇ ਸਾਲ ਸਾਡੀ ਆਮਦਨ 92 ਹਜ਼ਾਰ ਕਰੋੜ ਹੋ ਜਾਣੀ ਹੈ ਤਕਰੀਬਨ 27-28 ਫੀਸਦੀ ਵਾਧਾ। ਮੈਂ ਤਾਂ ਅੱਜ ਤੱਕ ਕਦੇ ਦੇਖਿਆ ਨਹੀਂ ਕਿ ਪੰਜਾਬ ਦੀ ਆਮਦਨ 27-28 ਫੀਸਦੀ ਵੱਧ ਗਈ ਹੋਵੇ। ਇਹ ਇਸ ਕਰਕੇ ਕੀਤਾ ਹੈ ਕਿ ਲੋਕਾਂ ਨੂੰ ਅਨਾਊਂਸਮੈਂਟ ਕਰਕੇ ਖੁਸ਼ ਕਰਨਾ ਸੀ। ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣਾ ਸੀ, ਉਹ ਤਾਂ ਹੀ ਪਾ ਸਕਦੇ ਸੀ ਜੇਕਰ ਇਹ ਰੈਵੀਨਿਊ ਰਿਸੀਟਸ ਐਨੀਆਂ ਦਿਖਾਵਾਂਗੇ।

**ਮਾਨਯੋਗ ਡਿਪਟੀ ਸਪੀਕਰ:** ਢੀਂਡਸਾ ਜੀ, ਕਨਕਲੂਡ ਕਰੋ ਜੀ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:**ਡਿਪਟੀ ਸਪੀਕਰ ਸਾਹਿਬ, ਮੈਨੂੰ ਥੋਹੜਾ ਸਮਾਂ ਦੇ ਦਿਓ ਜੀ, ਮੈਂ ਚੱਜ ਦੀ ਗੱਲ ਹੀ ਕਰ ਰਿਹਾ ਹਾਂ ਜੀ, ਮੈਂ ਕੋਈ ਮਾੜੀ ਗੱਲ ਨਹੀਂ ਕਰ ਰਿਹਾ। ਮੈਂ ਤੱਥਾਂ ਦੇ ਅਧਾਰ ਤੇ ਹੀ ਗੱਲ ਕਰ ਰਿਹਾ ਹਾਂ। ਮੈਂ ਤਾਂ ਸਰਕਾਰ ਦੇ ਅੰਕੜੇ ਹੀ ਕੋਟ ਕਰ ਰਿਹਾ ਹਾਂ ਜੀ।ਮੈਂ ਬਾਅਦ ਵਿਚ ਆਪਣੇ ਸੁਝਾਅ ਵੀ ਦਿਆਂਗਾ ਜੀ। ਮੈਂ ਇਕੱਲੀ ਨੁਕਤਾਚਿਨੀ ਨਹੀਂ ਕਰਨੀ।

ਡਿਪਟੀ ਸਪੀਕਰ ਸਾਹਿਬ, ਇੱਕ zero funding gap ਦੀ ਇਨ੍ਹਾਂ ਨੇ ਗੱਲ ਕੀਤੀ ਹੈ। ਇਹ ਤਾਂ ਉਹੀ ਗੱਲ ਹੋਈ ਕਿ ਜਿਵੇਂ ਕਹਿੰਦੇ ਹਨ ਕਿ ਐਲਾਨ ਕਰ ਦਿਓ ਕਿ ਆਹ ਆਹ ਕਰਾਂਗੇ ਜੇ ਸਾਡੇ

ਕੋਲ ਪੈਸਾ ਆ ਗਿਆ। ਇੰਨਾਂ ਪੈਸਾ ਕਿਤੋ ਵੀ ਆ ਜਾਏ ਪਰ ਸਾਧਨ ਕੋਈ ਨਹੀਂ ਹੈ। ਪਤਾ ਨਹੀਂ ਕਿਥੋਂ ਆਉਂਣਾ ਹੈ। ਪਰ ਜੇ ਉਹ ਆ ਗਿਆ ਤਾਂ ਕਰਾਂਗੇ ਨਹੀਂ ਤਾਂ ਉਹ ਜ਼ੀਰੋ ਗੈਪ ਫੰਡਿੰਗ ਹੈ। ਜੇ ਤੁਹਾਡੇ ਕੋਲ ਪੈਸੇ ਨਹੀਂ ਹਨ, ਪ੍ਰਬੰਧ ਹੀ ਨਹੀਂ ਹੈ ਤਾਂ ਐਲਾਨ ਹੀ ਕਿਉਂ ਕਰਦੇ ਹੋ। ਤੁਸੀਂ zero gap funding ਕਹਿ ਕੇ ਉਨ੍ਹਾਂ ਦੇ ਐਲਾਨ ਕਰ ਦਿੰਦੇ ਹੋ, ਫਿਰ ਕਹਿ ਦਿੰਦੇ ਹੋ ਕਿ ਸਾਡਾ ਫੰਡਿੰਗ ਗੈਪ ਸੀ। ਇਹੋ ਜਿਹਾ ਕਨਸੈਪਟ zero funding gap ਵਾਲਾ ਤਾਂ ਮੈਂ ਪਹਿਲੀ ਵਾਰ ਦੇਖਿਆ ਹੈ। ਕਿਤੇ ਨਾ ਕਿਤੇ ਇਹ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਦੋ ਏਰੀਆਜ਼ ਦੇ ਵਿੱਚ ਸੂਬੇ ਨੂੰ ਹੋਰ ਪੈਸਾ ਲਗਾਉਣ ਦੀ ਲੋੜ ਹੈ। ਇੱਕ ਤਾਂ ਹਾਈਰ ਐਜੂਕੇਸ਼ਨ ਹੈ। ਪੰਜਾਬ ਦੀਆਂ ਸਾਰੀਆਂ Higher Educational Institutions ਜਿਹੜੀਆਂ ਹਨ ਉਨ੍ਹਾਂ ਦੀ ਪੈਸੇ ਦੀ ਘਾਟ ਕਾਰਨ ਬੁਰਾ ਹਾਲ ਹੈ। ਜਿਹੜੀਆਂ ਸਾਡੀਆਂ ਯੂਨੀਵਰਸਿਟੀਜ਼ ਕਾਲਿਜਿਜ਼ ਬਣ ਗਈਆਂ ਹਨ, ਉਥੇ ਪ੍ਰੋਫੈਸਰ ਦੀਆਂ ਪੋਸਟਾਂ ਖਾਲੀ ਪਈਆਂ ਹਨ। ਉਨ੍ਹਾਂ ਨੂੰ ਐਡਹੋਕ ਤੇ ਰੱਖਿਆ ਹੋਇਆ ਹੈ, ਕੰਟ੍ਰੈਕਟ ਤੇ ਰੱਖਿਆ ਹੋਇਆ ਹੈ। ਤਨਖਾਹਾਂ ਨਹੀਂ ਮਿਲ ਰਹੀਆਂ ਹਨ। ਕੋਈ ਪਾਰਟ ਟਾਈਮ ਲੈਕਚਰਾਰ ਹੈ, ਕੋਈ ਗੈਸਟ ਫੈਕਲਟੀ ਲੈਕਚਰਾਰ ਹੈ, ਜੇ ਕਿਸੇ ਪ੍ਰੋਫੈਸਰ ਨੂੰ ਕਿਹਾ ਜਾਵੇ ਕਿ 25000 ਰੁਪਏ ਲੈ ਕੇ ਬੱਚਿਆਂ ਨੂੰ ਪੜਾਵੇ ਤਾਂ ਸਕੂਲ ਦੇ ਜਿਹੜੇ ਸਾਡੇ ਟੀਚਰਜ਼ ਨੇ ਉਹ 75000 ਤਨਖਾਹ ਲੈ ਰਹੇ ਹਨ। ਕਾਲਜਾਂ ਦੇ ਪ੍ਰੋਫੈਸਰਾਂ ਨੂੰ ਕਹੀਏ ਕਿ ਤੁਸੀਂ 25000 ਰੁਪਏ ਵਿੱਚ ਕੰਮ ਕਰੋ। ਫਿਰ ਉਹੇ ਜਿਹੇ ਹੀ ਸਾਡੇ ਨਤੀਜੇ ਹੋਣਗੇ। ਜੋ ਹਾਇਰ ਐਜੂਕੇਸ਼ਨ ਲਈ ਚਾਹੇ ਸਾਡੀਆਂ ਯੂਨੀਵਰਸੀਟੀਜ਼ ਹਨ, ਚਾਹੇ ਕਾਲਜਿਜ਼ ਹਨ, ਮੈਂ ਸਮਝਦਾ ਹਾਂ ਕਿ ਜਿਹੜੀਆਂ technical institutions ਹਨ, ਉਸ ਦੇ ਵਾਸਤੇ ਸਾਨੂੰ ਫੰਡਿੰਗ ਵਧਾਉਣ ਦੀ ਲੋੜ ਹੈ। ਦੂਜਾ ਏਰੀਆ, ਹੈਲਥ ਸਰਵਿਸ ਹੈ। ਇੱਕ ਇਨ੍ਹਾਂ ਨੇ ਕਿਹਾ ਕਿ ਅਸੀਂ ਛੇਵਾਂ ਪੇਅ ਕਮਿਸ਼ਨ ਲਾਗੂ ਕਰਾਂਗੇ। ਉਸ ਦੇ ਵਾਸਤੇ 9000 ਕਰੋੜ ਰੁਪਏ ਦਾ ਪ੍ਰੋਵੀਜ਼ਨ ਕੀਤਾ ਹੈ । ਪਰ ਜਿਹੜਾ ਇਨ੍ਹਾਂ ਨੇ ਡਾਕੂਮੈਂਟ ਦਿੱਤਾ ਹੈ, ਉਸ ਦੇ ਵਿੱਚ ਲਿਖਿਆ ਹੈ ਕਿ ਪਿਛਲੇ ਸਾਲ ਸਾਡਾ Salaries and Wages Account ਵਿੱਚ 26363 ਕਰੋੜ ਰੁਪਿਆ ਖਰਚਿਆ ਅਤੇ ਅਗਲੇ ਸਾਲ 27714 ਕਰੋੜ ਰੁਪਏ ਰੱਖਿਆ। ਸਿਰਫ 1200 ਕਰੋੜ ਰੁਪਏ ਦਾ ਫਰਕ ਹੈ। ਆਖਰ ਇਹ ਪ੍ਰੋਵੀਜ਼ਨ ਕਿੱਥੇ ਰੱਖੀ ਹੈ। ਕਿੱਥੋਂ ਲਾਗੂ ਕਰੋਂਗੇ ਛੇਵਾਂ ਪੇਅ ਕਮਿਸ਼ਨ ਜੇ ਪੈਸੇ ਹੀ ਨਹੀਂ ਰੱਖੇ ਹਨ। ਜਿਹੜਾ ਇਹ 9000 ਕਰੋੜ ਰੁਪਿਆ ਜਾਂ 7000 ਕਰੋੜ ਰੁਪਏ ਕੋਟ ਕਰ ਰਹੇ ਹਨ, ਉਹ ਕਿੱਥੇ ਹਨ। ਇਹ ਬਜਟ ਵਿੱਚ ਤਾਂ ਕਿਤੇ ਦਿਖ ਨਹੀਂ ਰਿਹਾ ਹੈ। ਜਿਹੜਾ ਮਿਲਾਨ ਇਨ੍ਹਾਂ ਨੇ ਬਜਟ ਦਾ ਕੀਤਾ ਹੈ, ਉਸ ਵਿੱਚ ਕਿਤੇ ਵੀ ਨਹੀਂ ਹੈ। ਨਾ ਕੋਈ ਇਨ੍ਹਾਂ ਨੇ ਫਾਰਮ ਲੋਨ ਨੂੰ ਕਿਤੇ ਸਹੀ ਤਰੀਕੇ ਨਾਲ ਲਾਗੂ ਕਰਨ ਦੀ ਗੱਲ

ਕੀਤੀ ਹੈ। ਹਜ਼ਾਰ ਕਰੋੜ ਰੁਪਏ ਨਾਲ ਕੀ ਬਣਨਾ ਹੈ। ਘਰ ਘਰ ਰੁਜ਼ਗਾਰ ਵਿੱਚ ਕੁਝ ਨਹੀਂ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਮੈਂ ਕਿਸ ਤਰੀਕੇ we should move forward. ਇੱਕ ਤਾਂ ਜਿਹੜੀਆਂ ਸਾਡੀਆਂ ਗੌਰਮਿੰਟ ਪਾਲਿਸੀਜ਼ ਹਨ, ਮੈਨੂੰ ਪਤਾ ਹੈ ਕਿ ਮਾਨਯੋਗ ਐਫ.ਐਮ ਸਾਹਿਬ ਦੇ ਹੱਥ ਵਿੱਚ ਕੋਈ revenue generation ਨਹੀਂ ਹੈ। Revenue generation ਇਨ੍ਹਾਂ ਨੂੰ ਦੂਜੇ ਮਹਿਕਮਿਆਂ ਤੇ ਰੱਖਣਾ ਪੈਂਦਾ ਤਾਂ ਹੀ ਕਿਤੇ ਨਾ ਕਿਤੇ ਇਹ ਜਿਹੜਾ ਬੈਲੈਂਸ ਹੈ ਅਤੇ ਜਿਹੜੀ ਇਨਕਮ ਸ਼ਾਰਟਫਾਲ ਵੀ ਹੁੰਦੀ ਹੈ, ਉਸ ਦਾ ਵੀ ਇੱਕ ਇਹ ਵੱਡਾ ਕਾਰਨ ਬਣ ਜਾਂਦਾ ਹੈ। ਜਿਹੜੀਆਂ ਸਾਡੀਆਂ ਪਾਲਿਸੀਜ਼ ਹਨ ਸਿਰਫ ਉਨ੍ਹਾਂ ਦਾ ਏਮ public welfare ਨਹੀਂ ਰਹਿ ਗਿਆ ਹੈ। ਕੁਝ vested interest ਦੇ ਥੱਲੇ ਸਾਡੀਆਂ ਪਾਲਿਸੀਜ਼ ਬਣਦੀਆਂ ਹਨ ਚਾਹੇ ਸਾਡੀ ਮਾਈਨਿੰਗ ਪਾਲਿਸੀ ਹੈ, ਚਾਹੇ ਸਾਡੀ ਹਾਊਸਿੰਗ ਅਰਬਨ ਡਿਵੈਲਪਮੈਂਟ ਪਾਲਿਸੀ ਹੈ ਅਤੇ ਚਾਹੇ ਐਕਸਾਈਜ਼ ਪਾਲਿਸੀ ਹੈ। ਸਭ ਤੋਂ ਵੱਡਾ ਐਗਜ਼ਾਪਲ ਸਾਡੀ ਟਰਾਂਸਪੋਰਟ ਪਾਲਿਸੀ ਹੈ। ਪਬਲਿਕ ਵੈਲਫੇਅਰ ਨਹੀਂ ਹੈ, ਉਹ ਸਿਰਫ ਕੁਝ vested interest ਨੂੰ ਕਿਵੇਂ ਫਾਇਦਾ ਕਰਨਾ ਹੈ, ਸੂਬੇ ਦਾ ਨੁਕਸਾਨ ਹੁੰਦਾ ਹੈ ਤੇ ਜੇ ਅਸੀਂ ਉਨ੍ਹਾਂ ਪਾਲਿਸੀਜ਼ ਨੂੰ rationalize ਕਰ ਦੇਈਏ

**ਮਾਨਯੋਗ ਡਿਪਟੀ ਸਪੀਕਰ:** ਪਲੀਜ਼, ਟਾਈਮ ਬਹੁਤ ਹੋ ਗਿਆ ਜੀ।

**ਸ਼੍ਰੀ ਬੁੱਧ ਰਾਮ:** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਥੋੜਾ ਬੋਲ ਲੈਣ ਦਿਓ। ਸਾਬਕਾ ਮੰਤਰੀ ਰਹੇ ਹਨ। ਇਨ੍ਹਾਂ ਨੂੰ ਵਧੀਆ ਨਾਲੇਜ ਹੈ।

**ਮਾਨਯੋਗ ਡਿਪਟੀ ਸਪੀਕਰ:** ਚਲੋ, ਕਨਕਲੂਡ ਕਰੋ ਜੀ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਡਿਪਟੀ ਸਪੀਕਰ ਸਾਹਿਬ, ਮੈਂ ਐਫ.ਐਮ ਸਾਹਿਬ ਨੂੰ ਵਧੀਆ ਸੁਝਾਅ ਦੇਣ ਹਨ। ਪਤਾ ਨਹੀਂ ਕਿਉਂ ਤੁਸੀਂ ਮੇਰੇ ਨਾਲ ਨਾਰਾਜ਼ ਹੋ? ਡਿਪਟੀ ਸਪੀਕਰ ਸਾਹਿਬ, ਮੇਰਾ ਕਹਿਣ ਦਾ ਭਾਵ ਹੈ ਕਿ ਜੇ ਅਸੀਂ ਇਹ ਪਾਲਿਸੀਆਂ ਸਿਰਫ ਅਤੇ ਸਿਰਫ ਸਟੇਟ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਬਣਾਈਏ, ਲੋਕਾਂ ਨੂੰ ਵਧੀਆ ਸਰਵਿਸਿਜ਼ ਅਤੇ optimal revenue generation ਨੂੰ ਧਿਆਨ ਵਿੱਚ ਰੱਖ ਕੇ ਪਾਲਿਸੀਜ਼ ਬਣਾਵਾਂਗੇ ਤਾਂ ਸੂਬੇ ਨੂੰ ਰੈਵੇਨਿਊ ਜਾਂ ਪੈਸੇ ਦੀ ਕੋਈ ਕਮੀ ਨਹੀਂ ਰਹੇਗੀ। ਪਰ ਹੁਣ ਤੱਕ ਚਾਹੇ ਪਿਛਲੀ ਸਰਕਾਰ ਸੀ ਜਾਂ ਹੁਣ ਹੈ vested interest ਜਿਹੜੇ ਹਨ, ਉਹ policy formation ਵਿੱਚ ਹਮੇਸ਼ਾ ਹਾਵੀ ਰਹਿੰਦੇ ਹਨ। ਕੁਝ ਲੋਕਾਂ ਦਾ ਫਾਇਦਾ ਹੈ ਅਤੇ ਸੂਬੇ ਦਾ ਨੁਕਸਾਨ ਹੁੰਦਾ ਹੈ। Good governance is the base of each and every government accomplishment. ਜੇ good governance ਨਾਲ ਹੀ good policy making, good taxation

implementation, ਇਹ ਸਾਰੀ ਜੁੜੀ ਹੋਈ ਹੈ। ਸਰਕਾਰ ਇੱਧਰ ਧਿਆਨ ਦੇਵੇ ਤਾਂ ਸਾਰੇ ਮਸਲੇ ਹੱਲ ਹੋ ਸਕਦੇ ਹਨ।

ਡਿਪਟੀ ਸਪੀਕਰ ਸਾਹਿਬ, ਮੈਨੂੰ ਇੱਕ ਚੀਜ਼ ਸੋਚ ਕੇ ਬੜੀ ਘਬਰਾਹਟ ਹੁੰਦੀ ਹੈ ਕਿ ਪੰਜਾਬ ਦਾ 1 ਜੁਲਾਈ, 2022 ਤੋਂ ਬਾਅਦ ਕੀ ਬਣੇਗਾ? ਮੈਂ ਸਮਝਦਾ ਹਾਂ ਕਿ ਸਾਡੇ ਐਫ.ਐਮ. ਸਾਹਿਬ ਨੂੰ ਵੀ ਫਿਕਰ ਹੁੰਦਾ ਹੋਵੇਗਾ। ਕਿਉਂਕਿ ਹੁਣ ਤੱਕ ਅਸੀਂ ਜੀ.ਐਸ.ਟੀ. ਕੰਪਨਸੇਸ਼ਨ ਤੇ ਹੈਵਿਲੀ ਡਿਪੈਂਡੈਂਟ ਹੋ ਗਏ ਹਾਂ। ਸਾਨੂੰ ਪਿਛਲੇ ਸਾਲ ਸ਼ਾਇਦ 10-12 ਹਜ਼ਾਰ ਕਰੋੜ ਜਾਂ 15 ਹਜ਼ਾਰ ਕਰੋੜ ਰੁਪਿਆ ਤਾਂ ਜੀ.ਐਸ.ਟੀ. ਕੰਪਨਸੇਸ਼ਨ ਆਈ ਹੈ। ਇਹ ਕੰਪਨਸੇਸ਼ਨ ਜੁਲਾਈ, 2022 ਵਿੱਚ ਖਤਮ ਹੋ ਜਾਣੀ ਹੈ। ਸਾਡੇ ਰੈਵੇਨਿਊ ਵੀ ਡਿੱਗ ਜਾਣੇ ਹਨ। ਸਾਡੇ ਕਰਜ਼ੇ ਦੇ ਜੋ ਹਾਲਾਤ ਹਨ, ਸਾਡੀਆਂ ਇੰਟਰਸਟ ਲਾਇਬਿਲਿਟੀਆਂ ਬਹੁਤ ਵਧ ਚੁੱਕੀਆਂ ਹਨ। ਕੀ ਵਿੱਤ ਮੰਤਰੀ ਸਾਹਿਬ ਜੀ.ਐਸ.ਟੀ. ਕੌਂਸਲ ਵਿੱਚ ਇਹ ਇਸ਼ੂ ਟੇਕ ਅੱਪ ਕਰ ਰਹੇ ਹਨ ਕਿ ਕੰਪਨਸੇਸ਼ਨ ਪੀਰੀਅਡ ਵਧਾਇਆ ਜਾਵੇ? ਜਾਂ ਇਸ ਨੂੰ abruptly ਬੰਦ ਨਾ ਕਰਕੇ ਇਸ ਨੂੰ ਟੇਪਰ ਕੀਤਾ ਜਾਵੇ ਜਾਂ ਇਸ ਨੂੰ ਫਿਕਸ ਕਰ ਦਿੱਤਾ। ਕੀ ਇਹੋ ਜਿਹੀ ਕੋਈ ਸਲਾਹ ਇਨ੍ਹਾਂ ਨੇ ਜੀ.ਐਸ.ਟੀ. ਕੌਂਸਲ ਨੂੰ ਦਿੱਤੀ ਹੈ? ਕਿਉਂਕਿ ਜੇਕਰ ਇਹ ਨਹੀਂ ਹੁੰਦੀ ਤਾਂ ਪੰਜਾਬ ਦਾ ਨੁਕਸਾਨ ਹੋਵੇਗਾ। ਮੈਂ ਤੁਹਾਨੂੰ ਵਿਸ਼ਵਾਸ ਨਾਲ ਕਹਿੰਦਾ ਹਾਂ ਕਿ ਪੰਜਾਬ ਦਾ ਆਉਣ ਵਾਲਾ ਸਮਾਂ ਬੜਾ ਉਹ ਬਹੁਤ ਬੁਰੇ ਆਰਥਕ ਹਾਲਾਤਾਂ ਵੱਲ ਜਾ ਸਕਦਾ ਹੈ। ਮੇਰੀ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇਸ ਬਾਰੇ ਵੀ ਕੁਝ ਨਾ ਕੁਝ ਕਲੈਰਿਟੀ ਲੈ ਕੇ ਆਉਣ। ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ (ਬਠਿੰਡਾ ਦਿਹਾਤੀ, ਐਸ.ਸੀ.)** : ਧੰਨਵਾਦ ਡਿਪਟੀ ਸਪੀਕਰ ਸਾਹਿਬ। ਡਿਪਟੀ ਸਪੀਕਰ ਸਾਹਿਬ, ਵਿਧਾਨ ਸਭਾ ਦੇ 5ਵੇਂ ਬਜਟ ਨੂੰ ਤਿਆਰ ਕਰਨ ਵਿੱਚ ਕਾਂਗਰਸ ਪਾਰਟੀ ਦਾ ਬਹੁਤ ਦਿਮਾਗ ਲੱਗਾ ਹੈ ਅਤੇ ਸਾਡਾ ਵੀ ਇਸ ਨੂੰ ਸਮਝਣ ਵਿੱਚ ਬਹੁਤ ਦਿਮਾਗ ਲੱਗਾ ਹੈ। ਪਰ ਬਾਅਦ ਵਿੱਚ ਪਤਾ ਲੱਗਾ ਕਿ ਇਸ ਵਿੱਚ ਤਾਂ ਸਮਝਣ ਵਾਲੀ ਕੋਈ ਗੱਲ ਹੀ ਨਹੀਂ ਹੈ। ਸਿਰਫ ਅੰਕੜਿਆਂ ਦੇ ਹੇਰ ਫੇਰ ਨਾਲ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਜੇ ਅਸੀਂ ਪੋਸਟ ਮੈਟ੍ਰਿਕ ਸਕੀਮ ਦੀ ਗੱਲ ਕਰੀਏ ਤਾਂ ਵਿੱਤ ਮੰਤਰੀ ਸਾਹਿਬ ਨੇ ਬਜਟ ਵਿੱਚ 2020-21 ਲਈ 750 ਕਰੋੜ ਰੁਪਿਆ ਰੱਖਿਆ ਹੈ। ਪਰ ਸਾਲ 2017-18, 2018-19, 2019-20 ਲਈ ਜਿਹੜਾ ਵਿੱਦਿਅਕ ਅਦਾਰਿਆਂ ਵੱਲ ਪੈਂਡਿੰਗ 1537 ਕਰੋੜ ਰੁਪਿਆ ਰਹਿੰਦਾ ਹੈ, ਉਸ ਦਾ ਕੋਈ ਵੀ ਵੇਰਵਾ ਬਜਟ ਵਿੱਚ ਨਹੀਂ ਹੈ। ਉਸ ਦੀ ਅਦਾਇਗੀ ਕਦੋਂ, ਕਿੱਥੇ ਅਤੇ ਕਿਵੇਂ ਕੀਤੀ ਜਾਵੇਗੀ?

ਇਸ ਤੋਂ ਅੱਗੇ ਜੇਕਰ ਸਿੰਚਾਈ ਦੀ ਗੱਲ ਕਰੀਏ, ਖੇਤਾਂ ਵਿੱਚ ਨਹਿਰੀ ਪਾਣੀ ਪਹੁੰਚਾਉਣ ਦੀ ਗੱਲ ਕਰੀਏ ਤਾਂ ਵਿੱਤ ਮੰਤਰੀ ਜੀ ਨੇ 100 ਕਰੋੜ ਰੁਪਏ ਦਾ ਬਜਟ ਰੱਖਿਆ ਹੈ। ਡਿਪਟੀ ਸਪੀਕਰ ਸਾਹਿਬ 1985 ਵਿੱਚ ਖੇਤਾਂ ਵਿੱਚ ਨਹਿਰੀ ਪਾਣੀ ਪਹੁੰਚਾਉਣ ਲਈ ਅਤੇ ਖਾਲ ਬਣਾਉਣ ਲਈ 300 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਸੀ, ਉਸ ਟਾਈਮ ਦੇ ਵਿੱਚ, 1985 ਵਿੱਚ। ਅਸੀਂ 2021 ਵਿੱਚ ਸਿਰਫ 100 ਕਰੋੜ ਰੁਪਿਆ ਰੱਖ ਰਹੇ ਹਾਂ, ਜਿਹੜਾ ਕਿ ਬਹੁਤ ਹਾਸੋ ਹੀਣਾ ਹੈ।

ਸਰ, ਮੈਂ ਤੁਹਾਡੇ ਜ਼ਰੀਏ ਵਿੱਤ ਮੰਤਰੀ ਸਾਹਿਬ ਨੂੰ ਇਹ ਵੀ ਬੇਨਤੀ ਕਰਦੀ ਹਾਂ ਕਿ ਕਮਿਊਨਿਟੀ ਅੰਡਰਗਰਾਊਂਡ ਪਾਈਪ ਲਾਈਨ ਪ੍ਰਾਜੈਕਟ ਵਿੱਚ 90:10 ਸ਼ੇਅਰ ਰਾਸ਼ੀ ਨੂੰ ਘਟਾ ਕੇ ਕਿਸਾਨਾਂ ਤੋਂ 5% ਹੀ ਲੈਣਾ ਬਣਦਾ ਹੈ। ਉਨ੍ਹਾਂ ਕੋਲੋਂ ਸਿਰਫ 5% ਰਾਸ਼ੀ ਹੀ ਲਈ ਜਾਵੇ।

ਸਰ, ਜੇ ਅਸੀਂ ਆਸ਼ੀਰਵਾਦ ਸਕੀਮ ਦੀ ਗੱਲ ਕਰੀਏ ਤਾਂ ਸਰਕਾਰ ਨੇ ਗਰੀਬ ਲੜਕੀਆਂ ਨੇ ਆਸ਼ੀਰਵਾਦ ਦੇਣ ਵਿੱਚ ਵੀ ਵਿਤਕਰਾ ਕਰ ਦਿੱਤਾ ਹੈ। ਮਤਲਬ ਜਿਹੜੀਆਂ ਕੁੜੀਆਂ ਦੇ ਵਿਆਹ 1.7.2021 ਤੋਂ ਪਹਿਲਾਂ ਹੋਣਗੇ, ਉਨ੍ਹਾਂ ਨੂੰ 21000 ਰੁਪਿਆ ਦਿੱਤਾ ਜਾਵੇਗਾ, ਜਿਨ੍ਹਾਂ ਦੇ ਵਿਆਹ ਬਾਅਦ ਵਿੱਚ ਹੋਣਗੇ, ਉਨ੍ਹਾਂ ਨੂੰ 51000 ਰੁਪਿਆ ਦਿੱਤਾ ਜਾਵੇਗਾ। ਹੁਣ ਲੋਕਾਂ ਦਾ ਕਹਿਣਾ ਹੈ ਕਿ ਅਸੀਂ 51000 ਰੁਪਿਆ ਲੈਣ ਵਾਸਤੇ ਆਪਣੇ ਵਿਆਹ ਹੀ ਟਾਲ ਦੇਈਏ। ਕੀ ਹੁਣ ਅਸੀਂ 51000 ਲੈਣ ਲਈ 1.7.2021 ਤੋਂ ਬਾਅਦ ਵਿਆਹ ਕਰੀਏ? ਸੋ, ਇਹ ਵੀ ਤੁਸੀਂ ਕੁੜੀਆਂ ਨਾਲ ਬਹੁਤ ਵੱਡਾ ਵਿਤਕਰਾ ਹੈ।

ਫਿਰ ਕੱਲ੍ਹ ਕੌਮਾਂਤਰੀ ਮਹਿਲਾ ਦਿਵਸ ਦੇ ਮੌਕੇ ਤੇ ਸਰਕਾਰ ਨੇ ਮਹਿਲਾਵਾਂ ਦਾ ਪੀ.ਆਰ.ਟੀ.ਸੀ. ਬੱਸਾਂ ਵਿੱਚ ਸਫਰ ਫਰੀ ਕਰ ਦਿੱਤਾ , ਜੋ ਕਿ ਬਹੁਤ ਹੀ ਲੇਟ ਹੋ ਚੁੱਕਾ ਹੈ। ਚਾਰ ਸਾਲ ਸਰਕਾਰ ਟਾਈਮ ਪਾਸ ਕਰਦੀ ਰਹੀ, ਜਦੋਂ ਹੁਣ 10 ਮਹੀਨੇ ਰਹਿ ਗਏ ਤਾਂ ਵੋਟਾਂ ਲੈਣ ਲਈ ਸਿਰਫ ਇੱਕ ਸਟੰਟ ਖੇਡਿਆ ਗਿਆ ਹੈ। ਪਹਿਲੀ ਗੱਲ ਹੈ ਕਿ ਪੰਜਾਬ ਵਿੱਚ ਸਰਕਾਰੀ ਬੱਸਾਂ ਹੈ ਹੀ ਕਿੰਨੀਆਂ ਕੁ। 25% ਤਾਂ ਸਰਕਾਰੀ ਬੱਸਾਂ ਹਨ। ਪਹਿਲਾਂ ਆਪਣੀਆਂ ਬੱਸਾਂ ਤਾਂ ਪੂਰੀਆਂ ਕਰ ਲਓ। ਸ਼ਹਿਰ ਦੀਆਂ ਲੇਡੀਜ਼ ਤਾਂ ਆਪਣੇ ਸਾਧਨਾਂ ਤੇ ਜਾਂਦੀਆਂ ਹਨ ਤੇ ਪਿੰਡਾਂ ਦੀਆਂ ਲਿੰਕ ਸੜਕਾਂ ਤੇ ਕਬਜ਼ਾ ਹੀ ਪ੍ਰਾਈਵੇਟ ਬੱਸਾਂ ਦਾ ਹੈ। ਇਹ ਵੀ ਹਾਸੋ-ਹੀਣ ਲਗਦਾ ਹੈ। ਸਰ, ਜੇ ਅਸੀਂ ਘਰ-ਘਰ ਨੌਕਰੀ ਦੀ ਗੱਲ ਕਰੀਏ ਤਾਂ ਕੱਲ੍ਹ ਕੈਪਟਨ ਸਾਹਿਬ ਦੇ ਘਰ ਦੇ ਅੱਗੇ ਕਿੰਨੇ ਹੀ ਨੌਜਵਾਨ ਮੁੰਡੇ ਕੁੜੀਆਂ ਨੂੰ ਕੁੱਟਿਆ ਗਿਆ ਹੈ। ਉਹ ਕੀ ਕਰ ਰਹੇ ਸੀ? ਉਹ ਆਪਣੀ ਨੌਕਰੀ ਲਈ ਡਿਮਾਂਡ ਹੀ ਕਰ ਰਹੇ ਸੀ। ਉਹ ਵੀ ਤੁਸੀਂ ਕਿਹਾ ਸੀ ਕਿ

ਅਸੀਂ ਘਰ-ਘਰ ਨੌਕਰੀ ਦਿਆਂਗੇ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਫਿਰ ਕੈਪਟਨ ਸਾਹਿਬ ਨੇ ਕਿਹਾ ਕਿ ਅਸੀਂ ਇੱਕ ਲੱਖ ਨੌਜਵਾਨਾਂ ਨੂੰ ਨੌਕਰੀਆਂ ਦੇਵਾਂਗੇ। ਸਰ, ਇੱਕ ਲੱਖ ਨੌਜਵਾਨਾਂ ਨੂੰ ਨੌਕਰੀਆਂ ਦੇਣ ਲਈ ਘੱਟੋ-ਘੱਟ 2500 ਕਰੋੜ ਰੁਪਏ ਤਨਖਾਹ ਦੇਣੀ ਬਣਦੀ ਹੈ। ਪਰ ਬਜਟ ਵਿੱਚ ਤਾਂ ਮੰਤਰੀ ਸਾਹਿਬ ਨੇ ਕੁਝ ਲਿਖਿਆ ਹੀ ਨਹੀਂ ਹੈ ਕਿ ਅਸੀਂ ਇੰਨੀ ਤਨਖਾਹ ਦਿਆਂਗੇ। ਫਿਰ ਇਸ ਦਾ ਮਤਲਬ ਇਹ ਹੋਇਆ ਕਿ ਅਸੀਂ ਨੌਜਵਾਨਾਂ ਨੂੰ ਧੋਖਾ ਦੇ ਰਹੇ ਹਾਂ। ਸਰਕਾਰ ਜਵਾਬ ਦੇਵੇ ਕਿ ਇੰਨਾ ਪੈਸਾ 2500 ਕਰੋੜ ਰੁਪਏ ਕਿੱਥੋਂ ਆਉਣਗੇ? ਤੁਸੀਂ ਬਜਟ ਵਿੱਚ ਤਾਂ ਤਜਵੀਜ਼ ਹੀ ਨਹੀਂ ਰੱਖੀ ਹੈ।

ਸਰ, ਫਿਰ ਅਸੀਂ ਆਸ਼ਾ ਵਰਕਰਜ਼, ਆਂਗਨਵਾੜੀ ਵਰਕਰਜ਼ ਦੀ ਗੱਲ ਕਰੀਏ, ਠੇਕਾ ਅਧਾਰਿਤ ਪੈਰਾ ਮੈਡੀਕਲ ਸਟਾਫ ਦੀ ਗੱਲ ਕਰੀਏ, ਇਨ੍ਹਾਂ ਨਾਲ ਵੀ ਸਰਕਾਰ ਨੇ ਵਾਅਦੇ ਕੀਤੇ ਸੀ। ਆਂਗਨਵਾੜੀ ਵਰਕਰਜ਼ ਬਹੁਤ ਵੱਡਾ ਧਰਨਾ ਲਾਉਣ ਜਾ ਰਹੀਆਂ ਸੀ, ਪਰ ਸਰਕਾਰ ਨੇ ਕਿਹਾ ਕਿ ਤੁਸੀਂ ਧਰਨਾ ਨਾ ਲਾਓ ਤੇ ਅਸੀਂ ਬਜਟ ਵਿੱਚ ਤੁਹਾਡੇ ਲਈ ਵਿਸ਼ੇਸ਼ ਤਜਵੀਜ਼ ਰੱਖਾਂਗੇ। ਪਰ ਨਹੀਂ ਰੱਖੀ ਗਈ ਤੇ ਉਨ੍ਹਾਂ ਨੂੰ ਵੀ ਧੋਖਾ ਦਿੱਤਾ ਗਿਆ ਹੈ। ਸਰ, ਚਲੋ ਤੁਸੀਂ ਉਨ੍ਹਾਂ ਨੂੰ ਰਾਸ਼ੀ ਤਾਂ ਨਹੀਂ ਦੇ ਸਕਦੇ, ਬਜਟ ਵਿੱਚ ਉਨ੍ਹਾਂ ਲਈ ਕੁਝ ਨਹੀਂ ਰੱਖਿਆ ਹੈ ਪਰ ਉਨ੍ਹਾਂ ਨੇ ਇੰਨੀ ਔਖੀ ਘੜੀ ਵਿੱਚ ਕਰੋਨਾ ਕਾਲ ਵਿੱਚ ਕੰਮ ਕੀਤਾ ਹੈ ਤਾਂ ਤੁਸੀਂ ਘੱਟੋ-ਘੱਟ ਉਨ੍ਹਾਂ ਨੂੰ ਕੋਈ ਸਨਮਾਨ ਪੱਤਰ ਹੀ ਦੇ ਦਿੰਦੇ, ਕੋਈ ਸਰਟੀਫਿਕੇਟ ਦੇ ਦਿੰਦੇ, ਕੋਈ ਸ਼ੀਲਡ ਹੀ ਦੇ ਦਿੰਦੇ, ਸਰ, ਤੁਸੀਂ ਉਹ ਵੀ ਨਹੀਂ ਦੇ ਸਕੇ। ਸਰਕਾਰ ਇਸ ਵਿੱਚ ਵੀ ਫੇਲ੍ਹ ਹੋਈ ਹੈ।

ਕੁਝ ਗੱਲਾਂ ਮੰਤਰੀ ਸਾਹਿਬ ਬਜਟ ਵਿੱਚ ਪਾਉਣਾ ਹੀ ਭੁੱਲ ਗਏ ਹਨ। ਸਰ, ਜਿਵੇਂ ਕਿ ਸਿਹਤ ਵਿਭਾਗਾਂ ਨੂੰ ਸੇਵਾ ਕੇਂਦਰਾਂ ਦੀਆਂ ਇਮਾਰਤਾਂ ਦਿੱਤੀਆਂ ਗਈਆਂ ਸੀ, ਉਨ੍ਹਾਂ ਇਮਾਰਤਾਂ ਦੇ ਬਕਾਇਆ ਬਿਜਲੀ ਦੇ ਬਿਲ ਭਰ ਕੇ ਇਹ ਇਮਾਰਤਾਂ ਸਿਹਤ ਵਿਭਾਗ ਨੂੰ ਬੈਠਣ ਲਾਇਕ ਬਣਾਈਆਂ ਜਾ ਸਕਦੀਆਂ ਸੀ ਤੇ ਜਿਹੜੇ ਨਵੀਆਂ ਇਮਾਰਤਾਂ ਤੇ ਪੈਸੇ ਲਗਾ ਰਹੇ ਹਾਂ, ਉਨ੍ਹਾਂ ਦੀ ਬਜਟ ਵਿੱਚ ਬਚਤ ਹੋ ਸਕਦੀ ਸੀ ਤੇ ਉਸ ਪੈਸੇ ਨੂੰ ਕਿਤੇ ਹੋਰ ਯੂਟੀਲਾਈਜ਼ ਕੀਤਾ ਜਾ ਸਕਦਾ ਸੀ।

ਫਿਰ ਵਿੱਤ ਮੰਤਰੀ ਸਾਹਿਬ ਨੇ ਜਿਹੜੀ ਸਮਾਲ ਸਕੇਲ ਇੰਡਸਟਰੀ ਹੈ, ਕੋਹਲੂ ਹੈ, ਘੁਲਾੜ ਹੈ, ਆਟਾ ਚੱਕੀ ਹੈ, ਉਸ ਨੂੰ ਉਤਸ਼ਾਹਿਤ ਕਰਨ ਵਾਸਤੇ ਬਜਟ ਵਿੱਚ ਕੋਈ ਤਜਵੀਜ਼ ਨਹੀਂ ਰੱਖੀ ਹੈ।

ਸਰਕਾਰ ਲੋਕਾਂ ਤੋਂ ਕਾਓ ਸੈੱਸ ਲੈ ਰਹੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਲੋਕ ਟੋਲ ਟੈਕਸ ਵੀ ਦੇ ਰਹੇ ਹਨ, ਕਾਓ ਸੈੱਸ ਵੀ ਦੇ ਰਹੇ ਹਨ ਪਰ ਉਨ੍ਹਾਂ ਨੂੰ ਕੋਈ ਸਹੂਲਤ ਨਹੀਂ ਮਿਲ ਰਹੀ ਹੈ। ਜੇ

ਕਾਓ ਸੈੱਸ ਲੋਕ ਦੇ ਹੀ ਰਹੇ ਹਨ ਤਾਂ ਘੱਟੋ-ਘੱਟ ਪਸ਼ੂਆਂ ਦੀ ਸਾਂਭ-ਸੰਭਾਲ ਤਾਂ ਹੋਣੀ ਚਾਹੀਦੀ ਸੀ, ਪਰ ਬਜਟ ਵਿੱਚ ਉਹ ਵੀ ਨਹੀਂ ਪਾਇਆ ਗਿਆ। ਅਗਰ ਇਹ ਬਜਟ ਵਿੱਚ ਪਾਇਆ ਜਾਂਦਾ ਤਾਂ ਪਸ਼ੂਆਂ ਦੀ ਸਾਂਭ-ਸੰਭਾਲ ਹੋ ਜਾਂਦੀ ਤੇ ਅਸੀਂ ਲੱਖਾਂ ਜਾਨਾਂ ਨੂੰ ਬਚਾ ਸਕਦੇ ਸੀ। ਸੋ, ਸਰ, ਇਹ ਬਜਟ ਸਿਰਫ ਇੱਕ ** ** ਬਜਟ ਅੰਕੜਿਆਂ ਦੀ ਖੇਡ ਹੈ ਤੇ ਉਰਦੂ ਦੇ ਸ਼ਾਇਰਾਂ ਦਾ ਪਿਟਾਰਾ ਹੈ। ਥੈਂਕਿਊ ਜੀ।

**ਸਰਦਾਰ ਸੁਰਜੀਤ ਸਿੰਘ ਧੀਮਾਨ (ਅਮਰਗੜ੍ਹ)**: ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਭ ਤੋਂ ਪਹਿਲਾਂ ਮੈਂ ਬਹੁਤ ਹੀ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਦੀ ਯੋਗ ਤੇ ਅਗਾਂਹਵਧੂ ਰਹਿਨੁਮਾਈ ਹੇਠ ਮਾਨਯੋਗ ਵਿੱਤ ਮੰਤਰੀ ਸਾਹਿਬ ਜੀ ਨੇ ਸਾਲ 2021-22 ਦਾ ਬਜਟ ਪੇਸ਼ ਕੀਤਾ ਹੈ। ਜਿਸ ਵਿੱਚ ਪੰਜਾਬ ਦੇ ਹਰ ਵਰਗ ਦਾ ਧਿਆਨ ਰੱਖਿਆ ਗਿਆ ਹੈ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਵਿਰਸੇ ਵਿੱਚ ਬਹੁਤ ਹੀ ਖਸਤਾ ਵਿੱਤੀ ਹਾਲਾਤਾਂ ਦੇ ਚਲਦਿਆਂ ਪਿਛਲੇ ਚਾਰ ਸਾਲਾਂ ਦੀ ਲਗਾਤਾਰ ਕੋਸ਼ਿਸ਼ ਅਤੇ ਉਮੀਦਾਂ ਤੋਂ ਬਾਅਦ ਇਹ ਬਜਟ ਬਹੁਤ ਹੀ ਸਰਾਹੁਣਯੋਗ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਬਹੁਤ ਹੀ ਸਤਿਕਾਰਯੋਗ ਵਿੱਤ ਮੰਤਰੀ ਜੀ ਦਾ ਜਿਨ੍ਹਾਂ ਨੇ ਪੰਜਾਬ ਦੇ ਹਰ ਗਰੀਬ ਵਰਗ ਦੀ ਲੋੜ ਨੂੰ ਮੁੱਖ ਸਮਝਦਿਆਂ ਗਰੀਬ ਪਰਿਵਾਰਾਂ ਲਈ, ਲੋੜਵੰਦ ਪਰਿਵਾਰਾਂ ਲਈ ਸ਼ਗਨ ਸਕੀਮ 21 ਹਜ਼ਾਰ ਰੁਪਏ ਤੋਂ ਵਧਾ ਕੇ 51 ਹਜ਼ਾਰ ਰੁਪਏ ਕੀਤੀ ਹੈ, ਇਸ ਲਈ ਮੈਂ ਵਿੱਤ ਮੰਤਰੀ ਸਾਹਿਬ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। (ਥੰਪਿੰਗ) ਅਸੀਂ ਕਹਿ ਸਕਦੇ ਹਾਂ ਕਿ ਲਗਭਗ 36 ਹਜ਼ਾਰ ਰੁਪਏ ਸਾਡੀ ਸਰਕਾਰ ਵਧਾਉਣ ਜਾ ਰਹੀ ਹੈ ਕਿਉਂਕਿ ਅਕਾਲੀ ਦਲ ਦੀ ਸਾਬਕਾ ਸਰਕਾਰ ਨੇ 15 ਹਜ਼ਾਰ ਰੁਪਏ ਨਾਲ ਹੀ ਦਸ ਸਾਲ ਕੱਢ ਦਿੱਤੇ ਸੀ ਤੇ ਲਾਰਾ 31 ਹਜ਼ਾਰ ਰੁਪਏ ਦਾ ਲਗਾਇਆ ਸੀ। ਪਰ ਮੈਂ ਧੰਨਵਾਦੀ ਹਾਂ ਵਿੱਤ ਮੰਤਰੀ ਸਾਹਿਬ ਦਾ ਜਿਨ੍ਹਾਂ ਨੇ ਆਪਣੇ ਕਾਰਜਕਾਲ ਵਿੱਚ 36 ਹਜ਼ਾਰ ਰੁਪਏ ਵਧਾਉਣ ਦਾ ਯਤਨ ਕੀਤਾ ਹੈ। ਮੇਰਾ ਖਿਆਲ ਹੈ ਕਿ ਇਸ ਤੋਂ ਵੱਡਾ ਗਰੀਬ ਲੋਕਾਂ ਨੂੰ ਕੋਈ ਬੈਨੀਫਿਟ ਨਹੀਂ ਹੋ ਸਕਦਾ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਰ, ਪੁਆਇੰਟ ਆਫ ਆਰਡਰ।

**ਮਾਨਯੋਗ ਡਿਪਟੀ ਸਪੀਕਰ:** ਹਾਂ ਜੀ, ਕੁਲਤਾਰ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਗੱਲ ਦੇ ਨਾਲ ਇੱਕ ਥੋੜ੍ਹੀ ਜਿਹੀ ਐਡੀਸ਼ਨ ਕਰਨੀ ਚਾਹੁੰਦਾ ਹਾਂ ਕਿ 51 ਹਜ਼ਾਰ ਵਧਾ ਰਹੇ ਹਨ ਜੀ ਕਿਉਂਕਿ ਇਹ 21 ਹਜ਼ਾਰ ਤੋਂ 30 ਹਜ਼ਾਰ ਨਹੀਂ ਵਧਾ ਰਹੇ, 51 ਹਜ਼ਾਰ ਵਧਾ ਰਹੇ ਹਨ, ਪਹਿਲਾਂ ਤਾਂ ਦਿੱਤਾ ਹੀ ਕੁਝ ਨਹੀਂ ਹੈ ਜੀ। ਕੁਝ ਵੀ ਨਹੀਂ ਦਿੱਤਾ ਜੀ।

**Mr. Deputy Speaker:** Carry on, carry on.

**ਸਰਦਾਰ ਸੁਰਜੀਤ ਸਿੰਘ ਧੀਮਾਨ:** ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੈਨੂੰ ਲਗਭਗ 14 ਸਾਲ ਇਸ ਹਾਊਸ ਦਾ ਮੈਂਬਰ ਬਣਨ ਨੂੰ ਹੋ ਗਏ ਹਨ, ਮੈਂ ਅੱਜ ਤੱਕ ਆਪਣੀ ਸੀਟ ਤੋਂ ਉੱਠ ਕੇ ਕਿਸੇ ਨੂੰ ਟੋਕਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਕਰਕੇ ਕ੍ਰਿਪਾ ਕਰਕੇ ਮਿਹਰਬਾਨੀ ਕਰੋ, ਦੋ ਮਿੰਟਾਂ ਦਾ ਸਮਾਂ ਹੈ, ਮੈਨੂੰ ਬੋਲ ਲੈਣ ਦਿਉ, ਬਹੁਤ-ਬਹੁਤ ਧੰਨਵਾਦ ਜੀ।

ਸਤਿਕਾਰਯੋਗ ਡਿਪਟੀ ਸਪੀਕਰ, ਉਸ ਤੋਂ ਬਾਅਦ ਜੇ ਅਸੀਂ ਪੈਨਸ਼ਨਾਂ ਦੀ ਗੱਲ ਕਰੀਏ, ਸਾਬਕਾ ਸਰਕਾਰ ਨੇ ਪਹਿਲਾਂ ਤਾਂ ਢਾਈ ਸਾਲ ਟਾਈਮ ਟਪਾਇਆ ਔਰ ਜਾਂਦੇ-ਜਾਂਦੇ ਸਾਲ 2016 ਵਿਚ ਢਾਈ ਸੌ ਰੁਪਏ ਵਧਾਇਆ, ਕਿਸੇ ਨੂੰ ਮਿਲਿਆ ਹੈ, ਕਿਸੇ ਨੂੰ ਨਹੀਂ ਮਿਲਿਆ ਹੈ। ਮੈਂ ਮੁੱਖ ਮੰਤਰੀ ਸਾਹਿਬ ਅਤੇ ਖਜ਼ਾਨਾ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਪਹਿਲੇ ਝੂਟੇ ਵਿਚ 250/- ਰੁਪਏ ਵਧਾਇਆ ਔਰ ਹੁਣ ਫਿਰ 750/- ਰੁਪਏ ਵਧਾ ਕੇ 1500/- ਰੁਪਏ ਸ਼ਗਨ ਸਕੀਮ ਗਰੀਬ ਲੋਕਾਂ ਨੂੰ ਦਿੱਤੀ ਹੈ, ਜਿਸ ਦਾ ਪੰਜਾਬ ਦੇ ਹਰੇਕ ਗਰੀਬ ਵਰਗ ਨੂੰ ਲਾਭ ਮਿਲੇਗਾ। ਇਸ ਦੇ ਨਾਲ ਮੈਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਵੀ ਕਰਨਾ ਚਾਹੁੰਦਾ ਹਾਂ ਕਿ ਕਿਰਪਾ ਕਰਕੇ ਜਿਸ ਤਰ੍ਹਾਂ ਸ਼ਗਨ ਸਕੀਮ ਹੈ ਕਿਉਂਕਿ ਵਿਰੋਧੀ ਇਸ ਕਰਕੇ ਟੱਪਦੇ ਹਨ ਕਿ ਉਨ੍ਹਾਂ ਵਾਸਤੇ ਕੋਈ ਮੁੱਦਾ ਬਚ ਨਹੀਂ ਰਿਹਾ। ਮੈਂ ਖਜ਼ਾਨਾ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ 500/- ਰੁਪਏ ਦੀ ਕਸਰ ਰਹਿ ਗਈ ਹੈ। ਕਿਰਪਾ ਕਰਕੇ ਜੁਲਾਈ ਜਾਂ ਅਗਸਤ ਵਿਚ 500/- ਰੁਪਏ ਪੂਰਾ ਕਰਕੇ ਉਨ੍ਹਾਂ ਲੋਕਾਂ ਦਾ ਆਪਾਂ ਮਾਣ ਜਿੱਤੀਏ ਜਿਨ੍ਹਾਂ ਲੋਕਾਂ ਨਾਲ ਅਸੀਂ 2000/- ਰੁਪਏ ਦਾ ਵਾਅਦਾ ਕਰਕੇ ਆਏ ਹਾਂ। ਮੈਂ ਧੰਨਵਾਦੀ ਹਾਂ ਕਿ ਆਜ਼ਾਦੀ ਘੁਲਾਟੀਆਂ ਲਈ ਬਹੁਤ ਵੱਡਾ ਕਦਮ ਚੁੱਕਿਆ ਹੈ, 7500/- ਰੁਪਏ ਤੋਂ ਵਧਾ ਕੇ 9400/- ਰੁਪਏ ਦੀ ਪੈਨਸ਼ਨ ਕੀਤੀ ਹੈ, ਮੇਰਾ ਖਿਆਲ ਹੈ ਕਿ ਇਸ ਤੋਂ ਵੱਧ ਇਜ਼ਤ-ਮਾਣ ਅਸੀਂ ਆਜ਼ਾਦੀ ਘੁਲਾਟੀਆਂ ਨੂੰ ਨਹੀਂ ਦੇ ਸਕਦੇ। ਡਿਪਟੀ ਸਪੀਕਰ ਸਾਹਿਬ, ਸਭ ਤੋਂ ਵੱਡਾ ਇੱਕ ਹੋਰ ਫੈਸਲਾ ਹੈ ਕਿ ਪੰਜਾਬ ਦੀਆਂ

ਮਹਿਲਾਵਾਂ ਅਤੇ ਵਿਦਿਆਰਥੀਆਂ ਲਈ ਬੱਸਾਂ ਵਿਚ ਸਫਰ ਬਿਲਕੁਲ ਮੁਫਤ ਕੀਤਾ ਹੈ, ਇਹ ਬਹੁਤ ਵੱਡੀ ਸਹੂਲਤ ਹੈ, ਹਰ ਇੱਕ ਗਰੀਬ ਭੈਣ, ਮਾਂ, ਹਰ ਇੱਕ ਬੱਚੇ ਨੂੰ ਇਸ ਦਾ ਲਾਭ ਮਿਲੇਗਾ। ਉਸ ਤੋਂ ਬਾਅਦ ਗਰੀਬ ਪਰਿਵਾਰਾਂ ਲਈ ਜਿਹੜਾ 562 ਕਰੋੜ ਰੁਪਿਆ ਮੁਆਫ ਕਰਨ ਦਾ ਪ੍ਰਬੰਧ ਕੀਤਾ ਹੈ, ਇਹ ਬਹੁਤ ਵੱਡਾ ਕਦਮ ਹੈ ਜੀ। ਇਸ ਦੀ ਸ਼ਲਾਘਾ ਕਰਨੀ ਬਣਦੀ ਹੈ। ਇਸ ਦੇ ਨਾਲ ਹੀ ਮੈਂ ਵਿੱਤ ਮੰਤਰੀ ਸਾਹਿਬ ਦਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਬਹੁਤ ਹੀ ਖੁੱਲ੍ਹੇ ਦਿਲ ਨਾਲ ਕੋਸ਼ਿਸ਼ ਕੀਤੀ ਹੈ ਕਿ ਪੰਜਾਬ ਦੇ ਹਰ ਵਰਗ ਦੀਆਂ ਆਸਾਂ ਤੇ ਅਸੀਂ ਪੂਰੇ ਉੱਤਰ ਸਕੀਏ। ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਅਤੇ ਖਜ਼ਾਨਾ ਮੰਤਰੀ ਜੀ ਦਾ ਧਿਆਨ ਹਲਕਾ ਅਮਰਗੜ੍ਹ ਦੇ ਕੁਝ ਵਿਕਾਸ ਕਾਰਜਾਂ ਵੱਲ ਦਿਵਾਉਣਾ ਚਾਹੁੰਦਾ ਹਾਂ ਕਿਉਂਕਿ ਅਹਿਮਦਗੜ੍ਹ ਇੱਕ ਕਸਬਾ ਹੈ, ਬਹੁਤ ਪੁਰਾਣੀ ਮੰਡੀ ਹੈ, ਜਿਹੜੀ ਬਹੁਤ ਲੰਮੇ ਸਮੇਂ ਤੋਂ ਲੈ ਕੇ ਸਮੱਸਿਆ ਦਾ ਸਾਹਮਣਾ ਕਰ ਰਹੀ ਹੈ ਔਰ ਉੱਥੇ ਅਜੇ ਤੱਕ ਕੋਈ ਸਹੂਲਤ ਕਿਸੇ ਵੀ ਸਰਕਾਰ ਨੇ ਨਹੀਂ ਦਿੱਤੀ। ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਖੁੱਲ੍ਹੇ ਦਿਲ ਨਾਲ ਅਹਿਮਦਗੜ੍ਹ ਸ਼ਹਿਰ ਲਈ ਵਿਕਾਸ ਕੀਤਾ, ਅਹਿਮਦਗੜ੍ਹ ਸ਼ਹਿਰ ਪਹਿਲਾਂ ਸਬ-ਡਿਵੀਜ਼ਨ ਬਣਿਆ ਔਰ ਨਾਲ-ਨਾਲ 32 ਕਰੋੜ ਰੁਪਏ ਦਾ ਫਲਾਈਓਵਰ ਲਗਭਗ ਅਗਸਤ ਦੇ ਵਿਚ ਜਨਤਾ ਦੇ ਸਪੁਰਦ ਹੋਣ ਜਾ ਰਿਹਾ ਹੈ, ਇਹ ਸਾਡੀ ਸਰਕਾਰ ਦੀ ਬਹੁਤ ਵੱਡੀ ਪ੍ਰਾਪਤੀ ਹੈ। ਇਸ ਦੇ ਨਾਲ ਹੀ ਅਹਿਮਦਗੜ੍ਹ ਸ਼ਹਿਰ ਦੇ ਗੰਦੇ ਪਾਣੀ ਦੀ ਨਿਕਾਸੀ ਦੇ ਕੰਮ ਦਾ ਪ੍ਰਬੰਧ ਨਹੀਂ ਕੀਤਾ ਸੀ, ਮੈਂ ਇਸ ਲਈ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ ਕਿ ਐਸ.ਟੀ.ਪੀ. ਦਾ ਕੰਮ ਜੰਗੀ ਪੱਧਰ ਤੇ ਚੱਲ ਰਿਹਾ ਹੈ ਅਤੇ ਸਾਲ ਵਿਚ ਤਿਆਰ ਹੋ ਜਾਣਾ ਹੈ। ਉਸ ਦੇ ਨਾਲ-ਨਾਲ 7.5 ਕਰੋੜ ਰੁਪਏ ਦੇ ਸੀਵਰੇਜ ਦੇ ਅਧੂਰੇ ਕੰਮ ਪਏ ਸਨ, ਉਹ ਵੀ ਮੇਰਾ ਖਿਆਲ ਹੈ ਕਿ ਅਪਰੈਲ, ਮਈ ਵਿਚ ਸਿਰੇ ਚੜ੍ਹਨ ਜਾ ਰਹੇ ਹਨ। ਇੱਕ ਗੱਲ ਵੱਲ ਮੈਂ ਸਰਕਾਰ ਅਤੇ ਖਜ਼ਾਨਾ ਮੰਤਰੀ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਸੀਨੀਅਰ ਸੈਕੰਡਰੀ ਸਕੂਲ ਦਾ ਕੰਮ ਅਹਿਮਦਗੜ੍ਹ ਵਿਖੇ ਚਲ ਰਿਹਾ ਹੈ ਔਰ ਤੁਸੀਂ ਹੈਰਾਨ ਹੋਵੋਗੇ ਕਿ ਜਿਸ ਦਿਨ ਦਾ ਦੇਸ਼ ਆਜ਼ਾਦ ਹੋਇਆ ਹੈ, ਇੱਕ ਅਹਿਮਦਗੜ੍ਹ ਕਸਬਾ ਹੈ, ਜਿੱਥੇ ਸੀਨੀਅਰ ਸੈਕੰਡਰੀ ਸਕੂਲ ਨਹੀਂ ਬਣਿਆ। ਮੈਂ ਵਿੱਤ ਮੰਤਰੀ ਸਾਹਿਬ ਨੂੰ ਦਾਦ ਦੇਣੀ ਚਾਹੁੰਦਾ ਹਾਂ, ਜਿਨ੍ਹਾਂ ਦੀ ਰਹਿਨੁਮਾਈ ਹੇਠ ਸੀਨੀਅਰ ਸੈਕੰਡਰੀ ਸਕੂਲ ਬਣ ਕੇ ਤਿਆਰ ਹੋ ਰਿਹਾ ਹੈ। ਮੇਰਾ ਖਿਆਲ ਹੈ ਕਿ ਦੋ ਮਹੀਨੇ ਵਿਚ ਅਸੀਂ ਉਸ ਨੂੰ ਜਨਤਾ ਦੇ ਸਪੁਰਦ ਕਰ ਦੇਵਾਂਗੇ। ਮੈਂ ਅਮਰਗੜ੍ਹ ਹਲਕੇ ਵੱਲ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿਉਂਕਿ ਸਾਡੀ ਬਹੁਤ ਵੱਡੀ ਪ੍ਰਾਪਤੀ ਹੈ। ਮੈਂ ਕਹਿੰਦਾ ਹਾਂ ਕਿ ਇਤਿਹਾਸ ਵਿਚ ਪਹਿਲੀ ਵਾਰੀ ਹੋਇਆ ਹੈ ਕਿ ਕੋਈ ਛੋਟਾ ਕਸਬਾ ਹੋਵੇ ਜਿੱਥੇ ਨਗਰ

ਪੰਚਾਇਤ ਬਣੀ ਹੋਵੇ।ਔਰ ਪੰਜ ਸਾਲਾਂ ਤੋਂ ਬਾਅਦ ਇੱਕ ਜਿਹੜਾ 9 ਕਰੋੜ ਰੁਪਏ ਦਾ ਪ੍ਰਾਜੈਕਟ ਹੈ, ਉਹ ਕਸਬੇ ਨੂੰ ਮਿਲਿਆ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਉਸ ਦਾ ਵੀ ਜਿਹੜਾ ਸੀਵਰੇਜ ਦਾ ਕੰਮ ਹੈ, ਉਹ ਅਪ੍ਰੈਲ ਜਾਂ ਮਈ ਵਿੱਚ ਲੋਕਾਂ ਦੇ ਸਪੁਰਦ ਕਰ ਦਿੱਤਾ ਜਾਵੇਗਾ, ਇਸ ਤੋਂ ਵੱਡੀ ਕੋਈ ਸਾਡੀ ਪ੍ਰਾਪਤੀ ਨਹੀਂ ਹੋ ਸਕਦੀ। ਦੂਜੇ ਪਾਸੇ, ਮੈਂ ਖਜ਼ਾਨਾ ਮੰਤਰੀ ਸਾਹਿਬ ਦੇ ਧਿਆਨ ਵਿੱਚ ਇੱਕ ਗੱਲ ਹੋਰ ਲਿਆਉਣੀ ਚਾਹੁੰਦਾ ਹਾਂ ਕਿ ਵੈਸੇ ਤਾਂ ਮੈਨੂੰ ਇਹ ਲੜਾਈ ਲੜਦੇ ਹੋਏ ਤਿੰਨ ਸਾਲ ਹੋ ਗਏ ਹਨ ਕਿਉਂਕਿ ਉਹ ਕਸਬਾ ਹੈ ਅਤੇ ਉਥੇ ਬਹੁਤ ਵੱਡੀ ਆਵਾਜਾਈ ਹੈ, ਰਸਤਾ ਵੀ ਬਹੁਤ ਤੰਗ ਹੈ। ਮੈਂ ਇੱਥੇ ਦੋ ਵਾਰੀ ਕੁਐਸਚਨ ਰੇਜ਼ ਕੀਤਾ ਹੈ ਪਰ ਅੱਜ ਤੱਕ ਮੈਨੂੰ ਉਸ ਕੁਐਸਚਨ ਦਾ ਠੋਸ ਜਵਾਬ ਨਹੀਂ ਲੱਭਿਆ ਹੈ। ਮੈਨੂੰ ਖੁਸ਼ੀ ਮਿਲੀ ਜਦੋਂ ਮੈਂ ਖਜ਼ਾਨਾ ਮੰਤਰੀ ਸਾਹਿਬ ਨੂੰ ਮਿਲਿਆ ਅਤੇ ਜਿਹੜਾ 44 ਕਰੋੜ ਰੁਪਏ ਦਾ ਪ੍ਰਾਜੈਕਟ ਮਹਿਕਮੇ ਵੱਲੋਂ ਬਣਾਇਆ ਗਿਆ ਸੀ, ਉਸ ਦਾ ਐਸਟੀਮੇਟ ਇਨ੍ਹਾਂ ਨੂੰ ਦੇ ਕੇ ਆਇਆ ਔਰ ਇਨ੍ਹਾਂ ਨੇ ਮੈਨੂੰ ਵਿਸ਼ਵਾਸ ਵੀ ਦਿਵਾਇਆ ਕਿ ਐਮ.ਐਲ.ਏ. ਸਾਹਿਬ, ਜਿਹੜਾ ਇਹ ਤੁਹਾਡਾ 44 ਕਰੋੜ ਰੁਪਏ ਦਾ ਪ੍ਰਾਜੈਕਟ ਹੈ, ਇਸ ਨੂੰ ਮੈਂ ਬਜਟ ਸੈਸ਼ਨ ਵਿੱਚ ਪਾਸ ਕਰਵਾ ਦੇਵਾਂਗਾ ਲੇਕਿਨ ਜਦੋਂ ਵਿੱਤ ਮੰਤਰੀ ਸਾਹਿਬ ਨੇ ਬਜਟ ਭਾਸ਼ਣ ਪੜ੍ਹਿਆ ਤਾਂ ਮੈਨੂੰ ਨਿਰਾਸ਼ਾ ਹੋਈ ਕਿਉਂਕਿ ਮੇਰੇ ਪੱਲੇ ਨਿਰਾਸ਼ਤਾ ਪਈ। ਮੇਰੇ ਪੱਲੇ ਨਿਰਾਸ਼ਤਾ ਇਸ ਕਰਕੇ ਪਈ ਕਿਉਂਕਿ ਮੈਨੂੰ ਬਹੁਤ ਵੱਡਾ ਫਖਰ ਸੀ ਅਤੇ ਬਹੁਤ ਵੱਡੀ ਉਮੀਦ ਸੀ ਕਿ ਖਜ਼ਾਨਾ ਮੰਤਰੀ ਸਾਹਿਬ ਹਲਕਾ ਅਮਰਗੜ੍ਹ ਨੂੰ ਬਾਈਪਾਸ ਜ਼ਰੂਰ ਦੇਣਗੇ, ਇਹ ਇਕੱਲੇ ਧੀਮਾਨ ਦੀ ਸਮੱਸਿਆ ਨਹੀਂ ਹੈ, ਇਹ ਲੋਕਾਂ ਦੀ ਸਮੱਸਿਆ ਹੈ, ਉਸ ਇਲਾਕੇ ਦੇ ਆਲੇ-ਦੁਆਲੇ ਦੇ ਲੋਕਾਂ ਦੀ ਸਮੱਸਿਆ ਹੈ ਕਿਉਂਕਿ ਜਿੰਨਾ ਚਿਰ ਅਸੀਂ ਰਸਤੇ ਦਾ ਢੁਕਵਾਂ ਪ੍ਰਬੰਧ ਨਹੀਂ ਕਰਾਂਗੇ ਉਂਨਾ ਚਿਰ ਕੋਈ ਵੀ ਕਸਬਾ ਤਰੱਕੀ ਨਹੀਂ ਕਰ ਸਕਦਾ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਉੱਤੇ ਦੁਬਾਰਾ ਗੌਰ ਫੁਰਮਾ ਲਓ ਤਾਂ ਕਿ ਲੋਕਾਂ ਨੂੰ ਕੋਈ ਨਾ ਕੋਈ ਵਧੀਆ ਸਹੂਲਤ ਮਿਲ ਸਕੇ। ਦੂਸਰਾ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਲ 2020 ਵਿੱਚ ਇੱਕ ਆਈ.ਟੀ.ਆਈ. ਦਾ ਐਲਾਨ ਹੋਇਆ, ਇਹ ਸਿਰਫ ਇੱਕ ਆਈ.ਟੀ.ਆਈ. ਦਾ ਐਲਾਨ ਨਹੀਂ ਬਲਕਿ ਪੰਜਾਬ ਵਿੱਚ ਦੇ ਲਗਭਗ ਕਾਫੀ ਆਈ.ਟੀ.ਆਈਜ਼ ਬਣਾਉਣ ਦਾ ਐਲਾਨ ਹੋਇਆ। ਪਰ ਮੈਨੂੰ ਇਹ ਗੱਲ ਬੜੇ ਅਫਸੋਸ ਨਾਲ ਕਹਿਣੀ ਪੈ ਰਹੀ ਹੈ ਕਿ ਜਦੋਂ ਪਿਛਲੀ ਵਾਰੀ ਬਜਟ ਸੈਸ਼ਨ ਆਇਆ ਤਾਂ ਉਸ ਵਿੱਚ ਆਈ.ਟੀ.ਆਈ. ਅਮਰਗੜ੍ਹ ਦਾ ਜ਼ਿਕਰ ਨਹੀਂ ਹੋਇਆ ਔਰ ਮੈਂ ਫਿਰ ਖਜ਼ਾਨਾ ਮੰਤਰੀ ਸਾਹਿਬ ਨੂੰ ਮਿਲਿਆ ਅਤੇ ਮੰਤਰੀ, ਚੰਨੀ ਜੀ ਨੂੰ ਵੀ ਮਿਲਿਆ। ਉਸ ਤੋਂ ਬਾਅਦ ਇਨ੍ਹਾਂ ਨੇ ਇੱਕ ਕਮੇਟੀ ਬਣਾ ਕੇ, ਉਸ ਦਾ ਸਰਵੇ ਕੀਤਾ ਅਤੇ ਸਾਡੇ ਤੋਂ ਜ਼ਮੀਨ ਦਾ

ਮਤਾ ਪਵਾ ਲਿਆ ਗਿਆ ਪਰ ਅੱਜ ਮੈਨੂੰ ਫਿਰ ਉਸ ਗੱਲ ਦਾ ਅਫਸੋਸ ਹੈ ਕਿ ਅੱਜ ਤੱਕ ਉਸ ਗਰਾਊਂਡ ਤੇ ਕੋਈ ਆਈ.ਟੀ.ਆਈ. ਬਣਾਉਣ ਦਾ ਕੰਮ ਨਹੀਂ ਚੱਲਿਆ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਇੱਕ ਪੇਂਡੂ ਏਰੀਆ ਹੈ, ਇੱਕ ਇੰਡਸਟਰੀ ਦੀ ਹੱਬ ਹੈ, ਉਥੋਂ ਬਹੁਤ ਸਾਰੇ ਬੱਚਿਆਂ ਨੂੰ ਰੁਜ਼ਗਾਰ ਮਿਲਣ ਦੀ ਆਸ ਹੈ, ਜੇਕਰ ਮਹੀਨਾ ਅਪ੍ਰੈਲ ਵਿੱਚ ਆਈ.ਟੀ.ਆਈ. ਬਣਾਉਣ ਦਾ ਕੰਮ ਸ਼ੁਰੂ ਹੋ ਜਾਵੇ ਤਾਂ ਬਹੁਤ ਸਾਰੇ ਲੋਕਾਂ ਨੂੰ ਇਸ ਦਾ ਫਾਇਦਾ ਮਿਲ ਸਕਦਾ ਹੈ। ਇਸ ਤੋਂ ਇਲਾਵਾ ਜਿਹੜਾ ਅਮਰਗੜ੍ਹ ਨੂੰ ਸਟੇਡੀਅਮ ਦਿੱਤਾ ਹੈ, ਜਿਸ ਦੀ ਅਮਰਗੜ੍ਹ ਨੂੰ ਬਹੁਤ ਵੱਡੀ ਲੋੜ ਵੀ ਸੀ, ਇਸ ਲਈ ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿਉਂਕਿ ਜਿਹੜੇ ਪਿੰਡਾਂ ਦੇ ਵਿਕਾਸ ਹਨ, ਉਹ ਬੜੇ ਤੇਜ਼ੀ ਨਾਲ ਚੱਲ ਰਹੇ ਹਨ। ਇਸ ਦਾ ਮਤਲਬ ਇਹ ਨਹੀਂ ਹੈ ਕਿ ਇਹ ਕੰਮ ਤੇਜ਼ੀ ਨਾਲ ਚੱਲ ਰਹੇ ਹਨ ਬਲਕਿ ਸਾਨੂੰ ਅਮਰਗੜ੍ਹ ਦੇ ਪਿੰਡਾਂ ਦੇ ਪਾਣੀ ਦੇ ਨਿਕਾਸ ਅਤੇ ਵਿਕਾਸ ਲਈ ਬਹੁਤ ਵੱਡੇ ਪੱਧਰ ਤੇ ਫੰਡਾਂ ਦੀ ਲੋੜ ਹੈ। ਕ੍ਰਿਪਾ ਕਰਕੇ ਇਸ ਲੋੜ ਨੂੰ ਮੁੱਖ ਰੱਖਦੇ ਹੋਏ, ਜਿਹੜਾ ਪੈਸੇ ਦਾ ਪ੍ਰਬੰਧ ਹੈ, ਉਹ ਵੀ ਕਰਕੇ ਦਿੱਤਾ ਜਾਵੇ। ਇਸ ਦੇ ਨਾਲ-ਨਾਲ ਮੈਂ ਸਭ ਤੋਂ ਵੱਡੀ ਗੱਲ ਅਹਿਮਦਗੜ੍ਹ ਵਾਸਤੇ ਕਹਿਣੀ ਚਾਹੁੰਦਾ ਹਾਂ ਕਿ ਇੱਥੇ ਮੈਂ ਤਿੰਨ ਵਾਰੀ ਸਵਾਲ ਰੇਜ਼ ਕਰ ਚੁੱਕਿਆ ਹਾਂ, ਪਹਿਲਾਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਜਵਾਬ ਦਿੱਤਾ। ਉਸ ਤੋਂ ਬਾਅਦ ਮਾਲ ਮਹਿਕਮੇ ਦੇ ਮੰਤਰੀ ਸੁਖ ਸਰਕਾਰੀਆ ਜੀ ਆਏ, ਉਹ ਵੀ ਸਪੱਸ਼ਟ ਜਵਾਬ ਨਾ ਦੇ ਸਕੇ। ਉਸ ਤੋਂ ਬਾਅਦ ਬਹੁਤ ਹੀ ਸਤਿਕਾਰਯੋਗ ਕਾਂਗੜ ਸਾਹਿਬ ਜੀ, ਇਸ ਮਾਲ ਮਹਿਕਮੇ ਦੇ ਮੰਤਰੀ ਜੀ ਆਏ, ਉਨ੍ਹਾਂ ਨੇ ਜਿਹੜਾ ਜਵਾਬ ਦਿੱਤਾ ਸੀ, ਉਸ ਵਿੱਚ ਲਿਖਿਆ ਸੀ ਕਿ ਜਿਹੜੀ ਸਬ-ਡਵੀਜ਼ਨ ਹੈ, ਇਸ ਦਾ ਕੰਪਲੈਕਸ ਬਣਾ ਦੇਵਾਂਗੇ ਪਰ ਸਾਨੂੰ ਅਜੇ ਤੱਕ NOC ਨਹੀਂ ਮਿਲੀ। ਸਾਨੂੰ ਬੜਾ ਹਾਸੋ-ਹੀਣਾ ਜਵਾਬ ਮਿਲਿਆ। ਉਥੇ ਜਗ੍ਹਾ ਦਾ ਪ੍ਰਬੰਧ ਨਹੀਂ ਹੈ ਕਿਉਂਕਿ ਉਥੇ ਮਾਰਕਫੈੱਡ ਦੇ ਗਰਾਊਂਡ ਬਣੇ ਹੋਏ ਹਨ ਔਰ ਜਿਹੜੀ ਉਥੋਂ ਦੀ ਸਹਿਕਾਰਤਾ ਡਿਪਾਰਟਮੈਂਟ ਦੀ ਮਾਰਕੀਟਿੰਗ ਸੁਸਾਇਟੀ ਹੈ ਤਾਂ ਉਥੇ ਬਹੁਤ ਹੀ ਸਤਿਕਾਰਯੋਗ ਡੀ.ਸੀ. ਸਾਹਿਬ ਨੇ ਮਤਾ ਪਵਾ ਕੇ ਸਰਕਾਰ ਨੂੰ ਭੇਜ ਦਿੱਤਾ ਪਰ ਅੱਜ ਤੱਕ ਸਾਨੂੰ ਉਸ ਦਾ No Objection Certificate ਨਹੀਂ ਮਿਲਿਆ । ਬਹੁਤ ਹੀ ਸਤਿਕਾਰਯੋਗ ਸਰਦਾਰ ਮਨਪ੍ਰੀਤ ਸਿੰਘ ਜੀ ਨੇ ਬਜਟ ਵਿੱਚ ਜ਼ਿਕਰ ਕੀਤਾ ਹੈ ਕਿ ਅਸੀਂ ਸਬ-ਤਹਿਸੀਲ ਦੇ ਕੰਪਲੈਕਸ ਬਣਾਉਣ ਜਾ ਰਹੇ ਹਾਂ ਪਰ ਮੈਨੂੰ ਇੰਨਾ-ਕੁ ਦੱਸ ਦੇਣ ਕਿ ਚਾਰ ਕਰੋੜ ਰੁਪਏ ਤਾਂ ਲਗਾਉਣਗੇ ਪਰ ਉਹ ਕਿਹੜੀ-ਕਿਹੜੀ ਜਗ੍ਹਾ ਦੇ 'ਤੇ ਬਣਾਏ ਜਾਣਗੇ, ਜਦੋਂ ਕਿ ਸਾਡੇ ਕੋਲ ਜਗ੍ਹਾ ਦਾ ਪ੍ਰਬੰਧ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਇਸ ਲਈ ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਜਿੰਨਾ ਛੇਤੀ ਹੋ ਸਕੇ, ਜਗ੍ਹਾ ਦਾ ਪ੍ਰਬੰਧ ਕੀਤਾ ਜਾਏ

ਕਿਉਂਕਿ ਸਬ-ਡਵੀਜ਼ਨ ਸਾਲ 2016 ਵਿੱਚ ਬਣੀ ਹੈ, ਲੋਕਾਂ ਨੂੰ ਬਹੁਤ ਵੱਡੀਆਂ ਪ੍ਰਾਬਲਮਜ਼ ਹਨ, ਉਥੇ ਨਾ ਤਾਂ ਪੂਰੇ ਅਫਸਰ ਬੈਠਦੇ ਹਨ, ਨਾ ਮੁਲਾਜ਼ਮ ਬੈਠਦੇ ਹਨ। ਜਿਹੜਾ ਸਾਡਾ ਡਿਪਟੀ ਹੈ, ਉਹ ਮਲੇਰਕੋਟਲਾ ਵਿਖੇ ਬੈਠਾ ਹੈ, ਜਿਹੜੀ ਸਾਡੀ ਸੀ.ਡੀ.ਪੀ.ਓ. ਹੈ, ਉਹ ਵੀ ਮਲੇਰਕੋਟਲਾ ਵਿਖੇ ਬੈਠੀ ਹੈ। ਇਸ ਕਰਕੇ ਜਿਹੜਾ ਸਬ-ਡਵੀਜ਼ਨ ਦਾ ਕੰਮ ਹੈ, ਉਹ ਪੂਰਾ ਨਹੀਂ ਹੋ ਰਿਹਾ ਹੈ ਅਤੇ ਲੋਕਾਂ ਨੂੰ ਸਮੱਸਿਆਵਾਂ ਆ ਰਹੀਆਂ ਹਨ।

**ਮਾਨਯੋਗ ਡਿਪਟੀ ਸਪੀਕਰ:** ਸੁਰਜੀਤ ਸਿੰਘ ਧੀਮਾਨ ਜੀ, ਕਨਕਲੂਡ ਕਰੋ। ਤੁਸੀਂ ਕਨਕਲੂਡ ਕਰੋ।

**ਸਰਦਾਰ ਸੁਰਜੀਤ ਸਿੰਘ ਧੀਮਾਨ:** ਮੈਂ ਕਨਕਲੂਡ ਹੀ ਕਰ ਰਿਹਾ ਹਾਂ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਦਾ, ਮੁੱਖ ਮੰਤਰੀ ਸਾਹਿਬ ਦਾ ਅਤੇ ਵਿੱਤੀ ਮੰਤਰੀ ਸਾਹਿਬ ਦਾ ਧਿਆਨ ਇੱਕ ਅਹਿਮ ਪਹਿਲੂ ਵੱਲ ਦਿਵਾਉਣਾ ਚਾਹੁੰਦਾ ਹਾਂ। ਜਿਹੜਾ ਇੱਕ ਪਛੜਿਆ ਸਮਾਜ ਹੈ, ਬੀ.ਸੀ. ਸਮਾਜ, ਜਿਸ ਨੂੰ ਕੋਈ ਵੀ ਸਰਕਾਰ ਆਈ, ਕੋਈ ਵੀ ਪਾਰਟੀ ਆਈ ਸਭ ਨੇ ਅੱਖੋਂ ਓਹਲੇ ਕੀਤਾ ਹੈ। ਮੈਂ ਉਸ ਦਾ ਕੁਝ ਬਿਆਨ ਕਰਨਾ ਚਾਹੁੰਦਾ ਹਾਂ। ਕਿਰਪਾ ਕਰਕੇ ਦੋ ਮਿੰਟ ਦਾ ਸਮਾਂ ਦੇ ਦਿਓ। ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਵੀ.ਪੀ. ਸਿੰਘ ਨੇ ਦੇਸ਼ ਅੰਦਰ ਪਛੜੀਆਂ ਜਾਤੀਆਂ ਦੇ ਲੋਕਾਂ ਦੀ ਮੰਡਲ ਕਮਿਸ਼ਨ ਦੀ ਰਿਪੋਰਟ ਹੈ, ਆਬਾਦੀ ਦੇ ਮੁਤਾਬਕ ਉਹ ਰਿਪੋਰਟ ਲਾਗੂ ਕੀਤੀ ਪਰ ਕੁਝ ਪਛੜੀਆਂ ਸ਼੍ਰੇਣੀਆਂ ਦੇ ਵਿਰੋਧੀ ਲੋਕ ਸਨ ਜਿਹੜੇ ਰਿਜ਼ਰਵੇਸ਼ਨ ਨਹੀਂ ਚਾਹੁੰਦੇ ਸਨ ਉਨ੍ਹਾਂ ਨੇ PIL ਮਾਨਯੋਗ ਸੁਪਰੀਮ ਕੋਰਟ ਵਿੱਹ ਪਾ ਦਿੱਤੀ। ਮੰਡਲ ਕਮਿਸ਼ਨ ਦੀ ਰਿਪੋਰਟ ਦਾ ਸੁਪਰੀਮ ਕੋਰਟ ਵਿੱਚ ਘੱਟੋਂ ਘੱਟ ਦੋ ਸਾਲ ਕੇਸ ਚੱਲਿਆ। 16-11-1992 ਨੂੰ ਮਾਨਯੋਗ ਸੁਪਰੀਮ ਕੋਰਟ ਨੇ ਦੇਸ਼ ਅੰਦਰ ਨੋਟੀਫਿਕੇਸ਼ਨ ਕਰ ਦਿੱਤੀ , ਹਰ ਇੱਕ ਸੂਬੇ ਦੀਆਂ ਸਰਕਾਰਾਂ ਨੂੰ ਨਿਰਦੇਸ਼ ਜਾਰੀ ਕਰ ਦਿੱਤੇ ਕਿ ਹਰ ਇੱਕ ਸੂਬਾ ਆਪਣੇ ਪੱਧਰ ਦੇ ਉੱਤੇ ਆਬਾਦੀ ਦੇ ਹਿਸਾਬ ਨਾਲ ਰਾਖਵਾਂਕਰਨ ਲਾਗੂ ਕਰ ਸਕਦਾ ਹੈ। ਪਛੜੀਆਂ ਸ਼੍ਰੇਣੀਆਂ ਨੂੰ ਨੌਕਰੀ ਦੇ ਵਿੱਚ ਵੀ ਉਨ੍ਹਾਂ ਦਾ ਬਣਦਾ ਹਿੱਸਾ ਦੇ ਸਕਦਾ ਹੈ। ਪੰਜਾਬ ਅੰਦਰ ਜਿਹੜੀਆਂ ਪਛੜੀਆਂ ਜਾਤੀਆਂ ਹਨ ਉਨ੍ਹਾਂ ਦੀ ਆਬਾਦੀ ਤਕਰੀਬਨ 42% ਹੈ। ਸਾਬਕਾ ਮੁੱਖ ਮੰਤਰੀ ਸਵਰਗੀਆ ਬੇਅੰਤ ਸਿੰਘ ਜੀ ਦੀ ਸਰਕਾਰ ਤੋਂ ਲੈ ਕੇ ਅੱਜ ਤੱਕ ਕਿਸੇ ਵੀ ਸਰਕਾਰ ਨੇ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀ ਤਾਮੀਲ ਨਹੀਂ ਕੀਤੀ। ਜੇਕਰ ਪੰਜਾਬ ਦੇ ਬਹੁਤ ਹੀ ਸਤਿਕਾਰਯੋਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਚਾਹੁਣ ਤਾਂ ਸੂਬੇ ਅੰਦਰ 42% ਆਬਾਦੀ ਮੁਤਾਬਿਕ ਰਾਖਵਾਂਕਰਨ ਲਾਗੂ ਹੋ ਸਕਦਾ ਹੈ। ਕਿਉਂਕਿ ਰਾਜਸਥਾਨ ਦੇ ਵਿੱਚ ਵੀ ਲਾਗੂ ਹੋਇਆ ਹੈ। ਇਸੇ ਤਰ੍ਹਾਂ ਉੱਤਰ ਪ੍ਰਦੇਸ਼, ਮਹਾਰਾਸ਼ਟਰ, ਮੱਧ ਪ੍ਰਦੇਸ਼

ਅਤੇ ਹੋਰ ਰਾਜਾਂ ਵਿੱਚ ਵੀ ਰਾਖਵਾਂਕਰਨ ਲਾਗੂ ਹੈ। ਸੋ, ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਅਤੇ ਸਾਰੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਵਿੱਚ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੇ ਮੁਤਾਬਿਕ ਬਾਕੀ ਰਾਜਾਂ ਦੀ ਤਰਜ਼ ਦੇ ਉੱਤੇ ਉਪ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਦੇ ਹੋਏ ਪਛੜੀਆਂ ਜਾਤੀਆਂ ਲਈ ਆਬਾਦੀ ਮੁਤਾਬਕ 42% ਰਾਖਵਾਂਕਰਨ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ ਕਿਉਂਕਿ ਬਹੁਤ ਵੱਡਾ ਸਮਾਜ ਹੈ। ਜਿਹੜਾ ਪਛੜਿਆ ਸਮਾਜ ਹੈ, ਬੀ.ਸੀ. ਸਮਾਜ ਹੈ ਇਹ ਵੀ ਸਾਡੇ ਸੂਬੇ ਦਾ ਅੰਗ ਹੈ। ਅੱਜ ਤੱਕ ਕਿਸੇ ਵੀ ਪਾਰਟੀ ਨੇ ਇਸ ਦੀ ਲੋੜ ਨਹੀਂ ਸਮਝੀ। ਕੋਈ ਵੀ ਸੂਬਾ ਹੈ, ਕੋਈ ਵੀ ਸਰਕਾਰ ਹੈ, ਕੋਈ ਵੀ ਕੰਮ ਹੈ ਹਰ ਇੱਕ ਦਾ ਉਸ ਵਿੱਚ ਵੱਡਾ ਯੋਗਦਾਨ ਹੁੰਦਾ ਹੈ। ਜੇਕਰ ਅੱਜ ਪੰਜਾਬ ਨੇ ਤਰੱਕੀ ਕੀਤੀ ਹੈ ਕਿਉਂਕਿ ਜਿਹੜਾ ਪਛੜਿਆ ਸਮਾਜ ਹੈ, ਬੀ.ਸੀ. ਸਮਾਜ ਹੈ, ਮਿਹਨਤਕਸ਼ ਲੋਕਾਂ ਦਾ ਸਮਾਜ ਹੈ ਕਿਉਂਕਿ ਹਰੀ ਕ੍ਰਾਂਤੀ ਲਿਆਉਣ ਦੇ ਵਿੱਚ ਸਾਡੇ ਇਨ੍ਹਾਂ ਪਰਿਵਾਰਾਂ ਦਾ ਸਾਡੇ ਸਮਾਜ ਦਾ ਬਹੁਤ ਵੱਡਾ ਯੋਗਦਾਨ ਹੈ। ਮੈਂ ਸਮਝਦਾ ਹਾਂ ਕਿ ਇਸ ਤੇ ਜ਼ਰੂਰ ਗੌਰ ਫੁਰਮਾਈ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਂ ਇਸ ਨੂੰ ਸਮਾਪਤ ਕਰਨ ਵਾਲੇ ਪਾਸੇ ਜਾ ਰਿਹਾ ਹਾਂ। ਮੈਂ ਸਿਹਤ ਸੇਵਾਵਾਂ ਦੀ ਗੱਲ ਕਰਨ ਜਾ ਰਿਹਾ ਹਾਂ। ਅਸੀਂ ਕੁਝ ਵੀ ਗੱਲਾਂ ਕਰੀ ਜਾਈਏ। ਮੈਂ ਇਹ ਨਹੀਂ ਕਹਿੰਦਾ ਕਿ ਸਿਹਤ ਵਿਭਾਗ ਨੇ ਕੁਝ ਨਹੀਂ ਕੀਤਾ, ਇਨ੍ਹਾਂ ਨੇ ਪ੍ਰਾਪਤੀਆਂ ਕੀਤੀਆ ਹਨ ਪਰ ground reality ਕੁਝ ਹੋਰ ਹੈ। ਜਿਹੜੇ ਪੇਂਡੂ ਖੇਤਰ ਦੇ ਹਸਪਤਾਲ ਹਨ ਉਨ੍ਹਾਂ ਤੋਂ ਲੋਕਾਂ ਦਾ ਵਿਸ਼ਵਾਸ ਟੁੱਟ ਚੁੱਕਿਆ ਹੈ। ਲੋਕਾਂ ਦਾ ਵਿਸ਼ਵਾਸ ਲੋਕਾਂ ਦਾ ਭਰੋਸਾ ਬਹਾਲ ਕਰਨ ਦੀ ਲੋੜ ਹੈ। ਇਹ ਕਿਵੇਂ ਹੋ ਸਕਦਾ ਹੈ। ਮੇਰਾ ਹਲਕਾ ਦ੍ਰਿੜਬਾ ਵੀ ਪੇਂਡੂ ਹੈ। ਹਲਕਾ ਅਮਰਗੜ੍ਹ ਵੀ ਪੇਂਡੂ ਹੈ। ਉਨ੍ਹਾਂ ਹਸਪਤਾਲਾਂ ਦੇ ਹਾਲਾਤ ਤਰਸਯੋਗ ਹਨ। ਨਾ ਤਾਂ ਉਨ੍ਹਾਂ ਹਸਪਤਾਲਾਂ ਵਿੱਚ ਪੂਰਾ ਸਟਾਫ ਹੈ। ਉੱਥੇ ਨਾ ਹੀ ਕੋਈ ਇਲਾਜ ਦਾ ਪ੍ਰਬੰਧ ਹੈ। ਜਿਹੜਾ ਅਮਰਗੜ੍ਹ ਦਾ ਹਸਪਤਾਲ ਹੈ ਉਸ ਨੂੰ ਹਸਪਤਾਲ ਨਹੀਂ ਕਹਿੰਦੇ ਉਸ ਨੂੰ ਰੈਫਰ ਸੈਂਟਰ ਕਹਿੰਦੇ ਹਨ। ਇਹ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਤੋਂ 4-5 ਦਿਨ ਪਹਿਲਾਂ ਇੱਕ ਬੀਬੀ ਦੇ ਬੱਚੇ ਨੇ ਜਨਮ ਲੈਣਾ ਸੀ। ਉਹ ਬੀਬੀ ਅਮਰਗੜ੍ਹ ਹਸਪਤਾਲ ਵਿੱਚ ਦਾਖਲ ਹੋਈ। ਸਹੀ ਸਲਾਮਤ, ਬਿਨਾਂ ਆਪਰੇਸ਼ਨ ਤੋਂ ਨਾਰਮਲ ਹੀ ਮੁੰਡੇ ਨੇ ਜਨਮ ਲਿਆ। ਚਲੋ, ਬੱਚੇ ਨੂੰ ਪ੍ਰਾਬਲਮ ਆ ਜਾਂਦੀ ਹੈ। ਆਕਸੀਜਨ ਦੀ ਪ੍ਰਾਬਲਮ ਆ ਜਾਂਦੀ ਹੈ। ਬੱਚੇ ਨੂੰ ਮਲੇਰਕੋਟਲੇ ਹਸਪਤਾਲ ਰੈਫਰ ਕਰ ਦਿੱਤਾ। ਉਸ ਕੁੜੀ ਦਾ ਸਹੀ ਇਲਾਜ ਨਹੀਂ ਹੋ ਸਕਿਆ। ਉਸ ਕੁੜੀ ਨੂੰ ਪਟਿਆਲੇ ਰੈਫਰ ਕਰ ਦਿੱਤਾ। ਪਟਿਆਲੇ ਜਾਂਦੇ ਜਾਂਦੇ ਕੁੜੀ ਆਪਣੀ ਜਾਨ ਗਵਾ ਬੈਠੀ। ਉਨ੍ਹਾਂ ਪਰਿਵਾਰਾਂ ਦਾ ਦੁੱਖ ਸੁਣਨਾ ਚਾਹੀਦਾ ਹੈ ਜਿਹੜੇ ਪਰਿਵਾਰ ਇੰਨੇ ਵੱਡੇ ਦੁੱਖ ਝੱਲ ਰਹੇ ਹਨ। ਜੋ ਪਰਿਵਾਰ ਵਿੱਚ ਘਾਟਾ ਪਿਆ ਹੈ ਉਸ ਨੂੰ ਕੌਣ ਪੂਰਾ

ਕਰੇਗਾ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੰਨੇ ਵੀ ਪੇਂਡੂ ਹਸਪਤਾਲ ਹਨ ਉਨ੍ਹਾਂ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦੇ ਕੇ ਲੋਕਾਂ ਨੂੰ ਬਣਦੀ ਰਾਹਤ ਦੇਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਬਹੁਤ ਹੀ ਸਤਿਕਾਰਯੋਗ ਅਜਨਾਲਾ ਜੀ ਨੇ ਬੋਲਿਆ ਹੈ। ਇਹ ਬਹੁਤ ਹੀ ਦੁੱਖ ਦਾ ਮੌਕਾ ਹੈ। ਦੁੱਖ ਦੇ ਮੌਕੇ ਦਾ ਕਾਰਨ ਇਹ ਹੈ ਕਿ ਪੰਜਾਬ ਨੇ ਬਹੁਤ ਬੜੇ ਸੰਤਾਪ ਭੋਗੇ ਹਨ। ਪਹਿਲਾਂ ਅੱਤਵਾਦ ਦਾ ਸੰਤਾਪ ਭੋਗਿਆ ਹੈ। ਏ.ਕੇ. 47 ਦਾ ਸੰਤਾਪ ਭੋਗਿਆ ਹੈ। ਉਸ ਤੋਂ ਬਾਅਦ ਮਿੱਠਾ ਅੱਤਵਾਦ, ਜਿਸ ਨੇ ਸਾਨੂੰ ਪਤਾ ਹੀ ਨਹੀਂ ਲੱਗਣ ਦਿੱਤਾ ਜਿਸ ਨੇ ਲੱਖਾਂ ਮਾਵਾਂ ਦੀਆਂ ਗੋਦੀਆਂ ਸੁੰਨੀਆਂ ਕਰ ਦਿੱਤੀਆਂ। ਲੱਖਾਂ ਭੈਣਾਂ ਰੰਡੀਆਂ ਕਰ ਦਿੱਤੀਆਂ। ਲੱਖਾਂ ਭੈਣਾਂ ਦੇ ਵੀਰ ਗਵਾਏ ਗਏ।

**ਮਾਨਯੋਗ ਡਿਪਟੀ ਸਪੀਕਰ :** ਧੀਮਾਨ ਜੀ, ਪਲੀਜ਼ ਕਨਕਲੂਡ ਕਰੋ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਡਿਪਟੀ ਸਪੀਕਰ ਸਾਹਿਬ, ਲੱਖਾਂ ਬੱਚਿਆਂ ਦੇ ਬਾਪ ਗਵਾਏ ਗਏ। ਮੈਂ ਸਮਝਦਾ ਹਾਂ ਕਿ ਜਦੋਂ ਸਾਡੀ ਸਰਕਾਰ ਆਈ ਸੀ ਤਾਂ ਅਸੀਂ ਬਹੁਤ ਵੱਡੇ ਵਾਅਦੇ ਕਰਕੇ ਆਏ ਸੀ। ਅਸੀਂ ਉਸ ਵਾਅਦੇ ਤੇ ਪੂਰੇ ਨਹੀਂ ਉਤਰ ਸਕੇ। ਸਾਨੂੰ ਇਸ ਗੱਲ ਤੇ ਗੌਰ ਕਰਨੀ ਪੈਣੀ ਹੈ ਕਿ ਕਮਜ਼ੋਰੀ ਕਿੱਥੇ ਹੈ, ਕਮੀ ਕਿੱਥੇ ਹੈ। ਅਸੀਂ ਕਹਿੰਦੇ ਹਾਂ ਕਿ ਲੋਕ ਸਾਡਾ ਸਾਥ ਦੇਣ। ਲੋਕਾਂ ਨੇ ਸਾਡਾ ਸਾਥ ਦੇਣਾ ਸ਼ੁਰੂ ਕੀਤਾ ਪਰ ਲੋਕਾਂ ਦਾ ਸਾਥ ਲਿਆ ਕੀਹਨੇ? ਜਿਹੜੇ ਮਾਫੀਏ ਵਾਲਿਆਂ ਨੇ ਉਨ੍ਹਾਂ ਨੂੰ ਧਮਕਾਇਆ। ਪੁਲਿਸ ਪ੍ਰਸ਼ਾਸਨ ਨੇ ਉਨ੍ਹਾਂ ਦੀ ਮਦਾਦ ਕੀਤੀ। ਅੱਜ ਸਾਨੂੰ ਇਸ ਤੇ ਗੌਰ ਕਰਨ ਦੀ ਜ਼ਰੂਰਤ ਹੈ। ਅੱਜ ਜਿਹੜਾ ਮਾਫੀਆ ਹੈ, ਜਿਹੜੇ ਉੱਚ ਪੱਧਰ ਦੇ ਅਫਸਰ ਹਨ....(ਵਿਘਨ)

**ਮਾਨਯੋਗ ਡਿਪਟੀ ਸਪੀਕਰ :** ਧੀਮਾਨ ਜੀ, ਥੈਂਕ ਯੂ, ਥੈਂਕ ਯੂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਮੈਂਬਰ ਸਰਦਾਰ ਸੁਰਜੀਤ ਸਿੰਘ ਧੀਮਾਨ ਆਪਣੀ ਸੀਟ ਤੇ ਖੜ੍ਹ ਕੇ ਬਿਨਾਂ ਮਾਈਕ ਤੋਂ ਬੋਲ ਰਹੇ ਸਨ।)

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਰ, ਪੁਆਇੰਟ ਆਫ ਆਰਡਰ ਜੀ।

**ਮਾਨਯੋਗ ਡਿਪਟੀ ਸਪੀਕਰ :** ਧੀਮਾਨ ਜੀ, ਤੁਸੀਂ ਬੈਠੋ। ਹਾਂ ਜੀ, ਜੈ ਕ੍ਰਿਸ਼ਨ ਸਿੰਘ ਜੀ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਵਿੱਤ ਮੰਤਰੀ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਬਹੁਤ ਚੰਗਾ ਬਜਟ ਪੇਸ਼ ਕੀਤਾ ਹੈ। ਮੈਂ ਸਾਰੇ

ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਸ ਬਜਟ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਬਹੁਤ-ਬਹੁਤ ਧੰਨਵਾਦ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਡਿਪਟੀ ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਬੈਕਵਰਡ ਕਲਾਸਿਜ਼ ਦੀ ਗੱਲ ਕੀਤੀ ਹੈ। ਮੈਂ ਇਨ੍ਹਾਂ ਦੀ ਗੱਲ ਦੀ ਪ੍ਰੋੜਤਾ ਕਰਦਾ ਹਾਂ। ਭਾਵੇਂ ਕੋਈ ਵੀ ਸਰਕਾਰ ਰਹੀ ਹੋਵੇ ਪੰਜਾਬ ਦੇ ਵਿੱਚ ਬੈਕਵਰਡ ਕਲਾਸਿਜ਼ ਦੀ ਗਿਣਤੀ ਇੰਨੀ ਵੱਡੀ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ। ਪੰਚਾਇਤਾਂ ਦੇ ਵਿੱਚ ਅਤੇ ਨਗਰ ਕੌਂਸਲਾਂ ਦੇ ਵਿੱਚ ਜਿਹੜੀ ਰਿਜ਼ਰਵੇਸ਼ਨ ਆਉਣ ਲੱਗੀ ਹੈ, ਮੇਰੀ ਮੰਗ ਇਹ ਹੈ ਕਿ ਪੰਜਾਬ ਦੀ ਵਿਧਾਨ ਸਭਾ ਦੇ ਵਿੱਚ ਐਮ.ਐਲ.ਏ. ਦੀ ਜਿਹੜੀ ਸੀਟ ਹੈ ਉਹ ਵੀ ਬੈਕਵਰਡ ਕਲਾਸਿਜ਼ ਲਈ ਰਿਜ਼ਰਵ ਹੋਣੀ ਚਾਹੀਦੀ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ (ਰੂਪਨਗਰ) :** ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੇਰੇ ਤੋਂ ਪਹਿਲਾਂ ਸਾਰਿਆਂ ਨੇ ਪੰਜਾਬ ਦੇ ਬਜਟ ਬਾਰੇ ਗੱਲਾਂ ਕਰ ਲਈਆਂ, ਮੈਂ ਤਾਂ ਆਪਣੇ ਰੋਪੜ ਹਲਕੇ ਦੇ ਬਜਟ ਬਾਰੇ ਗੱਲ ਕਰਨੀ ਹੈ। ਸਾਡੇ ਮਾਨਯੋਗ ਮੁੱਖ ਮੰਤਰੀ, ਪੰਜਾਬ ਜਦੋਂ ਸਾਲ 2017 ਦੇ ਵਿੱਚ ਪਹਿਲਾ ਬਜਟ ਲੈ ਕੇ ਆਏ ਸੀ। ਉਦੋਂ ਕਹਿੰਦੇ ਸੀ ਕਿ ਅਸੀਂ ਪੰਜਾਬ ਦੇ ਵਿੱਚ 60 ਵੱਡੇ ਉਦਯੋਗ ਲਗਾਉਣੇ ਹਨ। ਮੈਂ ਤੁਹਾਡੇ ਜ਼ਰੀਏ ਵਿੱਤ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਕਿੰਨੇ ਉਦਯੋਗ ਲਗਾ ਦਿੱਤੇ।ਰੋਪੜ ਵਿੱਚ ਕਿਹੜਾ ਉਦਯੋਗ ਲਗਾਇਆ ਹੈ? ਰੋਪੜ ਦੇ ਕੋਲ ਜ਼ਮੀਨਾਂ ਬਹੁਤ ਹਨ, ਜੰਗਲ ਬਹੁਤ ਹਨ। ਸਾਡੀ ਤਰਜ਼ ਤੇ ਨਾਲਾਗੜ੍ਹ, ਟਾਹਲੀਵਾਲ ਹਿਮਾਚਲ ਦੇ ਵਿੱਚ ਪੂਰੀਆਂ ਇੰਡਸਟਰੀਆਂ ਲੱਗੀਆਂ ਹਨ। ਇਨ੍ਹਾਂ ਨੇ ਰੋਪੜ ਨੂੰ ਕੋਈ ਉਦਯੋਗ ਨਹੀਂ ਦਿੱਤਾ। ਵਿੱਤ ਮੰਤਰੀ ਸਾਹਿਬ ਬੈਠੇ ਹਨ। ਸਾਡੇ ਇਲਾਕੇ ਦੇ ਲੋਕ 5-5, 7-7 ਹਜ਼ਾਰ ਰੁਪਏ ਦੇ ਵਿੱਚ ਇੰਨੀ ਠੰਢ ਦੇ ਵਿੱਚ ਸਵੇਰੇ ਨਾਲਾਗੜ੍ਹ, ਬੱਦੀ, ਟਾਹਲੀਵਾਲ ਵਿਖੇ ਨੌਕਰੀ ਕਰਨ ਜਾਂਦੇ ਹਨ। ਸਾਡੇ ਵਿੱਤ ਮੰਤਰੀ ਸਾਹਿਬ ਜੀ ਨੇ ਉਲਟਾ ਕੀ ਕੀਤਾ ਹੈ ਕਿ ਜਿਹੜਾ ਰੋਪੜ ਦੇ ਵਿੱਚ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ ਸੀ, ਇੱਕੋ ਇੰਡਸਟਰੀ ਸੀ, ਉਹ ਵੀ ਵੇਚਣ ਦੇ ਕੰਢੇ ਤੇ ਲਿਆ ਦਿੱਤੀ ਹੈ। ਮੈਂ ਕੱਲ੍ਹ ਹੀ ਇਨ੍ਹਾਂ ਦੇ ਕਿਸੇ ਅਫਸਰ ਨੂੰ ਮਿਲ ਕੇ ਆਇਆ ਹਾਂ, ਉਨ੍ਹਾਂ ਨੇ ਦੱਸਿਆ ਕਿ ਅਸੀਂ ਜਲਦੀ ਹੀ ਇਸ ਨੂੰ ਵੇਚ ਰਹੇ ਹਾਂ। ਅਸੀਂ ਕਿੱਥੇ ਤਾਂ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਗੱਲ ਕਰਦੇ ਹਾਂ ।ਇਹ ਕਹਿੰਦੇ ਸੀ ਕਿ ਅਸੀਂ ਹਰ ਘਰ ਵਿੱਚ ਰੁਜ਼ਗਾਰ ਦੇਣਾ ਹੈ। ਵਿੱਤ ਮੰਤਰੀ ਜੀ ਜਾਂ ਤਾਂ ਸ਼ਹਿਰ ਵਿੱਚ ਰਹਿੰਦੇ ਹੋਣਗੇ ਜਾਂ ਚੰਡੀਗੜ੍ਹ ਰਹਿੰਦੇ ਹੋਣਗੇ ਪਰ ਮੈਂ ਤਾਂ ਆਪਣੇ ਪਿੰਡ ਸੰਦੋਅਰ ਵਿੱਚ

ਰਹਿੰਦਾ ਹਾਂ। ਮੇਰੇ ਹਲਕੇ ਦੀ ਗੱਲ ਛੱਡੋ ਮੇਰੇ ਤਾਂ ਪਿੰਡ ਵਿੱਚ ਵੀ ਕਿਸੇ ਨੂੰ ਰੁਜ਼ਗਾਰ ਮਿਲਿਆ। ਸਾਡੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਕਿਸੇ ਨੂੰ ਰੁਜ਼ਗਾਰ ਨਹੀਂ ਮਿਲਿਆ। ਇਨ੍ਹਾਂ ਨੇ ਸਾਰਾ ** ** ਇੱਥੇ ਹੀ ਬੋਲਣਾ ਹੈ। ਸਾਡੇ ਸੈਰ ਸਪਾਟਾ ਮੰਤਰੀ ਜੀ, ਚੰਨੀ ਜੀ ਇੱਥੇ ਬੈਠੇ ਹਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਾਡੇ ਜ਼ਿਲ੍ਹੇ ਦੇ ਮੰਤਰੀ ਹਨ, ਇਨ੍ਹਾਂ ਨੇ ਸਾਡੇ ਰੋਪੜ ਜ਼ਿਲ੍ਹੇ ਦੇ ਸੈਰ-ਸਪਾਟੇ ਵਾਸਤੇ ਕੀ ਬਣਾਇਆ ਹੈ। ਹਿਮਾਚਲ ਦੇ ਮਨਾਲੀ ਨੂੰ ਲੋਕ ਸੈਰ ਸਪਾਟੇ ਵਾਸਤੇ ਲੋਕ ਜਾਂਦੇ ਹਨ। ਸਾਡਾ ਰੋਪੜ ਸੁੰਦਰ ਸ਼ਹਿਰ ਹੈ। ਇੱਥੇ ਨਹਿਰਾਂ ਵੀ ਹਨ। ਇੱਥੇ ਸੈਰ-ਸਪਾਟੇ ਵਾਸਤੇ ਕੁਝ ਕੀਤਾ ਜਾ ਸਕਦਾ ਹੈ, ਇੱਥੇ ਲੋਕ ਰਸਤੇ ਵਿੱਚ ਰੁਕ ਸਕਦੇ ਹਨ ਜੇ ਕਿਸੇ ਨੇ ਹਿਮਾਚਲ ਨੂੰ ਜਾਣਾ ਹੈ। ਇਨ੍ਹਾਂ ਨੇ ਕੋਈ ਵੀ ਨੀਂਹ ਪੱਥਰ ਨਹੀਂ ਰੱਖਿਆ। ਰੋਪੜ ਨੂੰ ਹੀ ਕੁਝ ਦੇ ਦਿਓ। ਮੈਨੂੰ ਲਗਦਾ ਹੈ ਕਿ ਇਹ ਮਨਪ੍ਰੀਤ ਬਾਦਲ ਜੀ ਦੇ ਪਿੱਛੇ ਬੈਠੇ ਰਹਿੰਦੇ ਹਨ।ਰੋਪੜ ਦਾ ਜਿੰਨਾ ਪੈਸਾ ਹੁੰਦਾ ਹੈ, ਸਾਡੇ ਹਲਕੇ ਦਾ ਸਾਡੇ ਇਲਾਕੇ ਦਾ ਪੈਸਾ ਵੀ ਆਪ ਹੀ ਲੈ ਜਾਂਦੇ ਹਨ। ਚਮਕੌਰ ਸਾਹਿਬ ਨੂੰ ਹੀ ਲੈ ਕੇ ਜਾਂਦੇ ਹਨ, ਇਨ੍ਹਾਂ ਨੂੰ ਰੋਪੜ ਦਾ ਖਿਆਲ ਨਹੀਂ ਹੈ। ਇਨ੍ਹਾਂ ਨੇ ਰੋਪੜ ਵਾਸਤੇ ਕੁਝ ਨਹੀਂ ਕੀਤਾ। ਮੈਂ ਵਿੱਤ ਮੰਤਰੀ ਸਾਹਿਬ ਕੋਲ ਗੇੜੇ ਮਾਰਦਾ ਰਹਿੰਦਾ ਹਾਂ ਕਿ ਮੇਰੇ ਹਲਕੇ ਦੇ ਪਾਣੀ ਦੇ ਟਿਊਬਵੈੱਲ ਸੁੱਕ ਗਏ ਹਨ। ਲੋਕਾਂ ਦੀ ਜ਼ਮੀਨ ਬੰਜਰ ਬਣ ਗਈ। ਡੇਢ ਸਾਲ ਇਨ੍ਹਾਂ ਕੋਲ ਚੱਕਰ ਮਾਰੇ ਕਿ ਇਨ੍ਹਾਂ ਦੇ ਘਰ ਵੀ ਇਨ੍ਹਾਂ ਦੇ ਦਫਤਰ ਵੀ ਮੀਟਿੰਗਾਂ ਕੀਤੀਆਂ। ਪਰ ਇਨ੍ਹਾਂ ਦੇ ਕੰਨ ਤੇ ਕੋਈ ਜੂੰ ਨਹੀਂ ਸਰਕਦੀ। ਕੋਈ ਵੀ ਟਿਊਬਵੈੱਲ ਨਹੀਂ ਕੀਤਾ। ਮੈਨੂੰ ਦੱਸ ਦੇਣ ਮਨਪ੍ਰੀਤ ਬਾਦਲ ਜੀ ਕਿ ਰੋਪੜ ਦੇ ਵਿੱਚ ਕਿੱਥੇ ਇਨ੍ਹਾਂ ਨੇ ਟਿਊਬਵੈੱਲ ਕੀਤਾ ਹੈ। ਸਾਰੀ ਜ਼ਮੀਨ ਬੰਜਰ ਹੋ ਗਈ , ਲੋਕ ਆਪਣਾ ਚਾਰਾ ਨਹੀਂ ਬੀਜ ਸਕਦੇ। ਲੋਕਾਂ ਦੀਆਂ ਫਸਲਾਂ ਸੁੱਕੀਆਂ ਰਹਿ ਗਈਆਂ। ਸਾਰੀਆਂ ਕਣਕਾਂ ਖਰਾਬ ਹੋ ਗਈਆਂ। ਇਹ ਕਹਿੰਦੇ ਹਨ ਕਿ ਬਜਟ ਵਿੱਚ ਤਾਂ ਅਸੀਂ ਬਹੁਤ ਕੁੱਝ ਕਰ ਦਿੱਤਾ ਹੈ। ਸਾਡੇ ਹੈਲਥ ਮਨਿਸਟਰ ਸਾਹਿਬ ਚਲੇ ਗਏ। ਮੈਂ ਤੁਹਾਡੇ ਜ਼ਰੀਏ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇੱਥੇ ਸਾਰੇ ਮਨਿਸਟਰ ਬੈਠਣੇ ਚਾਹੀਦੇ ਹਨ। ਜਦੋਂ ਬਿਕਰਮ ਸਿੰਘ ਮਜੀਠੀਆ ਸਾਹਿਬ ਬੋਲਦੇ ਸੀ ਤਾਂ ਸਾਰੇ ਮੰਤਰੀ ਬੈਠੇ ਸਨ ਕਿਉਂਕਿ ਉਨ੍ਹਾਂ ਨਾਲ ਲੜਨਾ ਸੀ। ਹੁਣ ਸਾਡੀਆਂ ਗੱਲਾਂ ਸੁਣ ਵਾਸਤੇ ਤਾਂ ਕੋਈ ਨਹੀਂ। ਮੇਰੇ ਹਲਕੇ ਦਾ ਇੱਕੋ ਹਾਸਪਿਟਲ ਹੈ ਸਿੰਘਪੁਰ , 137 ਪਿੰਡਾਂ ਦਾ ਹਾਸਪਿਟਲ ਹੈ। ਮੈਂ ਹੈਲਥ ਮਨਿਸਟਰ ਕੋਲ ਗੇੜੇ ਮਾਰਦਾ ਥੱਕ ਗਿਆ ਕਿ ਉਸ ਵਾਸਤੇ ਕੋਈ ਗ੍ਰਾਂਟ ਦੇ ਦੇਵੋ। ਬਹੁਤ ਵੱਡੀ ਬਿਲਡਿੰਗ ਹੈ। ਉੱਥੇ ਸ਼ੀਸ਼ੇ ਪੈ ਜਾਣਗੇ , ਬਾਥਰੂਮ ਠੀਕ ਹੋ ਜਾਣਗੇ। ਕਹਿੰਦੇ ਤੁਹਾਡੇ ਵਾਸਤੇ ਤਾਂ ਕੋਈ ਪੈਸਾ ਨਹੀਂ ਹੈ। ਮੈਨੂੰ ਮਨ੍ਹਾ ਕੀਤਾ ਹੋਇਆ ਹੈ ਕਿ ਰੋਪੜ ਵਾਸਤੇ ਤਾਂ ਕੋਈ ਪੈਸਾ ਨਹੀਂ ਦੇਣਾ। ਮੇਰੇ ਨਾਲ ਸਾਡਾ ਝਾਂਡੀਆ ਹਾਸਪਿਟਲ ਹੈ ਉੱਥੇ ਸਾਡੇ ਹੈਲਥ ਮਨਿਸਟਰ ਸਾਹਿਬ ਨੀਂਹ ਪੱਥਰ ਰੱਖਣ

ਚਲੇ ਗਏ। ਸਪੀਕਰ ਸਾਹਿਬ ਵੀ ਨਾਲ ਸੀ। ਉੱਥੇ ਭੂਰੀ ਵਾਲਿਆਂ ਦੀ ਸਟੇਜ ਤੇ ਕਹਿਕੇ ਆਏ ਕਿ ਜਿਹੜਾ ਝਾਂਡੀਆਂ ਦਾ ਹਾਸਪਿਟਲ ਹੈ ਅਸੀਂ ਉਸ ਨੂੰ ਅਪਗ੍ਰੇਡ ਕਰਾਂਗੇ। ਹੜ੍ਹ ਆਉਣ ਨਾਲ ਉਸ ਦੀ ਚਾਰ ਦੀਵਾਰੀ ਗਿਰ ਗਈ। ਡਿਪਟੀ ਸਪੀਕਰ ਸਾਹਿਬ ਅੱਜ ਤੱਕ ਉੱਥੇ ਦੋ ਸਾਲ ਵਿੱਚ ਇੱਕ ਚਾਰ - ਦੀਵਾਰੀ ਦੀ ਇੱਟ ਨਹੀਂ ਲੱਗੀ ਜਿਹੜੀ ਕਿ ਗਿਰੀ ਹੋਈ ਹੈ। ਮੈਂ ਵਿੱਤ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਰੋਪੜ ਦੇ ਹਾਸਪਿਟਲਾਂ ਵਾਸਤੇ ਕੀ ਕੀਤਾ ਹੈ। ਤੁਸੀਂ ਵਿੱਤ ਮੰਤਰੀ ਹੋ , ਅਸੀਂ ਟੈਕਸ ਦਿੰਦੇ ਹਾਂ। ਟੈਕਸ ਇਕੱਲੇ ਚਮਕੌਰ ਸਾਹਿਬ ਵਾਲੇ ਨਹੀਂ ਦਿੰਦੇ , ਅਨੰਦਪੁਰ ਸਾਹਿਬ ਵਾਲੇ ਨਹੀਂ ਦਿੰਦੇ। ਮੇਰਾ ਪੂਰਾ ਹਲਕਾ ਟੈਕਸ ਦਿੰਦਾ ਹੈ। ਤੁਸੀਂ ਬਜਟ ਵਿੱਚ ਰੋਪੜ ਦੇ ਹਾਸਪਿਟਲਾਂ ਵਾਸਤੇ ਕੀ ਕੀਤਾ ਕਿੰਨਾ ਪੈਸਾ ਰੱਖਿਆ। ਮੈਨੂੰ ਦੱਸਣ ਤਾਂ ਸਹੀ ਵੀ ਬਜਟ ਵਿੱਚ ਕੀ ਕੀਤਾ। ਰੋਪੜ ਦੇ ਵਾਸਤੇ ਤਾਂ ਕੁੱਝ ਵੀ ਨਹੀਂ ਕੀਤਾ। ਪਰ ਮੈਂ ਸਦਨ ਦੇ ਵਿੱਚ ਕਹਿੰਦਾ ਹਾਂ ਕਿ ਜਿਹੜੇ ਉੱਥੇ ਪੂਰੀ ਵਾਲਿਆਂ ਦੀ ਸਟੇਜ ਤੇ ਸਹੁੰ ਖਾ ਕੇ ਆਏ ਸੀ ਕਿ ਇਸ ਹਸਪਤਾਲ ਨੂੰ ਅਪਗ੍ਰੇਡ ਕਰਾਂਗੇ ਉਸ ਤੇ ਪੈਸੇ ਲਗਾਵਾਂਗੇ , ਉਨ੍ਹਾਂ ਦਾ ਬਣਨਾ ਕੁੱਝ ਨਹੀਂ ਹੈ। ਪਰਮਾਤਮਾ ਸਭ ਤੋਂ ਵੱਡਾ ਹੁੰਦਾ ਹੈ। ਉਨ੍ਹਾਂ ਦੇ ਹਾਲਾਤ ਬਹੁਤ ਮਾੜੇ ਹੋਣੇ ਹਨ, ਜਿਹੜੇ ਝੂਠੀਆਂ ਸਹੁੰਆਂ ਖਾ ਕੇ ਆਏ। ਮੈਂ ਕਹਿੰਦਾ ਹਾਂ ਕਿ ਮੈਨੂੰ ਝੂਠ ਬੋਲ ਦਿਓ। ਪਰ ਤੁਸੀਂ ਤਾਂ ਮਹਾਰਾਜ ਦੀ ਸਟੇਜ ਤੇ ਝੂਠ ਬੋਲ ਕੇ ਆਏ ਹੋ। ਸੜਕਾਂ ਦੀ ਗੱਲ ਕਰ ਲਈਏ ਸਰ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ**: ਸਰ, ਪੁਆਇੰਟ ਆਫ ਆਰਡਰ ਜੀ।

**ਮਾਨਯੋਗ ਡਿਪਟੀ ਸਪੀਕਰ**: ਹਾਂ ਜੀ, ਪੁਆਇੰਟ ਆਫ ਆਰਡਰ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ**: ** **.

**ਮਾਨਯੋਗ ਡਿਪਟੀ ਸਪੀਕਰ**: ਥੈਂਕ ਯੂ। ਨੋ ਪੁਆਇੰਟ ਆਫ ਆਰਡਰ।

(ਇਸ ਸਮੇਂ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ , ਸਰਦਾਰ ਚਰਨਜੀਤ ਸਿੰਘ ਚੰਨੀ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ**: ਚੰਨੀ ਜੀ ਪਲੀਜ਼, ਬੈਠ ਜਾਵੋ। ਕਨਕਲੂਡ ਕਰਵਾਉਣਾ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ** : ਸਰ, ਮੈਨੂੰ ਮੰਤਰੀ ਸਾਹਿਬ ਨੇ ਜੋ ਵੀ ਜਵਾਬ ਦੇਣਾ ਹੈ , ਬਾਅਦ ਵਿੱਚ ਦੇ ਦੇਣ। ਇੱਥੇ ਸਾਡੀ ਲੜਾਈ ਹੋ ਜਾਣੀ ਹੈ ਕੋਈ ਫਾਇਦਾ ਨਹੀਂ ਹੈ।

**ਮਾਨਯੋਗ ਡਿਪਟੀ ਸਪੀਕਰ**: ਚੰਨੀ ਜੀ, ਸੰਦੋਆ ਜੀ ਨੂੰ ਬੋਲ ਲੈਣ ਦਿਓ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ ):** ਡਿਪਟੀ ਸਪੀਕਰ ਸਾਹਿਬ ਮੈਂ ਸੰਦੋਆ ਜੀ ਦੀ ਗੱਲ ਦਾ ਜਵਾਬ ਨਹੀਂ ਦੇਣਾ। ਮੈਂ ਇਨ੍ਹਾਂ (ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਵੱਲ ਇਸ਼ਾਰਾ ਕਰਦੇ ਹੋਏ) ਦੀ ਗੱਲ ਦਾ ਜਵਾਬ ਦੇਣਾ ਹੈ। ਡਿਪਟੀ ਸਪੀਕਰ ਸਾਹਿਬ ਅੱਜ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੈਂ ਸੰਦੋਆ ਸਾਹਿਬ ਨੂੰ ਬਿਲਕੁਲ ਵੀ ਟੋਕਣਾ ਨਹੀਂ ਚਾਹੁੰਦਾ। ਮੈਂ ਇਸ ਕਰਕੇ ਨਹੀਂ ਬੋਲ ਰਿਹਾ। ਅਸੀਂ ਉਨ੍ਹਾਂ ਦੇ ਸਤਿਕਾਰ ਵਜੋਂ ਨਹੀਂ ਬੋਲ ਰਹੇ। ਮੈਨੂੰ ਲੱਗ ਰਿਹਾ ਹੈ ਕਿ ਉਹ ਬਹੁਤ ਅੱਛਾ ਬੋਲ ਰਹੇ ਹਨ। ਆਪਣੇ ਹਲਕੇ ਵਾਸਤੇ ਹਰ ਇੱਕ ਨੂੰ ਇਸ ਤਰ੍ਹਾਂ ਹੀ ਬੋਲਣਾ ਚਾਹੀਦਾ। ਮੈਂ ਇਸ ਕਰਕੇ ਉਨ੍ਹਾਂ ਦੀਆਂ ਗੱਲਾਂ ਦਾ ਕੋਈ ਨੈਗੇਟਿਵ ਜਵਾਬ ਜਾਂ ਪਾਜ਼ੀਟਿਵ ਜਵਾਬ ਨਹੀਂ ਦੇ ਰਿਹਾ। ਹਰ ਕਿਸੇ ਕੋਲ ਕਾਫੀ ਕੁੱਝ ਕਹਿਣ ਨੂੰ ਹੁੰਦਾ ਹੈ। ਉਹ ਗੱਲਾਂ ਨੂੰ ਅਸੀਂ ਆਪਣੇ ਕੋਲ ਸਮੇਟ ਕੇ ਇਨ੍ਹਾਂ ਨੂੰ ਕਹਿ ਰਹੇ ਹਾਂ ਜੀ ਵੈੱਲਕਮ। ਤੁਸੀਂ ਅੱਛਾ ਬੋਲ ਰਹੇ ਹੋ।

**ਮਾਨਯੋਗ ਡਿਪਟੀ ਸਪੀਕਰ:** ਥੈਂਕਿਯੂ। ਹਾਂ ਜੀ ਸੰਦੋਆ ਜੀ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਡਿਪਟੀ ਸਪੀਕਰ ਸਾਹਿਬ ਇੱਥੇ ਬਾਜਵਾ ਸਾਹਿਬ ਸਾਡੇ ਪੰਚਾਇਤ ਮੰਤਰੀ ਬੈਠੇ ਹਨ। ਸਾਡੇ ਲੋਕ ਵੀ ਤਰਸ ਰਹੇ ਹਨ ਕਿ ਸਰਕਾਰ ਬਣੀ ਨੂੰ ਚਾਰ ਸਾਲ ਹੋ ਗਏ ਹਨ। ਮੇਰੇ ਇਲਾਕੇ ਦੇ ਸਰਪੰਚ ਆ ਰਹੇ ਹਨ ਕਿ ਪੰਚਾਇਤ ਮੰਤਰੀ ਸਾਹਿਬ ਕੁੱਝ ਦੇਵੋਗੇ। ਇੱਕ 14ਵੇਂ ਵਿੱਤ ਕਮਿਸ਼ਨ ਦੇ 15ਵੇਂ ਵਿੱਤ ਕਮਿਸ਼ਨ ਦੇ ਪੈਸੇ ਜ਼ਰੂਰ ਆਏ ਹਨ। ਪਰ ਪੰਚਾਇਤ ਮੰਤਰੀ ਸਾਹਿਬ ਨੇ ਆਪਣੀ ਜੇਬ ਵਿੱਚੋਂ ਇੱਕ ਹੱਥ ਵੀ ਨਹੀਂ ਹਿਲਾਇਆ ਰੋਪੜ ਵਾਸਤੇ। ਇਹ ਵੀ ਸਾਰਾ ਆਪਣੇ ਵੱਲ ਨੂੰ ਹੀ ਲੈ ਕੇ ਜਾ ਰਹੇ ਹਨ। ਸੈਂਟਰ ਦਾ ਪੈਸਾ ਜ਼ਰੂਰ ਆਇਆ ਹੈ। ਇਹ ਮੈਨੂੰ ਦੱਸ ਦੇਣ ਜੇ ਇੱਕ ਪੈਸਾ ਵੀ ਗ੍ਰਾਂਟ ਇਨ੍ਹਾਂ ਨੇ ਰੋਪੜ ਦੇ ਕਿਸੇ ਸਰਪੰਚ ਨੂੰ ਦਿੱਤੀ ਹੋਵੇ। ਦੇਖੋ ਅਸੀਂ ਸੰਸਦ ਵਿੱਚ ਜੋ ਵੀ ਗੱਲ ਕਰਨੀ ਹੈ ਉਹ ਸੱਚੀ ਕਰਨੀ ਹੈ। ਅਸੀਂ ਇੱਥੇ ਸੱਚ ਬੋਲਣ ਵਾਸਤੇ ਆਏ ਹਾਂ। ਪਰ ਸਾਰਾ ਸਿਸਟਮ ਝੂਠ ਚੱਲ ਰਿਹਾ ਹੈ।

ਚੇਅਰਮੈਨ ਸਾਹਿਬ , ਮੈਂ ਤੁਹਾਨੂੰ ਹੋਰ ਦੱਸ ਦਿੰਦਾ ਹਾਂ। ਸਾਡੇ ਇੱਥੇ ਬੀ .ਡੀ.ਓ. ਲੱਗੇ ਹਨ। ਮੈਂ ਇਨ੍ਹਾਂ ਨੂੰ ਈ .ਮੇਲ ਰਾਹੀ ਸ਼ਿਕਾਇਤ ਕੀਤੀ , ਮਿਲ ਕੇ ਸ਼ਿਕਾਇਤ ਕੀਤੀ। ਸੈਕਟਰੀ ਨੂੰ ਮੇਲ ਕੀਤੀ। ਅਸੀਂ ਪੰਚਾਇਤੀ ਰਾਜ ਕਮੇਟੀ ਦੇ ਵਿੱਚ ਅਸੀਂ ਸੈਕਟਰੀ ਨੂੰ ਬੁਲਾਇਆ। ਬੀ .ਡੀ.ਪੀ.ਓ. ਸਾਹਿਬ 11

ਵਜੇ ਜਾਂਦੇ ਹਨ, ਦੋ ਵਜੇ ਵਾਪਿਸ ਆ ਜਾਂਦੇ ਹਨ। ਸਰਕਾਰੀ ਗੱਡੀ ਵਿੱਚ ਜਾਂਦੇ ਹਨ। ਚੰਡੀਗੜ੍ਹ ਰਹਿੰਦੇ ਹਨ। ਦੇਖੋ ਲੋਕਾਂ ਦੀ ਖੂਨ ਪਸੀਨੇ ਦੀ ਕਮਾਈ ਹੈ। ਬੀ .ਡੀ.ਪੀ.ਓ. ਨੂੰ ਹਰ ਇੱਕ ਬੰਦਾ ਕਹਿੰਦਾ ਹੈ ਕਿ ਬਲਾਕ ਵਿੱਚ ਰਹਿਣਾ ਜ਼ਰੂਰੀ ਹੁੰਦਾ ਹੈ। ਬੀ .ਡੀ.ਓ. ਆਪਣੇ ਘਰ ਸਰਕਾਰੀ ਗੱਡੀ ਨਹੀਂ ਲੈ ਕੇ ਆ ਸਕਦੀ। ਪਰ ਇਨ੍ਹਾਂ ਦੇ ਕੋਈ ਜੂੰ ਨਹੀਂ ਸਰਕਦੀ। ਇਹ ਕਹਿੰਦੇ ਹਨ ਐਮ .ਐਲ.ਏ. ਸਾਹਿਬ ਤੁਸੀਂ ਜੋ ਮਰਜ਼ੀ ਬੋਲ ਲਵੋ ਮੈਂ ਬੀ.ਡੀ.ਪੀ.ਓ. ਉਹੀ ਰੱਖਣੀ ਹੈ। ਮੈਂ ਖੁਦ 10 .00 ਵਜੇ ਬੀ.ਡੀ.ਪੀ.ਓ. ਦੇ ਦਫ਼ਤਰ ਵਿੱਚ ਜਾਂਦਾ ਹਾਂ ਅਤੇ 11 .00 ਵਜੇ ਉਹ ਮੈਨੂੰ ਝੂਠ ਬੋਲਦੀ ਹੈ ਕਿ ਮੈਂ ਇਸ ਪਿੰਡ ਵਿੱਚ ਹਾਂ। ਜਦੋਂ ਮੈਂ ਪਿੰਡ ਦੇ ਸਰਪੰਚ ਨੂੰ ਫੋਨ ਕਰਦਾ ਹਾਂ ਕਿ ਬੀ .ਡੀ.ਪੀ.ਓ. ਸਾਹਿਬ ਤੁਹਾਡੇ ਪਿੰਡ ਦੇ ਵਿੱਚ ਆਈ ਹੈ ਤਾਂ ਉਹ ਕਹਿੰਦਾ ਕਿ ਨਹੀਂ ਆਈ। ਮੈਂ ਬੀ .ਡੀ.ਪੀ.ਓ. ਸਾਹਿਬ ਨੂੰ ਪੁੱਛਿਆ ਕਿ ਤੁਸੀਂ ਝੂਠ ਕਿਉਂ ਬੋਲਦੇ ਹੋ। ਆਪਾਂ ਹੁਣ ਸ਼ਿਕਾਇਤਾਂ ਹੀ ਕਰ ਸਕਦੇ ਹਾਂ , ਦੱਸ ਹੀ ਸਕਦੇ ਹਾਂ ਕਿ ਸਾਡੀ ਬੀ .ਡੀ.ਓ. ਉੱਥੇ ਟਾਈਮ ਸਿਰ ਬੈਠਦੀ ਨਹੀਂ ਅਤੇ ਨਾ ਹੀ ਸਰਕਾਰੀ ਗੱਡੀ ਯੂਜ਼ ਕਰਦੀ ਹੈ। ਪਰ ਪਤਾ ਨਹੀਂ ਕਿ ਮਜਬੂਰੀ ਹੈ, ਮੰਤਰੀ ਸਾਹਿਬ ਉਸ ਤੇ ਕਾਰਵਾਈ ਕਰਕੇ ਖੁਸ਼ ਨਹੀਂ ਹੈ।

**ਮਾਨਯੋਗ ਡਿਪਟੀ ਸਪੀਕਰ:** ਬਜਟ ਨਾਲ ਰਿਲੇਟਿਡ ਗੱਲ ਕਰੋ।

**ਸਰਦਾਰ ਅਮਰਜੀਤ ਸਿੰਘ ਸੰਦੋਆ** : ਨਹੀਂ ਸਰ, ਬਜਟ ਦੇ ਨਾਲ ਦੀ ਗੱਲ ਹੈ। ਸਰ , ਫਿਰ ਉਸ ਤੋਂ ਬਾਅਦ ਵੀ ਮੈਂ ਦੋ ਕਾਲ ਅਟੈਂਸ਼ਨਾਂ ਲਗਾਈਆਂ ਕਿ ਪਿੰਡ ਸ਼ਾਹਪੁਰ ਬੇਲਾ ਵਿੱਚ ਕੰਮ ਚਲਦਾ ਸੀ। ਮੈਂ ਦਫ਼ਤਰ ਜਾ ਕੇ ਬੀ.ਡੀ.ਓ ਦੇ ਸਾਹਮਣੇ ਮਤਾ ਪਵਾਇਆ ਕਿ ਗਲੀਆਂ ਬਣ ਲੈਣ ਦਿਓ। ਉਲਟਾ ਤੀਸਰੇ ਦਿਨ ਉਹ ਇੱਕ ਮਤਾ ਕੱਢ ਦਿੰਦੀ ਹੈ ਕਿ ਹੁਣ ਕੰਮ ਰੋਕੋ। ਮੈਂ ਸਾਰੀ ਪੰਚਾਇਤ ਬੁਲਾਈ ਕਿ ਕੰਮ ਚਲਾਉਣਾ ਹੈ ਪਰ ਇਹ ਪਿੰਡਾਂ ਦੇ ਵਿੱਚ ਕੰਮ ਨਹੀਂ ਚਲਾਉਣ ਦਿੰਦੇ। ਇਹ ਸਾਰਾ ਕੁਝ ਮੰਤਰੀ ਜੀ ਦੇ ਨੋਟਿਸ ਵਿੱਚ ਆਉਣਾ ਚਾਹੀਦਾ ਹੈ ਕਿਉਂਕਿ ਸਾਨੂੰ ਵੀ ਹੁਣ ਹੀ ਮੌਕਾ ਮਿਲਦਾ ਹੈ। ਇਨ੍ਹਾਂ ਨੇ ਮੇਰੇ ਹਲਕੇ ਦੇ ਵਿੱਚ ਵਾਅਦਾ ਕੀਤਾ ਸੀ ਕਿ ਡਿਸਪੈਂਸਰੀ ਦੇਵਾਂਗੇ ਪਰ ਕੋਈ ਡਿਸਪੈਂਸਰੀ ਨਹੀਂ ਦਿੱਤੀ। ਪਸ਼ੂ ਪਾਲਣ ਮੰਤਰੀ ਵੀ ਬੈਠੇ ਹਨ, ਇਨ੍ਹਾਂ ਨੇ ਸਾਡੇ ਹਲਕੇ ਦੇ ਵਿੱਚ ਕੋਈ ਡਿਸਪੈਂਸਰੀ ਨਹੀਂ ਦਿੱਤੀ। ਤਹਿਸੀਲ ਦੀ ਗੱਲ ਕਰ ਲਵੋ , ਮੇਰਾ ਅਨੰਦਪੁਰ ਹਲਕਾ ਬਹੁਤ ਵੱਡਾ ਹਲਕਾ ਹੈ , 75 ਕਿਲੋਮੀਟਰ ਦਾ ਹਲਕਾ ਹੈ। ਜਿਹੜਾ ਨੂਰਪੁਰ ਬੇਦੀ ਹੈ, ਉਹ ਸਾਡਾ 50 ਕਿਲੋਮੀਟਰ ਬਲਾਕ ਹੈ। ਸਾਡੀ ਅਨੰਦਪੁਰ ਤਹਿਸੀਲ ਹੈ ਅਤੇ ਇੱਕ ਨੰਗਲ ਹੈ। ਮੈਂ ਮੁੱਖ ਮੰਤਰੀ ਜੀ ਨੂੰ ਵੀ ਬੇਨਤੀ ਕੀਤੀ ਅਤੇ ਵਿੱਤ ਮੰਤਰੀ ਸਾਹਿਬ ਨੂੰ ਵੀ ਕੀਤੀ ਕਿ ਤਹਿਸੀਲ ਬਣਾ ਦਿਓ ਕਿਉਂਜੋ ਨੂਰਪੁਰ ਬੇਦੀ ਦੀ ਇਕੱਲੀ ਤਹਿਸੀਲ ਹੋਣੀ ਚਾਹੀਦੀ ਹੈ। ਕੋਈ ਗੌਰ

ਹੀ ਨਹੀਂ ਕੀਤਾ ਜਾ ਰਿਹਾ। ਕਹਿੰਦੇ ਹਨ ਕਿ ਅਸੀਂ ਬਜਟ ਦੇ ਵਿੱਚ ਇਹ ਵੀ ਦੇ ਦਿੱਤਾ , ਉਹ ਵੀ ਦੇ ਦਿੱਤਾ। ਮੈਂ ਤਾਂ ਇਹ ਹੀ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ , ਮੈਂ ਮਨਪ੍ਰੀਤ ਜੀ ਦਾ ਬੜਾ ਸਤਿਕਾਰ ਕਰਦਾ ਹਾਂ, ਮੈਂ 2012 ਦਾ ਇਨ੍ਹਾਂ ਦੇ ਨਾਲ ਹਾਂ , ਜਦੋਂ ਪੀ.ਪੀ. ਹੋਈ ਸੀ ਜਦ ਦੇ ਅਸੀਂ ਖੜ੍ਹੇ ਹੋਏ ਹਾਂ। ਸਾਡੇ ਰੋਪੜ ਦੇ ਲੋਕ ਵੀ ਟੈਕਸ ਦਿੰਦੇ ਹਨ। ਰੋਪੜ ਦੇ ਲੋਕਾਂ ਨਾਲ ਤੁਸੀਂ ਇਸ ਤਰ੍ਹਾਂ ਵਿਤਕਰਾ ਕਿਉਂ ਕਰ ਰਹੇ ਹੋ। ਕੱਲ੍ਹ ਵਿੱਤ ਮੰਤਰੀ ਸਾਹਿਬ ਤੁਸੀਂ ਬੋਲਣਾ ਹੈ , ਮੈਨੂੰ ਇਸ ਦਾ ਜਵਾਬ ਜ਼ਰੂਰ ਦੇ ਕੇ ਜਾਣ। ਇਸ ਦੇ ਨਾਲ ਹੀ ਮੈਂ ਇਨ੍ਹਾਂ ਦਾ ਧੰਨਵਾਦ ਵੀ ਕਰਦਾ ਹਾਂ ਕਿ ਕੱਲ੍ਹ ਇਨ੍ਹਾਂ ਨੇ ਰੋਪੜ ਦੇ ਵਾਸਤੇ ਇੱਕ ਬੱਸ ਸਟੈਂਡ ਦਿੱਤਾ। ਉਹ ਵੀ ਜੇ ਬਣ ਗਿਆ ਤਾਂ ? ਕੀ ਪਤਾ ਉਧਰ ਨਾ ਲੈ ਕੇ ਚੱਲ ਜਾਣ (ਹਾਸਾ)? ਉਹ ਜ਼ਰੂਰ ਬਣਾ ਦਿਓ, ਮੈਂ ਤੁਹਾਡਾ ਧੰਨਵਾਦ ਵੀ ਕਰ ਦੇਵਾਂਗਾ। (ਵਿਘਨ......ਸ਼ੋਰ)[ ਮੈਂ ਕੋਈ ਗਲਤ ਨਹੀਂ ਕਹਿ ਰਿਹਾ।

**ਮਾਨਯੋਗ ਡਿਪਟੀ ਸਪੀਕਰ:** ਹਾਂ ਜੀ, ਸੰਦੋਆ ਜੀ, ਇਧਰ ਗੱਲ ਕਰੋ।

**ਸਰਦਾਰ ਅਮਰਜੀਤ ਸਿੰਘ ਸੰਦੋਆ**: ਸਰ, ਐਜੂਕੇਸ਼ਨ ਮੰਤਰੀ ਜੀ ਬੈਠੇ ਨਹੀਂ ਹਨ। ਸਾਡੇ ਰਪੋੜ ਇੱਕ ਪਲਾਨਡ ਕਾਲੋਨੀ ਹੈ। ਉਸ ਕਾਲੋਨੀ ਦੇ ਵਿੱਚ ਇੱਕ ਸਕੂਲ ਸੀ , ਉਸ ਦੇ ਵਿੱਚ ਬੱਚੇ ਪੜ੍ਹਦੇ ਸਨ। ਐਜੂਕੇਸ਼ਨ ਮੰਤਰੀ ਜੀ ਕਹਿੰਦੇ ਹਨ ਕਿ ਅਸੀਂ ਸਕੂਲ ਖੋਲ੍ਹਣੇ ਹਨ ਪਰ ਉਹ ਸਕੂਲ ਬੰਦ ਕੀਤਾ ਜਾ ਰਿਹਾ ਹੈ। ਸਰ, ਅੱਜ ਇਹ ਜਿਹੜਾ ਸਾਡਾ ਬਜਟ ਆਇਆ ਹੈ , ਇਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ 51 ,000/- ਰੁਪਏ ਸ਼ਗਨ ਸਕੀਮ ਦੇਣ ਵਾਸਤੇ ਕਿਹਾ ਹੈ , ਉਹ ਇਨ੍ਹਾਂ ਨੇ ਜੁਲਾਈ ਦੇ ਮਹੀਨੇ ਸਕੀਮ ਚਲਾਉਣੀ ਹੈ। ਜੇ ਇਹ ਟਾਈਮ ਸਿਰ ਦੇ ਦਿੰਦੇ ਤਾਂ ਚੰਗਾ ਸੀ। ਪਿਛਲੇ ਤਾਂ 2019 -20 ਦੀਆਂ ਸ਼ਗਨ ਸਕੀਮਾਂ ਦੇ ਪੈਸੇ ਤਾਂ ਲੋਕਾਂ ਨੂੰ ਦਿੱਤੇ ਨਹੀਂ। ਉਹ ਕਹਿੰਦੇ ਹਨ ਕਿ ਸਾਡੇ ਪੈਸੇ ਰੁੱਕੇ ਹੋਏ ਹਨ। ਹੁਣ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਬੱਸਾਂ ਦਾ ਸਫਰ ਫ੍ਰੀ ਕਰਨਾ ਹੈ। ਮੰਤਰੀ ਸਾਹਿਬ , ਇੱਥੇ ਬੈਠੇ ਨਹੀਂ ਹਨ। ਸਾਡੇ ਰੋਪੜ ਦੇ ਵਿੱਚ ਸਾਰੀਆਂ ਪ੍ਰਾਈਵੇਟ ਬੱਸਾਂ ਚੱਲਦੀਆਂ ਹਨ। ਇਹ ਸਾਡਾ ਸਾਰਾ ਇੱਕ ਪੇਂਡੂ ਹਲਕਾ ਹੈ। ਪ੍ਰਾਈਵੇਟ ਬੱਸਾਂ ਦੇ ਵਿੱਚ ਵੀ ਸਫਰ ਫ੍ਰੀ ਕਰੋ , ਜਿਸ ਤੇ ਸਾਡੀ ਬੀਬੀਆਂ , ਮਾਤਾਵਾਂ, ਭੈਣਾਂ ਆਦਿ ਨੇ ਸਫਰ ਕਰਨਾ ਹੈ। ਸਰਕਾਰ ਆਪਣੇ ਕੋਲੋਂ ਪ੍ਰਾਈਵੇਟ ਬੱਸਾਂ ਵਾਲਿਆਂ ਨੂੰ ਪੈਸੇ ਦੇਣ। ਸਰਕਾਰੀ ਬੱਸਾਂ ਤਾਂ ਉੱਥੇ ਇਹ ਚਲਾ ਨਹੀਂ ਰਹੇ। ਇਸ ਲਈ ਇਹ ਇੱਕ ਵੱਡਾ ਇਸ਼ੂ ਹੈ। (ਵਿਘਨ... ਸ਼ੋਰ)ਚੱਲੋ, ਉਹ ਵੀ ਉਨ੍ਹਾਂ ਦੇ ਪਰਿਵਾਰ ਨੇ। ਜਿਹੜੀਆਂ ਇਹ ਪੈਨਸ਼ਨਾਂ ਦੀ ਗੱਲਾਂ ਕਰਦੇ ਹਨ ਕਿ ਅਸੀਂ 700 ਤੋਂ 1500 ਰੁਪਏ ਕਰ ਦਿੱਤੀ ਹੈ।

**ਮਾਨਯੋਗ ਡਿਪਟੀ ਸਪੀਕਰ:** ਸੰਦੋਆ ਜੀ, ਕਨਕਲੂਡ ਕਰੋ, ਤੁਹਾਡਾ ਟਾਈਮ ਹੋ ਗਿਆ।

**ਸਰਦਾਰ ਅਮਰਜੀਤ ਸਿੰਘ ਸੰਦੋਆ** : ਪਿਛਲੀਆਂ ਪੈਨਸ਼ਨਾਂ ਦੇ ਪੈਸੇ ਵੀ ਲੋਕਾਂ ਦੇ ਬਹੁਤ ਬਕਾਇਆ ਪਏ ਹਨ।(ਅਵਾਜ਼ਾਂ...ਕੋਈ ਬਕਾਇਆ ਨਹੀਂ)[

**ਸਰਦਾਰ ਜੈ ਕ੍ਰਿਸ਼ਨ ਸਿੰਘ:** ** **

**Mr. Deputy Speaker**: No point of Order. ਬੈਠੋ। ਸੰਦੋਆ ਜੀ, ਕਨਕਲੂਡ ਕਰੋ। ਸੰਦੋਆ ਜੀ, ਕਨਕਲੂਡ ਕਰੋ ਪਲੀਜ਼।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਰ, ਇਹ ਜਿਹੜਾ ਬਜਟ ਹੈ, ਇਸ ਦਾ ਸਾਰੇ ਵਿਰੋਧ ਕਰ ਰਹੇ ਹਨ, ਮੁਲਾਜ਼ਮ ਵੀ ਵਿਰੋਧ ਕਰ ਰਹੇ ਹਨ , ਸਾਰੀ ਦੁਨੀਆ ਵਿਰੋਧ ਕਰ ਰਹੀ ਹੈ , ਮੈਂ ਵੀ ਵਿਰੋਧ ਕਰਦਾ ਹਾਂ। ਮੈਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਰੋਪੜ ਦੇ ਟੈਕਸ ਦਾ ਪੈਸਾ ਹੈ , ਉਹ ਜ਼ਰੂਰ ਦੇ ਦਿਓ ਨਹੀਂ ਤਾਂ ਮੈਂ ਤੁਹਾਡੀ ਕੋਠੀ ਦੇ ਬਾਹਰ ਆ ਕੇ ਧਰਨਾ ਲਾਵਾਂਗਾ ਜੇ ਤੁਸੀਂ ਸਾਡੇ ਹੱਕ ਮਾਰੇ। ਤੁਸੀਂ ਮੇਰੇ ਰੋਪੜ ਦਾ ਪੈਸਾ ਹੋਰ ਹਲਕਿਆਂ ਵਿੱਚ ਦੇ ਰਹੇ ਹੋ।

**ਮਾਨਯੋਗ ਡਿਪਟੀ ਸਪੀਕਰ**: ਅਮਨ ਅਰੋੜਾ ਜੀ।

**ਸਰਦਾਰ ਅਮਰਜੀਤ ਸਿੰਘ ਸੰਦੋਆ**: ਥੈਂਕਿਯੂ ਜੀ। ਧੰਨਵਾਦ।

**ਸ਼੍ਰੀ ਅਮਨ ਅਰੋੜਾ (ਸੁਨਾਮ) :** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਅੱਜ ਮੈਨੂੰ ਬਜਟ ਦੇ ਉਪਰ ਬੋਲਣ ਦਾ ਮੌਕਾ ਦੇ ਰਹੇ ਹੋ। ਡਿਪਟੀ ਸਪੀਕਰ ਸਾਹਿਬ, ਬਜਟ ਇੱਕ ਬੜਾ ਮੁਕੱਦਸ ਡਾਕੂਮੈਂਟ ਹੁੰਦਾ ਹੈ ਔਰ ਕੋਈ ਜ਼ਮਾਨਾ ਹੁੰਦਾ ਸੀ ਕਿ ਜਿਹੜੇ ਬਜਟ ਹੁੰਦੇ ਸੀ ਉਹ ਸਟੇਟ ਦੇ ਹੁੰਦੇ ਸੀ, ਸਟੇਟ ਦੇ ਲੋਕਾਂ ਦੇ ਹੁੰਦੇ ਸੀ ਜਿਸ ਵਿਚ ਅਗਲੇ ਆਉਣ ਵਾਲੇ 40-50 ਸਾਲਾਂ ਦੀ ਵਿਜ਼ਨ ਹੈ, ਜਿਹੜੀ ਰੋਡ ਮੈਪ ਹੈ ਉਹ ਦਿੱਤਾ ਜਾਂਦਾ ਹੈ। ਪਰ unfortunately over a period of time. ਇਹ ਜਿਹੜੇ ਬਜਟਸ ਹਨ, ਇਹ ਸਰਕਾਰਾਂ ਦੇ, ਪੁਲੀਟੀਕਲ ਪਾਰਟੀਆਂ ਦੇ ਔਰ ਖਾਸ ਕਰਕੇ ਚੋਣਾਂ ਦੇ ਬਣ ਕੇ ਰਹਿ ਗਏ ਹਨ। ਸਰ, ਮੇਰੇ ਹੀ ਬਹੁਤ ਹੀ ਸਤਿਕਾਰਯੋਗ ਵੱਡੇ ਵੀਰ ਬਹੁਤ ਹੀ ਕਾਬਲ, ਇੰਟੈਲੀਜੈਂਟ, intellectual ਫਾਈਨਾਂਸ ਮਨਿਸਟਰ ਸਾਹਿਬ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੂੰ ਇਸ ਗੱਲ ਦੀ ਬਹੁਤ ਮੁਬਾਰਕਬਾਦ ਦੇਣੀ ਚਾਹਾਂਗਾ ਕਿ ਉਨ੍ਹਾਂ ਨੇ ਬੜੇ ਖੂਬਸੂਰਤ ਤਰੀਕੇ ਦੇ ਨਾਲ

ਕਾਂਗਰਸ ਪਾਰਟੀ ਦਾ ਸਾਲ 2022 ਦਾ ਜਿਹੜਾ ਚੋਣਾਂ ਦਾ ਬਜਟ ਹੈ ਉਹ ਪੇਸ਼ ਕੀਤਾ ਹੈ ਔਰ ਅਰਜਨ ਦੀ ਤਰ੍ਹਾਂ ਮੱਛੀ ਦੀ ਅੱਖ ਵਿੱਚ ਨਿਸ਼ਾਨਾ ਲਗਾਉਣ ਵਾਲਾ ਜਿਹੜਾ ਕੰਮ ਹੈ ਉਹ ਬੜੇ ਸੋਹਣੇ ਤਰੀਕੇ ਨਾਲ ਕੀਤਾ ਗਿਆ ਹੈ। ਸਰ, ਇਸ ਤੋਂ ਪਹਿਲਾਂ ਕਾਫੀ ਇੱਕ ਦੂਜੇ ਤੋਂ ਸਵਾਲ ਜਵਾਬ ਹੋਏ ਹਨ। ਮੈਂ ਤਾਂ ਸਿਰਫ ਜਿਹੜੇ ਲੋਕਾਂ ਦੇ ਕੁਝ ਸਵਾਲ ਹਨ, ਉਹ ਜ਼ਰੂਰ ਕਰਨੇ ਚਾਹਾਂਗਾ। ਸਰ, ਮੈਨੀਫੈਸਟੋ ਵਿਚ ਕੀ ਕੀ ਪ੍ਰਾਮਿਸਜ਼ ਹੋਏ ਮੈਂ ਉਸ ਦੀ ਡਿਟੇਲ ਵਿਚ ਨਹੀਂ ਜਾਂਦਾ ਕਿਉਂਕਿ ਮੀਡੀਆ, ਸੋਸ਼ਲ ਮੀਡੀਆ ਦਾ ਜ਼ਮਾਨਾ ਹੈ, ਆਪਾਂ ਸਾਰਿਆਂ ਨੂੰ ਪਤਾ ਹੈ, ਆਪਣੇ ਨਾਲੋਂ ਵੱਧ ਲੋਕਾਂ ਨੂੰ ਪਤਾ ਹੈ ਔਰ ਆਉਣ ਵਾਲੇ ਸਮੇਂ ਵਿਚ ਲੋਕ ਫੈਸਲਾ ਵੀ ਕਰ ਲੈਣਗੇ ਪਰ ਸਰ, ਜਿਹੜੀ ਮੈਂ ਬਜਟ ਦੀ ਗੱਲ ਕਰਦਾ ਹਾਂ, ਮੈਂ ਬਜਟ ਕੇਵਲ ਇਸ ਸਾਲ ਦਾ ਨਹੀਂ ਪੜ੍ਹਿਆ, ਮੈਂ ਪਿਛਲੇ ਚਾਰ ਸਾਲਾਂ ਦੇ ਬਜਟ ਵੀ ਪੜ੍ਹੇ ਹਨ, ਇਨ੍ਹਾਂ ਦੇ ਵਿਚੋਂ ਜੋ ਜੋ ਪ੍ਰੋਵੀਜ਼ਨਜ਼ ਕੀਤੀਆਂ ਗਈਆਂ ਸਨ ਉਨ੍ਹਾਂ ਵਿਚੋਂ ਇਕ ਦੋ ਉਦਾਹਰਣਾਂ ਤੁਹਾਨੂੰ ਦਿਆਂਗਾ। ਪਿਛਲੇ ਬਜਟ ਦੇ ਵਿੱਚ ਜਿਹੜੀਆਂ ਪ੍ਰੋਵੀਜ਼ਨਜ਼ ਹੋਈਆਂ ਜਿਸ ਤਰ੍ਹਾਂ ਕਿਸਾਨਾਂ ਤੇ ਬੇਜ਼ਮੀਨੇ ਕਿਸਾਨਾਂ ਲਈ 8270 ਕਰੋੜ ਰੁਪਏ ਦੀਆਂ ਪ੍ਰੋਵੀਜ਼ਨਜ਼ ਹੋਈਆਂ, ਮਹਿਜ਼ ਦਿੱਤੇ ਗਏ ਸਿਰਫ 4625 ਕਰੋੜ ਰੁਪਏ, ਇਸੇ ਤਰੀਕੇ ਨਾਲ ਸੀ.ਸੀ.ਐਲ.ਲਿਮਟ ਦੀ ਗੱਲ ਹੋਈ, ਮੈਂ ਨਹੀਂ ਪੁੱਛਦਾ ਕਿ ਸੀ.ਸੀ.ਐਲ.ਲਿਮਟ ਜਿਨ੍ਹਾਂ ਨੇ ਕਰਨਾ ਸੀ, ਕਰ ਗਏ, 31000 ਰੁਪਏ ਦਾ ਹਰ ਰੋਜ਼ ਦਾ 9 ਕਰੋੜ ਰੁਪਿਆ ਪੰਜਾਬ ਦੇ ਸਿਰ ਚੜ੍ਹ ਗਿਆ ਪਰ ਚਾਰ ਸਾਲਾਂ ਵਿਚ ਸਰਕਾਰ ਨੇ ਕੀਤਾ ਕੀ ਹੈ, ਕਿਤੇ ਕਿਸੇ ਗੁਨਾਹਗਾਰ ਨੂੰ ਆਪਾਂ ਫੜ੍ਹ ਕੇ ਅੰਦਰ ਕੀਤਾ ਹੈ? ਸਰ, ਮੈਂ ਇਹ ਨਹੀਂ ਪੁੱਛਦਾ ਪਰ ਲੋਕ ਜ਼ਰੂਰ ਪੁੱਛਣਗੇ ਕਿ ਅੱਜ ਵੀ ਪੰਜਾਬ ਜਿਹੜਾ ਸੋਨੇ ਦੀ ਚਿੜੀ ਹੁੰਦਾ ਸੀ ਉਸ ਵਿਚ ਹੈਲਥ, ਐਜੂਕੇਸ਼ਨ, ਰੂਰਲ ਡਿਵੈਲਪਮੈਂਟ, ਅਰਬਨ ਡਿਵੈਲਪਮੈਂਟ, ਇਨ੍ਹਾਂ ਪੈਰਾ ਮੀਟਰਜ਼ ਵਿਚ ਪੰਜਾਬ ਸਾਰਿਆਂ ਨਾਲੋਂ, ਸਾਰੀਆਂ ਸਟੇਟਾਂ ਦੇ ਮੁਕਾਬਲੇ ਲੋਐਸਟ ਕਿਉਂ ਹੈ? ਸਰ, ਅੱਜ ਇਹ ਜਿਹੜਾ ਬਜਟ ਹੈ, ਇਹ ਮੈਂ ਸਮਝਦਾ ਹਾਂ ਕਿ ਲੋਕ ਇਹ ਜ਼ਰੂਰ ਪੁੱਛਣਗੇ ਕਿ ਵਾਅਦੇ ਹੋਏ ਸੀ ਕਿ ਜੇ ਤੁਸੀਂ ਸਾਡੀ ਸਰਕਾਰ ਬਣਾਉ, ਸਰਕਾਰ ਆਉਣ ਉਤੇ 2500 ਰੁਪਿਆ ਪੈਨਸ਼ਨ ਦਾ ਦਿਆਂਗੇ, 51000 ਰੁਪਿਆ ਸ਼ਗਨ ਦਾ ਦਿਆਂਗੇ। ਮੇਰੇ ਖਿਆਲ ਦੇ ਵਿਚ ਲੋਕ ਇਹ ਜ਼ਰੂਰ ਪੁੱਛਣਗੇ ਕਿ ਸਰਕਾਰ ਆਉਣ ਦਾ ਵਾਅਦਾ ਸੀ, ਇਹ ਸਰਕਾਰ ਦੇ ਜਾਣ ਦੇ ਸਮੇਂ ਦਾ ਵਾਅਦਾ ਨਹੀਂ ਸੀ। ਸਰ, ਜਿਹੜੀਆਂ unfulfilled ਪ੍ਰਾਮਿਸਜ਼ ਹਨ, ਇਹ ਕਿਉਂਕਿ ਸਮਾਂ ਥੋੜ੍ਹਾ ਹੁੰਦਾ ਹੈ, ਜੇ ਕਿਸੇ ਨੇ ਡਿਟੇਲ ਵਿਚ ਜਾਨਣਾ ਹੋਵੇ ਤਾਂ ਐਨੂਅਲ ਫਾਈਨਾਂਸ਼ੀਅਲ ਸਟੇਟਮੈਂਟ ਹੈ, ਇਸ ਵਿੱਚ ਕਿੰਨੇ ਵਾਅਦੇ ਕੀਤੇ ਤੇ ਕਿੰਨੇ ਵਾਅਦੇ ਪੂਰੇ ਹੋਏ, ਉਨ੍ਹਾਂ ਦਾ ਐਗਜੈਕਟ ਸਟੇਟਸ ਕੀ ਹੈ, ਉਹ ਜ਼ਰੂਰ ਪਤਾ ਲੱਗ ਜਾਂਦਾ ਹੈ, ਸਰ, ਇਸ ਲਈ ਜ਼ਰੂਰ ਪੜਿਉ। ਸਰ, ਇਹ ਜਿਹੜਾ ਬਜਟ ਹੈ, ਇਸ ਬਾਰੇ ਮੈਂ ਇਹ

ਮੰਨ ਕੇ ਚੱਲਦਾ ਹਾਂ ਕਿ ਇਹ ਇਲੈਕਸ਼ਨ ਓਰੀਐਂਟਿਡ ਬਜਟ ਹੈ ਔਰ ਪੰਜਾਬ ਲਈ ਜਿਹੜੀ ਵਿਜ਼ਨ ਹੈ, ਜਿਹੜੀ ਰੋਡ ਮੈਪ ਹੈ, ਉਹ ਕਿਤੇ ਨਾ ਕਿਤੇ ਇਸ ਦੇ ਵਿਚੋਂ ਗਾਇਬ ਹੈ। ਸਰ, ਇਸ ਦੇ ਵਿਚ ਐਕਚੂਅਲੀ ਹੁੰਦਾ ਕੀ ਹੈ, ਮੈਂ ਇਹ ਮੰਨ ਕੇ ਚਲਦਾ ਹਾਂ ਕਿ ਸਟੇਟ ਦੇ ਫਾਈਨਾਂਸ਼ੀਅਲ ਪੁਜ਼ੀਸ਼ਨ ਕੀ ਹੈ, ਲੋਕਾਂ ਦੀ ਫਾਈਨਾਂਸ਼ੀਅਲ ਪੁਜ਼ੀਸ਼ਨ ਨੂੰ ਆਪਾਂ ਦੋ ਕੁ ਗੱਲਾਂ ਤੋਂ ਜੱਜ ਕਰ ਸਕਦੇ ਹਾਂ। ਨੰਬਰ ਇੱਕ ਸੋਸ਼ਲ ਸੈਕਟਰ ਲਈ ਆਪਾਂ ਕੀ ਕਰ ਰਹੇ ਹਾਂ, ਗਰੀਬਾਂ ਲਈ ਕੀ ਕਰ ਰਹੇ ਹਾਂ, ਲੋੜਵੰਦਾਂ ਲਈ ਕੀ ਕਰ ਰਹੇ ਹਾਂ, ਦੂਜਾ ਆਪਾਂ ਕੈਪੀਟਲ ਐਕਸਪੈਂਡੀਚਰ ਕਰਕੇ ਸਟੇਟ ਲਈ ਕਿੰਨੇ ਕੁ ਅਸੈਸਟਸ ਕ੍ਰੀਏਟ ਕਰ ਰਹੇ ਹਾਂ। ਸਰ, ਜੇ ਮੈਂ ਇੱਕ ਦੋ ਫਿਗਰਾਂ ਦੀ ਤੁਹਾਡੇ ਨਾਲ ਗੱਲ ਕਰਾਂ ਤਾਂ ਸਾਲ 2020-21 ਵਿਚ ਕੈਪੀਟਲ ਐਕਸਪੈਂਡੀਚਰ ਦੀ ਪ੍ਰੋਵੀਜ਼ਨ 59000 ਕਰੋੜ ਕੀਤੀ ਗਈ ਸੀ ਇਹ ਰਿਵਾਈਜਡ ਦੇ ਵਿੱਚ 47000 ਕਰੋੜ ਆ ਗਿਆ, ਇਹ ਮਾਈਨਸ 20% ਹੈ, ਮਾਈਨਸ 20% ਹੈ। ਸਰ, ਕੈਪੀਟਲ ਆਊਟ ਲੇਅ ਦੀ ਗੱਲ ਕਰ ਲਈਏ, ਇਹ 10280 ਕਰੋੜ ਰੁਪਏ ਦਾ ਪ੍ਰੋਵੀਜ਼ਨ ਕੀਤਾ ਗਿਆ ਸੀ, ਰਿਵਾਈਜਡ ਵਿਚ 6800 ਕਰੋੜ ਹੋ ਗਿਆ, ਇਹ ਮਾਈਨਸ 34% ਹੈ । ਸਰ, 2021-22 ਲਈ 64000 ਤੇ 14100 ਕਰੋੜ ਹੈ, ਇਹ ਸਮਝ ਨਹੀਂ ਆ ਰਹੀ ਕਿ ਇਹ ਪੈਸਾ ਕਿਥੋਂ ਆਵੇਗਾ? ਸਰ, ਡੈੱਟ ਰਿਲੀਫ ਪੇਮੈਂਟ ਵੀ ਮਾਈਨਸ 18% ਰਜਿਸਟਰਡ ਹੋਇਆ ਹੈ, 48000 ਕਰੋੜ ਰੁਪਿਆ ਕਿਹਾ ਸੀ ਕਿ ਦਿਆਂਗੇ ਪਰ ਦਿੱਤਾ ਜਾਂਦਾ ਹੈ 39500 ਕਰੋੜ ਰੁਪਿਆ, ਉਹ ਵੀ ਮਾਈਨਸ 18% ਹੈ। ਸਰ, ਇਹ ਹੁੰਦਾ ਕਿਉਂ ਹੈ, ਇਹ ਹੁੰਦਾ ਇਸ ਕਰਕੇ ਹੈ ਕਿਉਂਕਿ ਬਜਟ ਦੇ ਵਿੱਚ ਬਹੁਤ ਵੱਡੀਆਂ ਵੱਡੀਆਂ ਫਿਗਰਾਂ ਵਿਖਾ ਦਿੱਤੀਆਂ ਜਾਂਦੀਆਂ ਹਨ । ਸਰ, ਜੇ ਆਪਾਂ 2019-20 ਦੀ ਗੱਲ ਕਰ ਲਈਏ। ਸਰ, ਸਾਰੇ ਦੇ ਸਾਰੇ ਪੈਰਾਮੀਟਰ ਵਿੱਚ ਚਾਹੇ ਉਹ ਸਟੇਟ ਦੇ ਟੈਕਸਿਜ਼ ਹਨ, ਨਾਨ ਟੈਕਸਿਜ਼ ਹਨ, ਸੈਂਟਰਲ ਟੈਕਸਿਜ਼ ਹਨ ਜਾਂ grant in aid ਹੈ, ਉਨ੍ਹਾਂ ਵਿੱਚ 10% ਤੋਂ ਲੈ ਕੇ 42% ਤੱਕ ਘੱਟ receiving ਹੈ। ਜਦੋਂ ਪੈਸਾ ਘੱਟ ਆਵੇਗਾ ਤਾਂ obviously ਘੱਟ ਖਰਚਿਆ ਜਾਵੇਗਾ। ਇਹ ਸਿਰਫ ਅਤੇ ਸਿਰਫ fudging of figures ਹੁੰਦੀ ਹੈ। ਇਸ ਦੀ ਵਜ੍ਹਾ ਕਾਰਨ ਰੈਵੇਨਿਊ ਰਿਸੀਟਸ ਵੀ 22% ਘੱਟ ਹਨ, ਜੋ ਕਿ 2019-20 ਵਿੱਚ ਰਜਿਸਟਰ ਹੋਏ ਹਨ। 2021-22 ਵਿੱਚ ਅਸੀਂ 95,258 ਕਰੋੜ ਦੀ ਪ੍ਰੋਵੀਜ਼ਨ ਕਰ ਦਿੱਤੀ। ਮੈਨੂੰ ਇਹ ਸਮਝ ਨਹੀਂ ਆਉਂਦਾ ਕਿ ਇਹ ਪੈਸਾ ਕਿਥੋਂ ਆਵੇਗਾ? ਇਹੀ ਕੈਪੀਟਲ ਐਕਸਪੈਂਡੀਚਰ ਨੂੰ lead ਕਰਦਾ ਹੈ ਜਿਵੇਂ -22,000 ਕਰੋੜ ਘੱਟ ਖਰਚਿਆ ਗਿਆ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਕਾਰਨ ਕਰਜ਼ੇ ਦੀ ਪੰਡ ਬਹੁਤ ਭਾਰੀ ਹੋ ਗਈ।

ਸਰ, ਜੇਕਰ ਆਪਾਂ committed liabilites ਦੀ ਗੱਲ ਕਰ ਲਈਏ ਤਾਂ 2021-22 ਵਿੱਚ ਸੈਲਰੀਜ਼, ਪੈਨਸ਼ਨ ਅਤੇ ਇੰਟਰਸਟ ਉੱਪਰ ਹੀ 60,000 ਕਰੋੜ ਰੁਪਿਆ ਲੱਗ ਜਾਣਾ ਹੈ। ਰੈਵੇਨਿਊ ਰਿਸੀਟਸ ਬਾਰੇ 63% ਦਿਖਾਇਆ ਜਾਂਦਾ ਹੈ ਪਰ ਜਦੋਂ ਆਪਾਂ 2019-20 ਦੀ ਗੱਲ ਕਰ ਲਈਏ, actual figures ਆਪਣੇ ਕੋਲ ਆ ਚੁੱਕੀਆਂ ਹਨ, ਇਹ 82% ਬਣ ਜਾਂਦਾ ਹੈ। ਜਿਹੜੀਆਂ ਸਾਡੀਆਂ committed liabilities 82% ਹਨ, national average 50% ਹੈ। ਸਾਡੇ ਪੰਜਾਬ ਦੇ highest ਅੰਕੜੇ ਹਨ। ਸੋ, ਇਸ ਪ੍ਰਕਾਰ fudging of figures ਆਮ ਤੌਰ ਤੇ ਦੇਖੀ ਜਾਂਦੀ ਹੈ। ਮੇਰੇ ਤੋਂ ਪਹਿਲਾਂ ਮੇਰੇ ਸਤਿਕਾਰਯੋਗ ਸਾਥੀ ਗੱਲ ਕਰ ਰਹੇ ਸਨ ਕਿ COVID year ਹੈ, no doubt COVID year ਹੈ ਪਰ ਜੇਕਰ ਸਹੀ ਮਾਅਨਿਆਂ ਵਿੱਚ ਦੇਖਿਆ ਜਾਵੇ ਤਾਂ ਇਸ ਕੋਵਿਡ ਦਾ ਅਸਰ ਸਾਰੀ ਦੁਨੀਆ ਉੱਪਰ ਆਇਆ, ਸਾਰੇ ਦੇਸ਼ ਉੱਪਰ ਆਇਆ ਪਰ ਸਭ ਤੋਂ ਘੱਟ impact ਪੰਜਾਬ ਉੱਪਰ ਆਇਆ ਕਿਉਂਕਿ ਇਹ ਐਗਰੀਕਲਚਰ ਸਟੇਟ ਹੈ ਅਤੇ ਦੋਵੇਂ ਫਸਲਾਂ ਬੰਪਰ ਹੋਈਆਂ ਹਨ। ਵਾਰੇ ਵਾਰੇ ਜਾਈਏ, ਲੁਧਿਆਣਾ ਦੇ ਇੰਡਸਟੀਲਿਸਟਾਂ ਦੇ, ਜਿਨ੍ਹਾਂ ਨੇ ਕੋਵਿਡ ਦੌਰਾਨ ਆਪਣੀ ਜਾਨ ਨੂੰ ਖਤਰੇ ਵਿੱਚ ਪਾ ਕੇ ਇਕੱਲੇ ਪੰਜਾਬ ਨੂੰ ਜਾਂ ਪੂਰੇ ਮੁਲਕ ਨੂੰ ਹੀ ਨਹੀਂ, ਪੂਰੀ ਦੁਨੀਆ ਨੂੰ PP kits ਦਿੱਤੀਆਂ ਹਨ।

ਮੈਂ ਜਿਹੜੀ fudging of figures ਦੀ ਗੱਲ ਕਰ ਰਿਹਾ ਸੀ, 2021-22 ਦੀ ਗੱਲ ਕਰ ਲਈਏ, budget at glance ਮੇਰੇ ਕੋਲ ਹੈ, ਇਸ ਵਿੱਚ ਕਿਹਾ ਜਾਂਦਾ ਹੈ ਕਿ GSDP 6,06,530 crore ਹੋ ਜਾਵੇਗਾ ਯਾਨੀ ਕਿ GSDP ਘਟੇਗਾ ਨਹੀਂ ਬਲਕਿ 5.5% ਵਧੇਗੀ। ਸਰ, ਮੇਰੇ ਕੋਲ Economic Survey ਪਿਆ ਹੈ, ਜੋ ਕਿ ਇਸੇ GSDP ਬਾਰੇ ਕਹਿੰਦਾ ਹੈ ਕਿ 2021-22 ਵਿੱਚ ਘੱਟ ਕੇ 5.8% ਭਾਵ 5,48,000 ਕਰੋੜ ਹੋਵੇਗਾ। ਮੈਂ ਸਮਝਦਾ ਹਾਂ ਕਿ ਇਹ 65 ਕਰੋੜ ਦਾ ਪਰਦਾ ਹੈ, ਓਹਲਾ ਸਿਰਫ ਅਤੇ ਸਿਰਫ GSDP growth ਵਿੱਚ ਦਿਖਾਇਆ ਗਿਆ ਹੈ ਜੋ ਕਿ ਪੰਜਾਬ ਨਾਲ ਬਹੁਤ ਵੱਡਾ ਧੋਖਾ ਹੈ।

ਜੇਕਰ ਆਪਾਂ ਕਰਜ਼ੇ ਦੀ ਗੱਲ ਕਰ ਲਈਏ ਜਿਹੜਾ debt servicing repayment ਆਉਂਦਾ ਹੈ, ਰੈਵੇਨਿਊ ਰਿਸੀਟਸ ਦੀ ਨੈਸ਼ਨਲ ਐਵਰੇਜ 23% ਹੈ ਜੇਕਰ 100 ਰੁਪਿਆ ਆਉਂਦਾ ਹੈ ਤਾਂ 23% debt services ਵਿੱਚ ਚਲਾ ਜਾਂਦਾ ਹੈ। ਪੰਜਾਬ ਦੀ highest ਹੈ, ਇਹ 84% ਹੈ। ਜੇਕਰ 100 ਰੁਪਿਆ ਆਏਗਾ ਤਾਂ ਉਸ ਵਿਚੋਂ 84 ਰੁਪਏ ਕਰਜ਼ੇ ਅਤੇ ਮੂਲ ਦੇ ਵਿਆਜ ਵਿੱਚ ਚਲਾ ਜਾਵੇਗਾ। ਸਾਡੇ ਤੋਂ ਦੂਜੇ ਨੰਬਰ ਤੇ ਨਾਗਾਲੈਂਡ ਸਟੇਟ ਹੈ। ਉਹ ਤਾਂ ਸਾਡੇ ਕਿਤੇ ਨੇੜੇ-ਤੇੜੇ ਵੀ ਨਹੀਂ ਹੈ, ਉਸ ਦੀ 46% ਹੈ। ਸਰ, unfortunately ਹਰ ਸਾਲ 48.05 ਕਰੋੜ ਦੀ ਪੰਡ ਚੜ੍ਹ ਜਾਂਦੀ ਹੈ, ਇਹ ਕਰਜ਼ੇ ਦੀ

ਪੰਡ ਕਿਵੇਂ ਉਤਰੇਗੀ? ਮੈਂ ਇਸ ਸਾਲ ਦੀ ਹੀ ਗੱਲ ਨਹੀਂ ਕਰਦਾ, ਇਸ ਬਾਰੇ ਸਾਨੂੰ ਪੰਜਾਂ ਸਾਲਾਂ ਦੇ ਬਜਟਾਂ ਵਿੱਚ ਕੋਈ ਰੋਡ ਮੈਪ ਦੇਖਣ ਨੂੰ ਨਹੀਂ ਮਿਲਿਆ।

ਇਸ ਤੋਂ ਅੱਗੇ ਆਪਾਂ debt ਦੀ, GSDP ratio ਦੀ ਗੱਲ ਕਰੀਏ, no doubt Treasury Benches ਦੇ ਮੇਰੇ ਸਤਿਕਾਰਯੋਗ ਸਾਥੀਆਂ ਨੇ ਕਿਹਾ ਹੈ ਕਿ ਪਿਛਲੀ ਸਰਕਾਰ ਨੇ ਬਹੁਤ ਕਰਜ਼ਾ ਚੜ੍ਹਾ ਦਿੱਤਾ। No doubt ਜਦੋਂ ਇਹ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) 2016-17 ਵਿੱਚ ਗਏ ਹਨ ਤਾਂ 1,82,500 ਕਰੋੜ ਦਾ ਕਰਜ਼ਾ ਸੀ ਅਤੇ debt to GSDP ratio 42.75 ਸੀ। ਹੁਣ 2021-22 ਵਿੱਚ 2,73,703 ਕਰੋੜ ਭਾਵ 45.5 ਹੋ ਜਾਣਾ ਹੈ।

**ਮਾਨਯੋਗ ਡਿਪਟੀ ਸਪੀਕਰ** : ਅਮਨ ਜੀ, ਕਨਕਲੂਡ ਕਰੋ।

**Shri Aman Arora**: Sir, just two minutes please. ਜਿਹੜੀ ਮੇਰੇ ਕੋਲ Annual Financial Statement ਪਈ ਹੈ, ਇਹ ਕਹਿੰਦੀ ਹੈ ਕਿ 2023-24 ਵਿੱਚ ਇਹ ਕਰਜ਼ਾ 3,16,000 ਕਰੋੜ ਹੋ ਜਾਣਾ ਹੈ। ਇਸ ਤੋਂ ਇਲਾਵਾ 72,000 ਕਰੋੜ ਬੋਰਡਾਂ/ਕਾਰਪੋਰੇਸ਼ਨਾਂ ਦਾ ਕਰਜ਼ਾ ਹੈ ਜੋ ਕਿ ਇਨ੍ਹਾਂ ਡਾਕੂਮੈਂਟਸ ਵਿੱਚ ਆਉਂਦਾ ਹੀ ਨਹੀਂ ਹੈ। ਸਰ, ਮੈਨੂੰ ਫਿਕਰ ਇਸ ਗੱਲ ਦਾ ਹੈ ਕਿ ਜੂਨ, 2022 ਵਿੱਚ GSDP compensation ਬੰਦ ਹੋ ਜਾਣਾ ਹੈ ਅਤੇ 17,000 ਕਰੋੜ ਜਿਹੜਾ ਕਿ ਤਕਰੀਬਨ 18% ਬਣ ਜਾਂਦਾ ਹੈ, ਉਹ ਬੰਦ ਹੋ ਜਾਵੇਗਾ ਤਾਂ ਫੇਰ ਕੀ ਕਰਾਂਗੇ? ਜਿਹੜੀਆਂ committed liabilites salaries, pensions ਆਦਿ 82% ਹਨ, ਜਦੋਂ ਇਹ 18% ਆਉਣਾ ਬੰਦ ਹੋ ਗਿਆ ਤਾਂ ਫੇਰ ਜਾ ਕੇ ਕਿਸ ਦੀ ਮਾਂ ਨੂੰ ਮਾਸੀ ਕਹਾਂਗੇ? ਕਿਸ ਮੂਹਰੇ ਕਟੋਰਾ ਕਰਾਂਗੇ ਇਹ ਮੇਰੀ ਸਮਝ ਤੋਂ ਬਾਹਰ ਹੈ।

**ਮਾਨਯੋਗ ਡਿਪਟੀ ਸਪੀਕਰ:** ਵਾਈਂਡ ਅੱਪ ਕਰੋ ਜੀ।

**ਸ਼੍ਰੀ ਅਮਨ ਅਰੋੜਾ:** ਸਰ, ਬੱਸ ਇੱਕ ਮਿੰਟ ਜੀ। ਲਾਸਟ ਮਿੰਟ ਹੈ, ਇੱਕ ਸੁਜੈਸ਼ਨ ਹੈ ਜੀ। ਸਰ, ਇਸ ਤਰ੍ਹਾਂ ਹੈ ਕਿ ਇਹ ਹੁਣ ਆਉਣਾ ਕਿੱਥੋਂ ਹੈ? ਮੇਰੀਆਂ ਇਸ ਸਬੰਧ ਵਿੱਚ ਦੋ ਕੁ ਹੀ ਸੁਜੈਸ਼ਨਜ਼ ਹਨ। ਨੰਬਰ-1, ਸਾਡੇ ਬਹੁਤ ਹੀ ਸਤਿਕਾਰਯੋਗ ਵਿੱਤ ਮੰਤਰੀ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਕਿਹਾ ਸੀ ਕਿ ਜੇਕਰ ਅਸੀਂ ਪਾਣੀ ਦਾ ਇੱਕ ਪੈਸਾ ਵੀ ਚਾਰਜ ਕਰਨਾ ਸ਼ੁਰੂ ਕਰ ਦੇਈਏ ਤਾਂ ਸਾਡੇ ਕੋਲ ਬਹੁਤ ਪੈਸਾ ਆ ਜਾਵੇਗਾ। ਸਰ, ਅਕਤੂਬਰ, 2016 ਵਿੱਚ ਇਸੇ ਵਿਧਾਨ ਸਭਾ ਨੇ ਯੂਨੇਨੀਮਸ ਮਤਾ ਪਾਸ ਕੀਤਾ ਹੋਇਆ ਹੈ। ਉਸ ਦੇ ਉਤੇ ਕੰਮ ਕੀਤਾ ਜਾ ਸਕਦਾ ਹੈ। ਸਰ, ਮਾਫੀਏ ਵਿੱਚ ਹਰ ਸਾਲ

ਤਕਰੀਬਨ 25-28 ਕਰੋੜ ਰੁਪਿਆ ਫਾਲਤੂ ਚਲਾ ਜਾਂਦਾ ਹੈ। ਸਰ, ਜਿਹੜੇ ਜ਼ਮੀਨਾਂ ਤੇ ਨਜਾਇਜ਼ ਕਬਜ਼ੇ ਹੋਏ ਹਨ, ਉਹ 5% ਵੀ ਜੇ ਛੁਡਵਾਓ ਤਾਂ ਪੰਜਾਬ ਦਾ ਸਾਰਾ ਕਰਜ਼ਾ ਉੱਤਰ ਜਾਵੇਗਾ। ਅਖੀਰ ਵਿੱਚ ਮੈਂ ਇੰਨਾ ਹੀ ਕਹਿਣਾ ਚਾਹਾਂਗਾ ਕਿ ਬਹੁਤ ਹੀ ਸਤਿਕਾਰਯੋਗ ਵਿੱਤ ਮੰਤਰੀ ਜੀ ਨੇ ਕੱਲ੍ਹ ਇਹ ਕਹਿ ਕੇ ਤਾਂ ਗੱਲ ਖਤਮ ਕਰ ਦਿੱਤੀ ਕਿ ਜੇ ਸਾਡੀ ਅਗਲੀ ਸਰਕਾਰ ਬਣਦੀ ਹੈ ਤਾਂ ਮੈਂ ਐਫ.ਐਮ. ਨਹੀਂ ਬਣਨਾ, ਖਜ਼ਾਨਾ ਮੰਤਰੀ ਨਹੀਂ ਬਣਨਾ। ਸਰ, ਬੱਸ ਲਾਸਟ ਸੈਕਿੰਡ ਹੈ ਜੀ। ਸਰ, ਮੈਂ ਇੰਨਾ ਹੀ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਆਪਾਂ ਡਿਸਕਸ ਕਰ ਰਹੇ ਹਾਂ, ਜਿਸ ਨੂੰ ਖਜ਼ਾਨਾ ਕਹਿ ਰਹੇ ਹਾਂ, ਕੀ ਇਹ ਖਜ਼ਾਨਾ ਕਹਾਉਣ ਦੇ ਲਾਇਕ ਹੈ? ਮੇਰੀ ਸਰਕਾਰ ਨੂੰ ਹਾਊਸ ਨੂੰ ਬੇਨਤੀ ਹੈ ਕਿ ਇਸ ਦਾ ਨਾਮ ਬਦਲ ਕੇ 'ਪੀਪਾ' ਰੱਖ ਦਿਉ ਕਿਉਂਕਿ ਖਜ਼ਾਨੇ ਤਾਂ ਭਰੇ ਹੋਏ ਹੁੰਦੇ ਹਨ। ਖਾਲੀ ਤਾਂ ਪੀਪੇ ਹੀ ਹੁੰਦੇ ਹਨ। ਬਹੁਤ-ਬਹੁਤ ਧੰਨਵਾਦ ਜੀ। (ਥੰਪਿੰਗ)

-----------

## EXTENSION OF TIME OF SITTING OF THE HOUSE

**ਮਾਨਯੋਗ ਡਿਪਟੀ ਸਪੀਕਰ:** ਇੱਕ ਜ਼ਰੂਰੀ ਸੂਚਨਾ ਹੈ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦੀ ਲਿਸਟ ਆਫ ਬਿਜ਼ਨਸ਼ ਵਿੱਚ ਦਰਜ ਕੰਮ-ਕਾਜ ਖਤਮ ਹੋਣ ਤੱਕ ਸਦਨ ਦੀ ਬੈਠਕ ਦਾ ਸਮਾਂ ਵਧਾ ਲਿਆ ਜਾਵੇ? ਕੀ ਸਮਾਂ ਵਧਾ ਲਿਆ ਜਾਵੇ ਜੀ?

(ਅਵਾਜ਼ਾਂ: ਹਾਂ ਜੀ, ਹਾਂ ਜੀ।)

**ਮਾਨਯੋਗ ਡਿਪਟੀ ਸਪੀਕਰ :** ਧੰਨਵਾਦ ਜੀ । ਸਦਨ ਦਾ ਸਮਾਂ ਅੱਜ ਦੀ ਲਿਸਟ ਆਫ ਬਿਜ਼ਨਸ ਵਿੱਚ ਦਰਜ ਕੰਮ-ਕਾਜ ਖਤਮ ਹੋਣ ਤੱਕ ਵਧਾਇਆ ਜਾਂਦਾ ਹੈ ।

---------------

## GENERAL DISCUSSION ON THE BUDGET ESTIMATES FOR THE YEAR 2021-22 *(Resumption)*

**ਠੇਕੇਦਾਰ ਮਦਨ ਲਾਲ ਜਲਾਲਪੁਰ (ਘਨੌਰ):** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਬਜਟ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਮੇਰੇ ਕੋਲ ਸਮਾਂ ਥੋੜ੍ਹਾ ਹੈ ਪਰ ਜ਼ਜ਼ਬਾਤ ਜ਼ਿਆਦਾ ਹਨ। ਸਾਡੇ ਦੂਰ-ਅੰਦੇਸ਼ੀ ਵਿੱਤ ਮੰਤਰੀ ਜੀ ਨੇ ਸਾਡੇ

ਰਹਿਨੁਮਾ ਮੁੱਖ ਮੰਤਰੀ ਜੀ ਦੀ ਯੋਗ ਅਗਵਾਈ ਵਿੱਚ ਪੰਜਾਬ ਦਾ ਜੋ ਬਜਟ ਪੇਸ਼ ਕੀਤਾ ਹੈ, ਇਹ ਵਾਕਿਆ ਹੀ ਕਾਬਲੇ ਤਾਰੀਫ਼ ਹੀ ਨਹੀਂ, ਸਗੋਂ ਇਸ ਦੀ ਤਾਰੀਫ਼ ਸ਼ਬਦਾਂ ਤੋਂ ਬਾਹਰ ਹੈ। ਕੋਈ ਵੀ ਖੇਤਰ, ਕੋਈ ਵੀ ਵਰਗ, ਪੰਜਾਬ ਦਾ ਕੋਈ ਵੀ ਕੋਨਾ ਅਜਿਹਾ ਨਹੀਂ ਜਿਹੜਾ ਵਿੱਤ ਮੰਤਰੀ ਜੀ ਦੀ ਬਾਜ਼ ਅੱਖ ਤੋਂ ਵਾਂਝੇ ਰਹਿ ਗਿਆ ਹੋਵੇ ਜਾਂ ਮੁੱਖ ਮੰਤਰੀ ਜੀ ਦੀ ਅਸੀਸ ਤੋਂ ਬਿਨਾਂ ਰਹਿ ਗਿਆ ਹੋਵੇ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਪੰਜਾਬ ਨੂੰ ਖੁਸ਼ਹਾਲ ਬਣਾਉਣ ਦਾ, ਪੰਜਾਬ ਨੂੰ ਬੁਲੰਦੀਆਂ ਤੇ ਪਹੁੰਚਾਉਣ ਦਾ, ਪੰਜਾਬ ਨੂੰ ਸਮੇਂ ਦੇ ਹਾਣ ਨਾਲ ਬਣਾਉਣ ਦਾ ਜੋ ਕਾਂਗਰਸ ਪਾਰਟੀ ਦਾ ਵਾਅਦਾ ਸੀ, ਅੱਜ ਸਾਡੇ ਮੁੱਖ ਮੰਤਰੀ ਸਾਹਿਬ ਦਾ ਸੁਪਨਾ, ਸਾਡੇ ਵਿੱਤ ਮੰਤਰੀ ਜੀ ਦੀ ਸੋਚ ਨਾਲ ਪੂਰਾ ਹੁੰਦਾ ਦਿਖਾਈ ਦੇ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਇੱਥੇ ਗੱਲਾਂ ਬਹੁਤ ਹੋਈਆਂ। ਜੋ ਚਾਰ ਸਾਲਾਂ ਦੇ ਵਿੱਚ ਪੰਜਾਬ ਨੇ ਤਰੱਕੀ ਕੀਤੀ ਹੈ, ਸਾਡੇ ਪਿੰਡਾਂ ਦਾ ਜੋ ਵਿਕਾਸ ਹੋਇਆ, ਮੈਂ ਕਹਿ ਸਕਦਾ ਹਾਂ ਕਿ ਜੋ ਪਿਛਲੇ ਦਸ ਸਾਲਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਤੇ ਬੀ.ਜੇ.ਪੀ. ਦੀ ਸਰਕਾਰ ਰਹੀ ਹੈ, ਜੇ ਮੈਂ ਇਕੱਲੇ ਆਪਣੇ ਹਲਕੇ ਨਾਲ ਤੁਲਨਾ ਕਰਾਂ ਤਾਂ ਇਸ ਸਰਕਾਰ ਦੇ ਸਮੇਂ ਦੌਰਾਨ ਜਿਹੜਾ ਪਿੰਡਾਂ ਦਾ ਵਿਕਾਸ ਹੈ, ਉਹ ਸ਼ਹਿਰਾਂ ਨਾਲੋਂ ਕਿਤੇ ਵਧੀਆ ਹੋਇਆ ਹੈ। ਇੱਥੇ ਸਾਡੇ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਸਾਹਿਬ ਬੈਠੇ ਹਨ। ਨਹਿਰੀ ਸਾਫ-ਸੁਥਰਾ ਪਾਣੀ, ਸਾਨੂੰ 300 ਕਰੋੜ ਰੁਪਏ ਤੋਂ ਵੱਧ ਪੈਸਾ ਪੀਣ ਵਾਲੇ ਪਾਣੀ ਲਈ ਦਿੱਤਾ ਹੈ। ਜਿਹੜਾ ਸਾਡੇ ਰਾਜਪੁਰਾ ਤੇ ਘਨੌਰ ਨੂੰ ਸਾਫ-ਸੁਥਰਾ ਪੀਣ ਵਾਲਾ ਪਾਣੀ ਦੇਣਾ ਹੈ, ਕਿਉਂਕਿ ਜਿਹੜਾ ਸਾਡੇ ਉਥੇ ਧਰਤੀ ਹੇਠਲਾ ਪਾਣੀ ਘੱਗਰ ਦੇ ਕਾਰਨ ਗੰਧਲਾ ਹੋ ਚੁੱਕਿਆ ਸੀ, ਉਸ ਨੂੰ ਸ਼ੁੱਧ ਕਰਨ ਲਈ ਜੋ ਤਕਰੀਬਨ 300 ਕਰੋੜ ਰੁਪਿਆ ਦਿੱਤਾ ਹੈ, ਮੈਂ ਉਸ ਵਾਸਤੇ ਸਰਕਾਰ ਦਾ ਬਹੁਤ ਧੰਨਵਾਦੀ ਹਾਂ। ਇਸ ਪ੍ਰੋਜੈਕਟ ਸਬੰਧੀ ਕੰਮ ਚੱਲ ਰਿਹਾ ਹੈ, ਇਸ ਦਾ ਕੰਮ ਸ਼ੁਰੂ ਹੋ ਚੁੱਕਿਆ ਹੈ। ਮੈਂ ਕਹਿ ਸਕਦਾ ਹਾਂ ਕਿ ਕੋਈ ਕੰਮ ਜਿਸ ਦੀ ਪਿੰਡ ਵਿੱਚ ਲੋੜ ਸੀ, ਪਿੰਡ ਦੇ ਚਾਹੇ ਕਿਸੇ ਵੀ ਕੰਮ ਲਈ ਜਦੋਂ ਕਦੇ ਸਰਕਾਰ ਤੋਂ ਪੈਸਾ ਮੰਗਿਆ ਹੈ, ਸਾਨੂੰ ਕਦੇ ਜਵਾਬ ਨਹੀਂ ਮਿਲਿਆ। (ਥੰਪਿੰਗ)

ਸਾਡੇ ਬਹੁਤ ਹੀ ਸਤਿਕਾਰਯੋਗ ਵਿੱਤ ਮੰਤਰੀ ਜੀ, ਜਿਨ੍ਹਾਂ ਨੇ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਵੀ ਬਜਟ ਪੇਸ਼ ਕੀਤੇ, ਅੱਜ ਕਾਂਗਰਸ ਪਾਰਟੀ ਦੇ ਵਿੱਚ ਮੈਂ ਕਹਿ ਸਕਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਜੀ ਦੀ ਕੈਬਨਿਟ ਦਾ ਜੋ ਹੀਰਿਆਂ ਦਾ ਹਾਰ ਸੀ, ਉਸ ਦੇ ਵਿੱਚ ਇੱਕ ਨਗੀਨਾ ਬਣ ਕੇ ਇਨ੍ਹਾਂ ਨੇ ਸਾਬਤ ਕੀਤਾ ਹੈ। (ਥੰਪਿੰਗ) ਜੋ ਅੱਜ ਪੰਜਾਬ ਦਾ ਸੁਪਨਾ ਸੀ, ਕਾਂਗਰਸ ਪਾਰਟੀ ਨੇ ਜੋ ਵਾਅਦੇ ਕੀਤੇ ਸੀ, ਮੈਂ ਕਹਿ ਸਕਦਾ ਹਾਂ ਕਿ ਉਹ ਵਾਅਦੇ ਇੱਕ ਇੱਕ ਕਰਕੇ ਪੂਰੇ ਕੀਤੇ

ਜਾ ਰਹੇ ਹਨ। ਜੇ ਮੈਂ ਆਪਣੇ ਹਲਕੇ ਦੀ ਗੱਲ ਕਰਾਂ, ਮੈਂ ਕਹਿ ਸਕਦਾ ਹਾਂ ਕਿ ਜਿਹੜੀਆਂ 20 ਸਾਲ ਵਿੱਚ ਪੱਕੀਆਂ ਫਿਰਨੀਆਂ ਤੱਕ ਨਹੀਂ ਬਣੀਆਂ ਸੀ, ਜਾਂ ਜਿਹੜੀਆਂ ਸੜਕਾਂ ਪਿਛਲੇ 10 ਸਾਲ ਵਿੱਚ ਚੌੜੀਆਂ ਕਰਨੀਆਂ ਸੀ, ਪਿਛਲੀ ਸਰਕਾਰ ਵੇਲੇ ਕਿਸੇ ਇੱਕ ਸੜਕ ਤੇ ਪੈਚ ਵੀ ਨਹੀਂ ਲੱਗਿਆ ਸੀ, ਅੱਜ ਉਹ ਸਾਰੀਆਂ ਸੜਕਾਂ ਬਣ ਕੇ ਤਿਆਰ ਹੋ ਗਈਆਂ ਹਨ। ਲੋਕਾਂ ਨੂੰ ਉਨ੍ਹਾਂ ਦੀ ਸੁਵਿਧਾ ਜਾਂ ਸਹੂਲਤ ਬੜੇ ਸੁਚੱਜੇ ਢੰਗ ਨਾਲ ਸਾਡੀ ਪੰਜਾਬ ਸਰਕਾਰ ਨੇ, ਸਾਡੇ ਮੰਤਰੀ ਸਾਹਿਬ ਨੇ ਕਰਵਾ ਕੇ ਦਿੱਤੀ ਹੈ।

ਡਿਪਟੀ ਸਪੀਕਰ ਸਾਹਿਬ, ਮੇਰਾ ਛੋਟਾ ਜਿਹਾ ਹਲਕਾ ਘਨੌਰ ਹੈ। ਹੁਣ ਮੈਂ ਉਸ ਦੀ ਗੱਲ ਕਰਨੀ ਚਾਹੁੰਦਾ ਹਾਂ। ਪਿਛੇ ਪੰਜ ਕਰੋੜ ਰੁਪਏ ਦਾ ਸੀਵਰ ਪਿਆ ਸੀ, ਸਰਕਾਰ ਨੇ ਪੰਜ ਕਰੋੜ ਰੁਪਏ ਦਾ ਸੀਵਰ ਪਾਇਆ ਸੀ। ਉਸ ਦੇ ਥੋੜ੍ਹੇ ਜਿਹੇ ਕੰਮ ਬਕਾਇਆ ਰਹਿ ਗਏ ਸੀ। ਮੈਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇੱਕ ਤਾਂ ਸਾਡੇ ਜੋ ਟਰੀਟਮੈਂਟ ਪਲਾਂਟ ਲੱਗਣਾ ਹੈ, ਉਹ ਲਗਵਾ ਦਿੱਤਾ ਜਾਵੇ। ਜਿਹੜੀਆਂ ਸੜਕਾਂ ਬਣਨ ਵਾਲੀਆਂ ਹਨ, ਜਾਂ ਉਸ ਦੀ ਪਾਣੀ ਦੀ ਨਿਕਾਸੀ ਹੈ, ਉਹ ਪਾਣੀ ਸਾਫ਼ ਕਰਕੇ ਖੇਤਾਂ ਨੂੰ ਪਹੁੰਚਾਉਣ ਦਾ ਜੋ ਉਪਰਾਲਾ ਸੀ। ਇਸ ਤੇ 7 ਕਰੋੜ 65 ਲੱਖ ਦਾ ਟੋਟਲ ਖਰਚਾ ਹੋਣਾ ਹੈ। ਮੈਂ ਚਾਹੁੰਦਾ ਹਾਂ ਕਿ ਇਹ ਕੰਮ ਪੂਰਾ ਕਰਕੇ ਪਾਈਪਾਂ ਅਤੇ ਟਿਊਬਵੈਲਾਂ ਲਾ ਕੇ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਜਾਵੇ ਜੀ। ਡਿਪਟੀ ਸਪੀਕਰ ਸਾਹਿਬ, ਮੇਰਾ ਹਲਕਾ ਬਾਰਡਰ ਦਾ ਹਲਕਾ ਹੈ।ਇਹ ਅੰਬਾਲੇ ਦੇ ਬਿਲਕੁਲ ਨਜ਼ਦੀਕ ਹੈ। ਮੈਂ ਪਹਿਲਾਂ ਵੀ ਜਦੋਂ ਐਮ.ਐਲ.ਏ. ਬਣਿਆ ਸੀ ਤਾਂ ਉਦੋਂ ਵੀ ਸਾਲ 2007 ਵਿਚ ਮੈਂ ਵਿੱਤ ਮੰਤਰੀ ਜੀ ਤੋਂ ਇਕ ਕਾਲਜ ਲਿਆ ਸੀ ਕਿਉਂਕਿ ਸਾਡੇ ਹਲਕੇ ਵਿਚ ਪੜ੍ਹਾਈ ਦਾ ਸਾਧਨ ਨਹੀਂ ਸੀ। ਹੁਣ ਦੁਬਾਰਾ ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਸਾਨੂੰ ਇਕ ਕੁੜੀਆਂ ਦਾ ਸਕੂਲ ਜਾਂ ਕਾਲਜ ਜ਼ਰੂਰ ਦੇਣ ਤਾਂ ਕਿ ਜਿਹੜੀਆਂ ਸਾਡੀਆਂ ਬੱਚੀਆਂ ਅੰਬਾਲੇ ਪੜ੍ਹਨ ਜਾਂਦੀਆਂ ਹਨ, ਉਥੇ ਪੰਜਾਬੀ ਅਤੇ ਹਿੰਦੀ ਭਾਸ਼ਾ ਕਾਰਨ ਦਿੱਕਤ ਆਉਂਦੀ ਹੈ। ਪਟਿਆਲਾ ਸ਼ਹਿਰ ਦੂਰ ਪੈਂਦਾ ਹੈ, ਰਾਜਪੁਰਾ ਦੂਰ ਪੈਂਦਾ ਹੈ, ਸੋ ਉਨ੍ਹਾਂ ਨੂੰ ਅੰਬਾਲਾ ਜਾਣਾ ਪੈਂਦਾ ਹੈ। ਸੋ, ਮੇਰੇ ਹਲਕੇ ਵਿਚ ਇਕ ਲੜਕੀਆਂ ਦਾ ਸਕੂਲ ਜਾਂ ਕਾਲਜ ਬਣਾ ਕੇ ਦਿੱਤਾ ਜਾਵੇ ਜੀ। ਮੇਰੇ ਹਲਕੇ ਘਨੌਰ ਨੇ ਹੁਣ ਬਹੁਤ ਤਰੱਕੀ ਕੀਤੀ ਹੈ, ਬਹੁਤ ਕੰਮ ਹੋਏ ਹਨ। ਛੋਟੇ ਮੋਟੇ ਕੰਮ ਰਹਿ ਗਏ, ਜਿਵੇਂ ਚੰਨੀ ਜੀ ਨੇ ਸਾਨੂੰ ਆਈ.ਟੀ.ਆਈ. ਦਿੱਤੀ ਹੈ, ਉਸ ਦੇ ਟੈਂਡਰ ਲੱਗ ਗਏ ਹਨ। ਮੈਂ ਇਨ੍ਹਾਂ ਦਾ ਵੀ ਧੰਨਵਾਦ ਕਰਦਾ ਹਾਂ। ਸਿਹਤ ਮੰਤਰੀ ਜੀ, ਇੱਥੇ ਬੈਠੇ ਨਹੀਂ, ਇਨ੍ਹਾਂ ਤੋਂ ਮੈਂ ਇਕ ਹਸਪਤਾਲ ਮੰਗਿਆ ਸੀ, ਉਨ੍ਹਾਂ ਨੇ ਸਾਡਾ ਉਹ ਕੰਮ ਵੀ ਸ਼ੁਰੂ ਕਰਵਾ ਦਿੱਤਾ ਹੈ। ਇਸ ਤੋਂ ਇਲਾਵਾ ਮੈਂ ਪੇਂਡੂ ਵਿਕਾਸ ਅਤੇ ਪੰਚਾਇਤ

ਮੰਤਰੀ ਜੀ ਦਾ ਵੀ ਧੰਨਵਾਦ ਕਰਦਾ ਹਾਂ ਕਿਉਂਕਿ ਇਨ੍ਹਾਂ ਨੇ ਸਾਡੇ ਪੇਂਡੂ ਹਲਕੇ ਵਿਚ ਨਵਾਂ ਸ਼ੰਭੂ ਬਲਾਕ ਬਣਾ ਕੇ ਦਿੱਤਾ ਹੈ। ਮੈਂ ਕਹਿ ਸਕਦਾ ਹਾਂ ਕਿ ਅੱਜ ਪਿੰਡਾਂ ਦੀ ਡਿਵੈਲਪਮੈਂਟ ਸ਼ਹਿਰਾਂ ਨਾਲੋਂ ਕਿਤੇ ਵਧੀਆ ਹੈ। ਪਹਿਲਾਂ ਲੋਕ ਪਿੰਡ ਛੱਡ ਕੇ ਸ਼ਹਿਰਾਂ ਨੂੰ ਜਾਂਦੇ ਸੀ ਪਰ ਅੱਜ ਉਹੀ ਬੰਦੇ ਮੁੜ ਪਿੰਡਾਂ ਵਿਚ ਜਾਣ ਨੂੰ ਤਿਆਰ ਹਨ। ਜਿਵੇਂ ਸਰਦਾਰ ਹਰਦਿਆਲ ਸਿੰਘ ਜੀ ਨੇ ਗੱਲ ਕੀਤੀ ਹੈ, ਮੇਰੇ ਹਲਕੇ ਦੇ ਦੋ ਵਾਰਡ ਰਾਜਪੁਰੇ ਵਿਚ ਪੈਂਦੇ ਹਨ। ਅੱਜ ਸ਼ਹਿਰਾਂ ਵਾਲੇ ਲੋਕ ਠੱਗੇ ਹੋਏ ਮਹਿਸੂਸ ਕਰਦੇ ਹਨ ਅਤੇ ਪਿੰਡਾਂ ਵਿਚ ਰਹਿਣਾ ਪਸੰਦ ਕਰਦੇ ਹਨ। ਇਸੇ ਕਰਕੇ ਮੈਂ ਬਾਜਵਾ ਜੀ ਦਾ ਅਤੇ ਵਿੱਤ ਮੰਤਰੀ ਜੀ ਦਾ ਵਾਰ ਵਾਰ ਧੰਨਵਾਦ ਕਰਦਾ ਹਾਂ। ਇਨ੍ਹਾਂ ਨੇ ਅੱਜ ਸਾਡੇ ਪਿੰਡਾਂ ਨੂੰ ਸ਼ਹਿਰਾਂ ਦੇ ਬਰਾਬਰ ਲਿਆ ਕੇ ਖੜਾ ਕਰ ਦਿੱਤਾ ਹੈ। ਹੁਣ ਮੈਂ ਨਹਿਰੀ ਪਾਣੀ ਦੀ ਗੱਲ ਕਰਦਾ ਹਾਂ। ਸਾਡੇ ਭਾਖੜਾ ਮਿੱਲ ਹੈ, ਇਹ ਜਦੋਂ ਨਹਿਰ ਬਣੀ ਸੀ ਤਾਂ ਸਭ ਤੋਂ ਘੱਟ ਪਾਣੀ ਸਾਡੇ ਪਟਿਆਲਾ ਅਤੇ ਫਤਿਹਗੜ੍ਹ ਸਾਹਿਬ ਨੂੰ ਮਿਲਿਆ। 2.4 ਕਿਊਸਿਕ ਪਰ ਹਜ਼ਾਰ ਏਕੜ ਨੂੰ ਇਹ ਪਾਣੀ ਮਿਲਿਆ। ਕਈ ਜ਼ਿਲਿਆਂ ਨੂੰ 3.4, ਕਿਸੇ ਨੂੰ 3.5, ਕਿਸੇ ਨੂੰ 3.15,ਕਿਸੇ ਨੂੰ 5.50 ਪਾਣੀ ਮਿਲਿਆ। ਪਰ ਸਭ ਤੋਂ ਘੱਟ ਪਟਿਆਲੇ ਜ਼ਿਲੇ ਨੂੰ ਮਿਲਿਆ। ਜਦੋਂ ਥਰਮਲ ਪਲਾਂਟ ਲੱਗਿਆ ਤਾਂ 750 ਪਾਣੀ ਲੈ ਕੇ ਥਰਮਲ ਨੂੰ ਦਿੱਤਾ ਗਿਆ ਜਿਹੜਾ ਕਿ ਦੁਬਾਰਾ ਫਿਰ ਦਰਿਆ ਵਿਚ ਚਲਿਆ ਗਿਆ, ਉਹ ਪਾਣੀ ਸਾਨੂੰ ਦੁਬਾਰਾ ਮਿਲਣਾ ਚਾਹੀਦਾ ਸੀ। ਇਹ ਪਾਣੀ ਫਸਟ ਫੀਡਰ ਰਾਹੀਂ ਘੱਗਰ ਨਹਿਰ ਵਿਚ ਜਾ ਸਕਦਾ ਸੀ, ਜਿਹੜਾ ਭਾਖੜਾ ਤੋਂ ਘੱਗਰ ਬਰਾਂਚ ਵਿਚ ਜਾ ਰਿਹਾ ਹੈ, ਇਹ ਤਬਦੀਲ ਕਰਕੇ ਸਾਨੂੰ 750 ਪਾਣੀ ਵਾਪਸ ਮਿਲ ਸਕਦਾ ਸੀ ਪਰ ਕਿਸੇ ਨੇ ਇਸ ਵੱਲ ਧਿਆਨ ਨਹੀਂ ਦਿੱਤਾ। ਹੁਣ ਪਟਿਆਲੇ ਨੂੰ ਮਿਲਦਾ ਪਾਣੀ 2.4 ਕਿਊਸਿਕ ਨਾਲੋਂ ਵੀ ਕਿਤੇ ਘੱਟ ਹੋ ਗਿਆ ਹੈ।ਇਸ ਕਰਕੇ ਮੈਂ ਸਦਨ ਦਾ ਧਿਆਨ ਇਸ ਪਾਣੀ ਦੇ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਸਾਡਾ ਪਟਿਆਲੇ ਦਾ ਪਾਣੀ ਪੂਰਾ ਕੀਤਾ ਜਾਵੇ । ਸਾਡਾ ਬਾਰਡਰ ਹਰਿਆਣਾ ਨਾਲ ਲਗਦਾ ਹੈ। ਜਿਹੜੇ ਸਾਡੇ ਸੂਏ ਹਨ, ਉਹ ਕੱਚੇ ਹਨ। ਇਨ੍ਹਾਂ ਨੂੰ ਬਣਿਆ ਨੂੰ 65 ਸਾਲ ਹੋ ਗਏ ਹਨ।ਇਨ੍ਹਾਂ ਦੀਆਂ ਟੇਲਾਂ ਤੱਕ ਪਾਣੀ ਨਹੀਂ ਪਹੁੰਚਦਾ। ਸਾਡਾ ਸਨੌਰ ਰਜਬਾਹਾ 65 ਕਿਉਂਸਿਕ ਦਾ ਹੈ ਪਰ ਇਸ ਵਿਚ ਸਿਰਫ 40-45 ਕਿਊਸਿਕ ਹੀ ਪਾਣੀ ਚੱਲਦਾ ਹੈ।ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਦੀਆਂ 95 ਬੁਰਜੀਆਂ ਹਨ, ਇਹ 30 ਕਿੱਲੋਮੀਟਰ ਕੁੱਲ ਹੈ। ਇਸ ਤੇ ਲਗਭੱਗ 20 ਕਰੋੜ ਰੁਪਿਆ ਲੱਗਣਾ ਹੈ। ਮੈਂ ਨਹੀਂ ਕਹਿੰਦਾ ਕਿ ਸਾਰਾ ਇਕੱਠਾ ਦੇ ਦਿਓ, ਇਸ ਸਾਲ ਵਾਸਤੇ ਕੇਵਲ 10 ਕਰੋੜ ਇਸ ਕੰਮ ਲਈ ਰੱਖ ਦਿਓ ਤਾਂ ਜੋ ਇਹ ਅੱਧਾ ਬਣ ਜਾਵੇ। ਇਸ ਦੀਆਂ ਹੈੱਡ ਵਾਲੀਆਂ ਰੀਚਾਂ ਕੰਮਜ਼ੋਰ ਹਨ, ਜੇਕਰ ਇਸ ਦੀਆਂ 40 ਬੁਰਜੀਆਂ ਹੀ ਬਣ ਜਾਣ ਤਾਂ ਵੀ ਟੇਲਾਂ ਤੇ ਪਾਣੀ ਪਹੁੰਚ ਸਕਦਾ ਹੈ।

***02:35 ਵਜੇ ਬਾਅਦ ਦੁਪਹਿਰ)** **(*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)**

55 ਕਿਊਸਿਕ ਦਾ ਸਾਡਾ ਉਦੈਪੁਰ ਮਾਈਨਰ ਹੈ। ਸਪੀਕਰ ਸਾਹਿਬ, ਇਸ ਦੀਆਂ 12 ਬੁਰਜੀਆਂ ਲਈ ਪਿਛਲੇ ਸਾਲ 3 ਕਰੋੜ ਰੁਪਿਆ ਵਿੱਤ ਮੰਤਰੀ ਜੀ ਨੇ ਦਿੱਤਾ ਸੀ ਜਿਸ ਦੇ ਕਿ ਹੁਣ ਟੈਂਡਰ ਹੋ ਗਏ ਹਨ। ਇਹ ਕੰਮ ਸ਼ੁਰੂ ਹੋਇਆ ਹੈ ਪਰ ਮੈਂ ਚਾਹਾਂਗਾ ਕਿ 5 ਕਰੋੜ ਰੁਪਿਆ ਇਸ ਤੇ ਹੋਰ ਲਗਾ ਕੇ 32 ਬੁਰਜੀ ਤੱਕ ਇਹ ਬਣਾ ਦਿੱਤਾ ਜਾਵੇ ਤਾਂ ਕਿ ਜਿਹੜਾ ਸਨੌਰ ਦਾ ਪਾਣੀ ਹੈ ਉਹ ਪੂਰਾ ਅੱਗੇ ਜਾ ਸਕੇ। ਕਿਉਂ ਜੋ ਇਹ ਹੈਡ ਵਾਲੀਆਂ ਰਿੱਚਾਂ ਕਮਜ਼ੋਰ ਹਨ। ਸਾਡਾ ਜਿਹੜਾ ਸਾਰਾ ਫਾਲਤੂ ਪਾਣੀ ਹੈ, ਜਿਹੜਾ 55 ਹੈ ਉਹ 30-35 ਚੱਲਦਾ ਹੈ। ਜਿਹੜਾ 60-65 ਹੈ ਉਹ 35-40 ਚੱਲਦਾ ਹੈ। ਇਹ ਸਾਡਾ ਸਾਰਾ ਪਾਣੀ ਹਰਿਆਣਾ ਯੂਜ਼ ਕਰਦਾ ਹੈ। ਦੂਜੀ ਗੱਲ ਮੈਂ ਕਹਾਂਗਾ ਕਿ ਹਰਿਆਣਾ ਇੱਕ ਕਿਊਸਿਕ ਪਾਣੀ ਨਹੀਂ ਛੱਡਦਾ ਹੈ। ਸਾਰੇ ਸਾਲ ਦਾ ਪਾਣੀ ਪੂਰੇ ਦਾ ਪੂਰਾ ਲੈਂਦਾ ਹੈ। ਉਨ੍ਹਾਂ ਨੇ ਆਪਣੇ ਛੱਪੜ ਸਾਫ ਕਰਵਾ ਲਈਆਂ ਹਨ ਅਤੇ ਆਪਣੀਆਂ ਡਰੇਨਾਂ ਵਿੱਚ ਸਾਰੇ ਦੇ ਸਾਰਾ ਪਾਣੀ ਜਮ੍ਹਾਂ ਕਰ ਲੈਂਦੇ ਹਨ। ਜਦੋਂ ਝੋਨਾ ਲੱਗਦਾ ਉਹ ਸਟੋਰ ਹੋਇਆ ਪਾਣੀ ਯੂਜ਼ ਕਰ ਲੈਂਦੇ ਹਨ। ਪਰ ਸਾਡੇ ਪੰਜਾਬ ਦੇ ਵਿੱਚ ਇਹ ਗੱਲ ਨਹੀਂ ਹੈ। ਜਿੰਨਾਂ ਸਾਨੂੰ ਖੇਤੀ ਵਾਸਤੇ ਪਾਣੀ ਦੀ ਲੋੜ ਹੈ ਸਿਰਫ ਉਨ੍ਹਾਂ ਹੀ ਪਾਣੀ ਲੈਂਦੇ ਹਾਂ। ਬਾਕੀ ਸਾਰਾ ਪਾਣੀ ਦਰਿਆਵਾਂ ਵਿੱਚ ਜਾ ਰਿਹਾ ਹੈ। ਮੈਂ ਚਾਹੁੰਦਾ ਹਾਂ ਕਿ ਜੋ ਸਾਡਾ ਬਣਦਾ ਪਾਣੀ ਹੈ ਉਹ ਸਾਨੂੰ ਮਿਲੇ। ਇਹ ਸਾਰੀਆਂ ਡਰੇਨਾਂ ਸਾਫ ਕੀਤੀਆਂ ਜਾਣ ਜਿਵੇਂ ਸਾਡਾ ਘੱਗਰ ਹੈ ਇਸ ਤਰ੍ਹਾਂ ਸਾਰੇ ਪੰਜਾਬ ਵਿੱਚ ਡਰੇਨਾ ਹਨ, ਇਨ੍ਹਾਂ ਦੀ ਸਫਾਈ ਕੀਤੀ ਜਾਵੇ ਅਤੇ ਪਿੰਡਾਂ ਦੇ ਛੱਪੜਾਂ ਦੀ ਵੀ ਸਫਾਈ ਕੀਤੀ ਜਾਵੇ। ਅੱਜ ਸਭ ਤੋਂ ਵੱਡੀ ਸਾਨੂੰ ਛੱਪੜਾਂ ਦੀ ਸਫਾਈ ਦੀ ਦਿੱਕਤ ਹੈ। ਜਦੋਂ ਛੱਪੜਾਂ ਦੀ ਸਫਾਈ ਕਰਦੇ ਹਾਂ ਤਾਂ ਮਾਈਨਿੰਗ ਦਾ ਪੰਗਾ ਪੈ ਜਾਂਦਾ ਹੈ। ਇਨ੍ਹਾਂ ਵਿੱਚ ਸਿਲਟ ਜਮੀ ਹੋਈ ਹੈ, ਬੂਟੀ ਜਮੀ ਹੋਈ ਹੈ। ਜਦੋਂ ਤੱਕ 2-2, 3-3 ਫੁੱਟ ਇਸ ਦੀ ਸਿਲਟ ਨਹੀਂ ਕੱਢਦੇ, ਇਸ ਨੂੰ ਡੂੰਘਾ ਨਹੀਂ ਕਰਦੇ ਤਾਂ ਇਹ ਪਾਣੀ ਰਿਚਾਰਜ ਨਹੀਂ ਹੁੰਦਾ ਹੈ। ਇਸ ਕਰਕੇ ਕੋਈ ਨਾ ਕੋਈ ਤਰੀਕਾ ਕੱਢ ਕੇ ਇਸ ਮਸਲੇ ਨੂੰ ਹੱਲ ਕਰਨਾ ਚਾਹੀਦਾ ਹੈ। ਬਾਜਵਾ ਸਾਹਿਬ ਵੀ ਬੈਠੇ ਹਨ, ਇਨ੍ਹਾਂ ਦਾ ਮਹਿਕਮਾ ਹੈ। ਜਦੋਂ ਤੱਕ ਛੱਪੜਾਂ ਦੀ ਸਫਾਈ ਨਹੀਂ ਹੋਵੇਗੀ, ਪਿੰਡਾਂ ਦੀਆਂ ਗਲੀਆਂ ਨਾਲੀਆਂ ਜਿੰਨੀਆਂ ਮਰਜ਼ੀ ਬਣਾ ਲਓ। ਪਾਣੀ ਸੜਕਾਂ ਤੇ ਖੜਾ ਰਹਿੰਦਾ ਹੈ। ਉਹ ਸਾਰੀਆਂ ਗਲੀਆਂ ਟੁੱਟ ਜਾਂਦੀਆਂ ਹਨ। ਸਾਰੇ ਸਦਨ ਨੂੰ ਰੱਲ ਕੇ ਇਹ ਗੱਲ ਕਰਨੀ ਚਾਹੀਦੀ ਹੈ ਕਿ ਛੱਪੜ ਡੂੰਘੇ ਕੀਤੇ ਜਾਣ ਤੇ ਸਾਰੀ ਸਿਲਟ ਕੱਢੀ ਜਾਵੇ ਤਾਂ ਕਿ ਜਿਹੜਾ ਸਾਡਾ ਪਾਣੀ ਹੈ ਉਸ ਨੂੰ ਅਸੀਂ ਪੂਰਾ ਯੂਜ਼ ਕਰੀਏ। ਅਗਲੀ ਗੱਲ ਇਹ ਹੈ ਕਿ ਸਾਡੇ ਸੜਕਾਂ

ਦਾ ਕੰਮ ਬਹੁਤ ਹੋਇਆ ਹੈ। ਮੈਂ ਕਿਹਾ ਜਿੰਨੀ ਸਾਡੀ ਲੋੜ ਸੀ ਉਨੀਆਂ ਸੜਕਾਂ ਚੌੜੀਆਂ ਵੀ ਹੋਈਆਂ ਹਨ। ਪਰ ਇੱਕ ਸਾਡੇ ਰਿਆਸਤ ਪਟਿਆਲਾ ਦੀ ਰੋਡ ਹੈ। 80 ਫੁੱਟ ਚੌੜੀ ਹੈ। ਪਟਿਆਲੇ ਤੋਂ ਅੰਬਾਲੇ ਨਾਲ ਜੋੜਦੀ ਸੀ ਵਾਇਆ ਸੀਲ, ਕਾਮੀ ਕਲਾ, ਉੱਟਸਰ ਜਾਂਦੀ ਹੋਈ , 30-35 ਕਿਲੋਮੀਟਰ ਪਟਿਆਲੇ ਤੋਂ ਪੈਂਦੀ ਹੈ। ਜੇ ਅਸੀਂ ਰਾਜਪੁਰੇ ਨੂੰ ਜਾਂਦੇ ਹਾਂ ਤਾਂ ਇਹ 50-55 ਕਿਲੋਮੀਟਰ ਦਾ ਸਫਰ ਪੈਂਦਾ ਹੈ। ਬਾਕੀ ਦੀ ਸੜਕ ਸਾਰੀ ਬਣ ਗਈ ਸੀ। ਸਿੰਗਲਾ ਸਾਹਿਬ ਬੈਠੇ ਹਨ। ਇਹ ਸਾਢੇ ਪੰਜ ਕਿਲੋਮੀਟਰ ਸੜਕ ਰਹਿ ਗਈ ਹੈ। ਜੇ ਸਿੰਗਲਾ ਸਾਹਿਬ ਇਹ ਸੜਕ ਬਣਾ ਦੇਣਗੇ, ਸਾਢੇ 9 ਕਰੋੜ ਰੁਪਏ ਤੋਂ 10 ਕਰੋੜ ਰੁਪਿਆ ਇਸ ਦੀ ਲਾਗਤ ਆਉਣੀ ਹੈ। ਦੋ ਪੁਲ ਵੀ ਵਿੱਚ ਪੈਂਦੇ ਹਨ। ਇਸ ਦੇ ਨਾਲ ਪਟਿਆਲੇ ਤੋਂ ਅੰਬਾਲੇ ਦਾ ਜਿਹੜਾ ਰਸਤਾ ਹੈ, ਉਹ ਘੱਟੋ ਘੱਟ 20 ਕਿਲੋਮੀਟਰ ਘੱਟ ਕੇ ਨੇੜੇ ਹੋ ਜਾਵੇਗਾ। 80 ਫੁੱਟ ਪਟਿਆਲੇ ਰਿਆਸਤ ਦੀ ਜਿਹੜੀ ਰੋਡ ਹੈ ਉਹ ਬਣ ਕੇ ਤਿਆਰ ਹੋ ਜਾਵੇਗੀ। ਅਗਲੀ ਗੱਲ , ਸਪੀਕਰ ਸਾਹਿਬ, ਜਦੋਂ ਸਾਡੇ ਨਰਵਾਣਾ ਬਰਾਂਚ ਤੇ ਭਾਖੜਾ ਮੇਨ ਲਾਈਨ ਨਹਿਰ ਬਣੀ ਸੀ, ਇਸ ਦੇ ਜਿਹੜੇ ਬ੍ਰਿਜ ਹਨ ਉਹ 65-70 ਸਾਲ ਪਹਿਲਾਂ ਬਣੇ ਹਨ। ਉਦੋਂ ਆਵਾਜਾਈ ਬਹੁਤ ਘੱਟ ਹੁੰਦੀ ਸੀ। ਜਿਵੇਂ ਅੱਜ ਰੋਡਸ ਚੌੜੀਆਂ ਹੋ ਗਈਆਂ ਹਨ। ਲੋਡ ਗੱਡੀਆਂ ਦਾ ਵੱਧ ਗਿਆ ਹੈ। ਅੱਜ ਪੁਲ ਬੜੇ ਕਮਜ਼ੋਰ ਹੋ ਗਏ ਹਨ। ਜਿਵੇਂ ਸਾਡੇ ਨਨੋਲੇ ਨੂੰ ਸਰਾਲੇ ਤੋ ਪੁਲ ਜਾਂਦਾ ਹੈ ਉਹ ਕਦੀ ਵੀ ਇਹ ਭਗੌੜੇ ਵਾਲਾ ਪੁਲ ਟੁੱਟ ਸਕਦਾ ਹੈ, ਇਸ ਵੱਲ ਵੀ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ। ਪੁਰਾਣੇ ਪੁਲਾਂ ਨੂੰ ਚੌੜਾ ਕੀਤਾ ਜਾਵੇ। ਸਪੀਕਰ ਸਾਹਿਬ, ਅਗਲੀ ਗੱਲ ਅੰਮ੍ਰਿਤਸਰ ਕਲਕੱਤਾ ਇੰਡਸਟ੍ਰੀਅਲ ਕੋਰੀਡੋਰ ਦੀ ਹੈ। ਮੈਂ ਵਿੱਤ ਮੰਤਰੀ ਜੀ ਦਾ ਅਤੇ ਇਨ੍ਹਾਂ ਦੀ ਕੈਬਨਿਟ ਕਮੇਟੀ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ 400 ਕਰੋੜ ਰੁਪਿਆ ਲਗਾ ਕੇ ਮੇਰੇ ਹਲਕੇ ਦੇ ਵਿੱਚ ਇਹ ਅੰਮ੍ਰਿਤਸਰ ਕਲਕੱਤਾ ਕੋਰੀਡੋਰ ਇੰਡਸਟਰੀ ਬਣਾਇਆ ਹੈ। ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ 400 ਕਰੋੜ ਰੁਪਏ ਦੀ ਜਿਹੜੀ ਜ਼ਮੀਨ ਲਈ ਹੈ, ਇੱਕ ਸਾਡੇ ਸੀਲ ਕੈਮੀਕਲ ਫੈਕਟਰੀ ਹੈ, ਉਨ੍ਹਾਂ ਨੇ 500 ਏਕੜ ਜ਼ਮੀਨ ਲਈ ਸੀ ਪਰ ਅੱਜ ਤੱਕ ਉਹ ਜ਼ਮੀਨ ਆਬਾਦ ਨਹੀਂ ਹੋਈ ਹੈ। ਉਥੇ ਜਾਨਵਰ ਫਿਰਦੇ ਹਨ। ਮੈਂ ਇਨ੍ਹਾਂ ਨੂੰ ਕਹਾਂਗਾ ਕਿ ਜਲਦੀ ਤੋਂ ਜਲਦੀ ਜਿਹੜੀ ਇਹ ਜ਼ਮੀਨ ਲਈ ਹੈ ਇਸ ਤੇ ਕੋਰੀਡੋਰ ਬਣਾਉਣਾ ਹੈ, ਇਸ ਨੂੰ ਡਿਵੈਲਪ ਕੀਤਾ ਜਾਵੇ ਤਾਂਕਿ ਲੋਕਾਂ ਦੇ ਖੇਤਾਂ ਦਾ ਜਾੜਾ ਹੋ ਰਿਹਾ ਹੈ ਅਤੇ ਉਸ ਨੂੰ ਜਾਨਵਰਾਂ ਤੋਂ ਬਚਾਇਆ ਜਾ ਸਕੇ। ਇਹ ਮੈਂ ਜ਼ਰੂਰ ਇਸ ਬਾਰੇ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ। ਪੰਜਾਬੀ ਯੂਨੀਵਰਸਿਟੀ ਦਾ ਇੱਕ ਬਹੁਤ ਅਹਿਮ ਮਸਲਾ ਹੈ ਜਿਹੜਾ ਕਿ ਚੰਦੂਮਾਜਰਾ ਜੀ ਕੱਲ ਚੁੱਕਿਆ ਸੀ। ਸਰ ਪੰਜਾਬੀ ਯੂਨੀਵਰਸਿਟੀ ਦੀ ਗੱਲ ਆਈ ਹੈ।

**ਮਾਨਯੋਗ ਸਪੀਕਰ** : ਹੁਣ ਕਨਕਲੂਡ ਕਰ ਦਿਉ।

**ਠੇਕੇਦਾਰ ਮਦਨ ਲਾਲ ਜਲਾਲਪੁਰ** : ਸਪੀਕਰ ਸਾਹਿਬ, ਪੰਜਾਬੀ ਯੂਨੀਵਰਸਿਟੀ ਦਾ ਬੜਾ ਅਹਿਮ ਮਸਲਾ ਹੈ। ਚੰਦੂਮਾਜਰਾ ਜੀ ਨੇ ਵੀ ਇਹ ਮਸਲਾ ਕੱਲ੍ਹ ਉਠਾਇਆ ਸੀ। ਸਰ, ਜਿਹੜੀ ਪੰਜਾਬੀ ਯੂਨੀਵਰਸਿਟੀ ਹੈ, ਇੱਥੇ 12 ਹਜ਼ਾਰ ਬੱਚੇ ਪੜ੍ਹਦੇ ਹਨ ਅਤੇ 5500 ਮੁਲਾਜ਼ਮ ਹਨ, ਜਿਹੜੇ ਲੋੜ ਤੋਂ ਕਿਤੇ ਵੱਧ ਹੈ। ਇੰਜੀਨੀਅਰਿੰਗ ਵਿੰਗ ਵਿੱਚ 500 ਮੁਲਾਜ਼ਮ ਹਨ, ਜਿਨ੍ਹਾਂ ਦਾ ਕੋਈ ਕੰਮ ਨਹੀਂ ਹੈ। 500 ਸਕਿਉਰਿਟੀ ਵਾਲੇ ਹਨ, ਸਫਾਈ ਸੇਵਕ ਪ੍ਰਫੈਸਰਾਂ ਨੇ ਆਪਣੇ ਘਰ ਰੱਖੇ ਹੋਏ ਹਨ। ਸਰ, ਪਟਿਆਲਾ ਵਿਖੇ ਇੱਕ ਸਭ ਤੋਂ ਪੁਰਾਣਾ ਕਾਲਜ ਹੈ, ਮਹਿੰਦਰਾ ਕਾਲਜ, ਉੱਥੇ 8100 ਬੱਚੇ ਹਨ ਅਤੇ ਸਿਰਫ 415 ਮੁਲਾਜ਼ਮ ਹਨ। ਇੱਥੇ 12 ਹਜ਼ਾਰ ਪਿੱਛੇ 5500 ਮੁਲਾਜ਼ਮ ਹਨ ਜਿਹੜੇ ਕਿ ਲੋੜ ਤੋਂ ਕਿਤੇ ਵੱਧ ਹਨ। ਮੈਂ ਵਿੱਤ ਮੰਤਰੀ, ਬਾਜਵਾ ਸਾਹਿਬ ਨੂੰ ਕਹਾਂਗਾ ਕਿ ਜਿਵੇਂ ਇੰਜੀਨੀਰਿੰਗ ਵਿੰਗ ਹੈ, ਰਾਜਿੰਦਰਾ ਕਾਲਜ ਵੀ ਚੱਲਦਾ ਹੈ, ਬਾਕੀ ਵੀ ਚੱਲਦੇ ਹਨ, ਇਸ ਯੂਨੀਰਸਿਟੀ ਦਾ ਭਾਰ ਘਟਾਇਆ ਜਾਵੇ। 90 ਕਰੋੜ ਨਾਲ ਇਹ ਯੂਨੀਵਰਸਿਟੀ ਨਹੀਂ ਚੱਲਣੀ। 300-400 ਕਰੋੜ ਵੀ ਦਿਉਗੇ, ਨਹੀਂ ਚੱਲਣੀ। ਹਰ ਸਾਲ ਤਨਖਾਹਾਂ ਵਧ ਰਹੀਆਂ ਹਨ। 16 ਇਨਕੁਆਰੀਆਂ ਚੱਲ ਰਹੀਆਂ ਹਨ, ਜਿਹੜੇ ਕਿ ਨਾਜਾਇਜ਼ ਮੁਲਾਜ਼ਮ/ਅਫ਼ਸਰ ਭਰਤੀ ਹੋਏ ਹਨ, ਜਿਨ੍ਹਾਂ ਦੀਆਂ ਇਨਕੁਆਰੀਆਂ ਰੁਕੀਆਂ ਹੋਈਆਂ ਹਨ। ਇਹ ਜਿਹੜੇ ਫਾਲਤੂ ਮੁਲਾਜ਼ਮ ਗਲਤ ਤਰੀਕੇ ਨਾਲ ਰੱਖੇ ਗਏ ਹਨ, ਇਨ੍ਹਾਂ ਦੀਆਂ ਤੁਰੰਤ ਇਨਕੁਆਰੀਆਂ ਕਰਕੇ ਇਨ੍ਹਾਂ ਨੂੰ ਕੱਢਿਆ ਜਾਵੇ। ਬਾਕੀ ਦਾ ਜਿੰਨਾ ਫਾਲਤੂ ਸਟਾਫ ਹੈ, ਉਸ ਤੋਂ ਇਸ ਯੂਨੀਵਰਸਿਟੀ ਦਾ ਖਹਿੜਾ ਛੁਡਾਇਆ ਜਾਵੇ।

**ਮਾਨਯੋਗ ਸਪੀਕਰ** : ਧੰਨਵਾਦ, ਧੰਨਵਾਦ। ਤੁਹਾਡਾ ਧੰਨਵਾਦ

**ਠੇਕੇਦਾਰ ਮਦਨ ਲਾਲ ਜਲਾਲਪੁਰ** : ਅਗਲੀ ਸਰ..... ਸਰ, ਇੱਕ ਮਿੰਟ ਜੀ।ਇੱਕ ਗੱਲ ਰਹਿ ਗਈ। ਮੇਰੇ ਰਸਤੇ ਵਿੱਚ ਪਿੰਡ ਬਹਾਦਰਗੜ੍ਹ ਹੈ.....

(ਇਸ ਸਮੇਂ ਸਰਦਾਰ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਅਤੇ ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਆਪਣੀਆਂ ਸੀਟਾਂ ਤੇ ਖੜ੍ਹੇ ਬੋਲਣ ਲਈ ਆਗਿਆ ਮੰਗ ਰਹੇ ਸਨ)

**ਮਾਨਯੋਗ ਸਪੀਕਰ** : ਬੋਲ ਲੈਣ ਦਿਉ। ਤੁਸੀਂ ਵੀ ਬੋਲਦੇ ਹੋ। ਬਜਟ ਤੇ ਬੋਲ ਲੈਣ ਦਿਉ। (ਵਿਘਨ) (ਸ਼ੋਰ) ਇੱਕ ਮਿੰਟ ਜੀ। ਹਾਂ ਜੀ ਦੱਸੋ, ਕੀ ਕਹਿਣਾ ਹੈ?

**ਸਰਦਾਰ ਕੁਲਤਾਰ ਸਿੰਘ ਸੰਧਵਾਂ** : ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦਾ ਬੜਾ ਸਤਿਕਾਰ ਕਰਦਾ ਹਾਂ ਲੇਕਿਨ ਇਨ੍ਹਾਂ ਨੂੰ ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਬੰਦੇ ਕੱਢਣ ਵਾਲੀ ਗੱਲ ਨਾ ਕਰੋ। ਜੇ ਕੋਈ ਦੋਸ਼ੀ ਹੈ ਤਾਂ ਸਜ਼ਾ ਹੋ ਸਕਦੀ ਹੈ। ਆਪਾਂ ਨੌਕਰੀਆਂ ਦੇਣੀਆਂ ਹਨ, ਕੱਢਣੇ ਨਹੀਂ।

**ਮਾਨਯੋਗ ਸਪੀਕਰ** : ਉਹ ਆਪਣੀ ਗੱਲ ਕਹਿ ਰਹੇ ਹਨ। ਨੋ ਪੁਆਇੰਟ ਆਫ ਆਰਡਰ।

**ਠੇਕੇਦਾਰ ਮਦਨ ਲਾਲ ਜਲਾਲਪੁਰ** : ਮੈਂ ਕੱਢਣ ਦੀ ਗੱਲ ਨਹੀਂ ਕਰ ਰਿਹਾ ਜੀ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਆਪਣੇ ਆਪਣੇ ਵਿਭਾਗਾਂ ਵਿੱਚ ਭੇਜਿਆ ਜਾਵੇ। ਜਿਹੜੇ ਚੌਕੀਦਾਰ ਹਨ, ਉਨ੍ਹਾਂ ਨੂੰ ਸਕੂਲਾਂ ਵਿੱਚ ਭੇਜਿਆ ਜਾਵੇ, ਸਕੂਲਾਂ ਵਿੱਚ ਆਸਾਮੀਆਂ ਖਾਲੀ ਪਈਆਂ ਹਨ। ਬੀ.ਐਂਡ.ਆਰ. ਵਾਲੇ ਬੀ.ਐਂਡ.ਆਰ. ਵਿੱਚ ਭੇਜੇ ਜਾਣ। ਪਬਲਿਕ ਹੈਲਥ ਵਾਲੇ ਪਬਲਿਕ ਹੈਲਥ ਵਿੱਚ ਭੇਜੇ ਜਾਣ। ਮੈਂ ਕਹਿੰਦਾ ਹਾਂ ਕਿ ਸਾਰਿਆਂ ਨੂੰ ਦੂਜੇ ਵਿਭਾਗਾਂ ਵਿੱਚ ਭੇਜਿਆ ਜਾਵੇ, ਮੈਂ ਨੌਕਰੀਆਂ ਤੋਂ ਕੱਢਣ ਦੀ ਗੱਲ ਨਹੀਂ ਕਰ ਰਿਹਾ। ਯੂਨੀਵਰਸਿਟੀ ਦਾ ਭਾਰ ਹਲਕਾ ਕੀਤਾ ਜਾਵੇ। ਇਹ ਯੂਨੀਵਰਸਿਟੀ ਪੜ੍ਹਾਉਣ ਲਈ ਹੈ। ਪਿਛਲੇ 10 ਸਾਲਾਂ ਵਿੱਚ ਅਕਾਲੀ ਦਲ ਨੇ ਨਾਜਾਇਜ਼ 2500 ਬੰਦੇ ਰੱਖੇ ਹਨ। ਮੈਂ ਕਿਹਾ ਸੀ ਕਿ ਇਹ ਯੂਨੀਵਰਸਿਟੀ ਚੱਲੇਗੀ ਕਿਵੇਂ? ਬੱਚੇ ਕਿੱਥੇ ਪੜ੍ਹਨਗੇ, ਕਿਵੇਂ ਫੀਸਾਂ ਦੇਣਗੇ? ਯੂਨੀਵਰਸਿਟੀ ਦਾ ਕੀ ਹਾਲ ਹੈ? ਇਹ ਲੋਕਾਂ ਨੂੰ ਨੌਕਰੀਆਂ ਦੇਣ ਦਾ ਅਦਾਰਾ ਨਹੀਂ, ਇਹ ਪਵਿੱਤਰ ਮੰਦਰ ਹੈ, ਇਸ ਨੂੰ ਮੰਦਰ ਸਮਝਣਾ ਚਾਹੀਦਾ ਹੈ। (ਥੰਪਿੰਗ) ਮੈਂ ਤਾਂ ਇਹ ਕਹਾਂਗਾ ਕਿ ਇਨ੍ਹਾਂ ਨੂੰ ਬਿਲਕੁਲ ਨਹੀਂ ਕੱਢਣਾ, ਸਗੋਂ ਜਿੰਨੇ ਵੀ ਡਿਪਾਰਟਮੈਂਟ ਖਾਲੀ ਪਏ ਹਨ, ਉਨ੍ਹਾਂ ਨੂੰ ਸ਼ਿਫਟ ਕੀਤਾ ਜਾਣਾ ਚਾਹੀਦਾ ਹੈ।

**ਮਾਨਯੋਗ ਸਪੀਕਰ** : ਬੈਠੋ, ਬੈਠੋ, ਬੈਠੋ।

**ਠੇਕੇਦਾਰ ਮਦਨ ਲਾਲ ਜਲਾਲਪੁਰ**: ਸਰ, ਅਗਲੀ ਗੱਲ ਹੈ ਕਿ ਸਾਡੇ 5 ਬਟਾਲੀਅਨ ਦਾ ਇੱਕ ਗਰਾਊਂਡ ਹੈ, ਜਿੱਥੇ ਟਰੇਨਿੰਗ ਹੁੰਦੀ ਸੀ। 5-4 ਅਫ਼ਸਰਾਂ ਨੇ ਅਤੇ 40-45 ਪ੍ਰਾਈਵੇਟ ਬੰਦਿਆਂ ਨੇ ਇੱਕ ਟਰੱਸਟ ਬਣਾ ਕੇ ਉੱਥੇ ਕਬਜ਼ਾ ਕਰਕੇ ਗੌਲਫ ਕਲੱਬ ਬਣਾ ਲਿਆ ਹੈ। ਮੈਂ ਕਹਿੰਦਾ ਹਾਂ ਕਿ ਇਨ੍ਹਾਂ

ਤੋਂ ਕਬਜ਼ਾ ਛੁਡਾਇਆ ਜਾਵੇ। ਜਿਹੜੇ ਉੱਥੇ ਮੁਲਾਜ਼ਮ ਹਨ, ਜਿਨ੍ਹਾਂ ਵਾਸਤੇ ਇਹ ਗਰਾਊਂਡ ਸੀ, ਜਿਨ੍ਹਾਂ ਦੀ ਪਰੇਡ ਹੁੰਦੀ ਸੀ, ਇਹ ਗਰਾਊਂਡ ਖਾਲੀ ਕਰਵਾ ਕੇ ਉਨ੍ਹਾਂ ਦੇ ਹਵਾਲੇ ਕੀਤਾ ਜਾਵੇ।

**ਮਾਨਯੋਗ ਸਪੀਕਰ** : ਧੰਨਵਾਦ, ਧੰਨਵਾਦ।

**ਠੇਕੇਦਾਰ ਮਦਨ ਲਾਲ ਜਲਾਲਪੁਰ** : ਮੈਂ ਅੰਤ ਵਿੱਚ ਸਰਕਾਰ ਦਾ, ਸਾਰੀ ਕੈਬਨਿਟ ਦਾ, ਤੁਹਾਡਾ ਜਿਨ੍ਹਾਂ ਨੇ ਚਾਰ ਸਾਲ ਵਧੀਆ ਇਸ ਹਾਊਸ ਨੂੰ ਚਲਾਇਆ ਹੈ ਅਤੇ ਖਾਸ ਕਰਕੇ ਵਿੱਤ ਮੰਤਰੀ ਜੀ ਦਾ ਜਿਨ੍ਹਾਂ ਦੀ ਦੂਰਅੰਦੇਸ਼ੀ ਨਾਲ ਅੱਜ ਪੰਜਾਬ ਤਰੱਕੀਆਂ ਦੇ ਰਾਹ ਤੇ ਚੱਲਾ ਹੈ, ਮੈਂ ਆਸ ਕਰਦਾ ਹਾਂ ਕਿ ਜਿਹੜਾ ਅਗਲਾ ਬਜਟ ਹੈ, ਉਹ ਵੀ ਸਾਡੇ ਮਨਪ੍ਰੀਤ ਸਿੰਘ ਜੀ ਕੈਪਟਨ ਅਮਰਿੰਦਰ ਜੀ ਦੀ ਸਰਕਾਰ ਵਿੱਚ ਪੇਸ਼ ਕਰਨ। ਸਾਰੇ ਕੈਬਨਿਟ ਮੰਤਰੀਆਂ ਤੇ ਪਰਮਾਤਮਾ ਮਿਹਰ ਕਰੇ। ਜਿਸ ਤਰ੍ਹਾਂ ਇਨ੍ਹਾਂ ਨੇ ਰਲ ਕੇ ਕੰਮ ਕੀਤਾ ਹੈ, ਪਰਮਾਤਮਾ ਇਨ੍ਹਾਂ ਨੂੰ ਲੰਮੀ ਉਮਰ ਦੇਵੇ, ਹਮੇਸ਼ਾ ਤੰਦਰੁਸਤੀ ਦੇਵੇ ਅਤੇ ਪੰਜਾਬ ਦੀ ਸੇਵਾ ਅਗਲੀ ਸਰਕਾਰ ਬਣਾ ਕੇ ਵੀ ਕਰਨ। ਤੁਹਾਡਾ ਬਹੁਤ ਬਹੁਤ ਧੰਨਵਾਦ। (ਥੰਪਿੰਗ)

**ਮਾਨਯੋਗ ਸਪੀਕਰ** : ਬਜਟ ਅਨੁਮਾਨਾਂ ਤੇ ਬਹਿਸ ਕੱਲ੍ਹ ਜਾਰੀ ਰਹੇਗੀ। ਹੁਣ ਅਸੀਂ ਅਗਲੀ ਆਈਟਮ ਵਿਧਾਨਕ ਕੰਮ ਕਾਰ ਲੈਣਾ ਹੈ।

**ਸਰਦਾਰ ਹਰਪਾਲ ਸਿੰਘ ਚੀਮਾ** : ਸਪੀਕਰ ਸਾਹਿਬ, ਸਾਡੇ ਵੱਲੋਂ ਸਾਡੇ ਸਾਰੇ ਐਮ.ਐਲ.ਏ. ਸਾਹਿਬਾਨ ਵੱਲੋਂ ਤੁਹਾਨੂੰ ਕੱਟ ਪ੍ਰਸਤਾਵ ਪੇਸ਼ ਕੀਤਾ ਗਏ ਸਨ। ਤੁਸੀਂ ਇਹ ਇਸ ਕਰਕੇ ਰਿਜੈਕਟ ਕਰ ਦਿੱਤੇ ਕਿ ਦੋ ਦਿਨ ਦਾ ਸਮਾਂ ਨਹੀਂ ਸੀ। ਤੁਸੀਂ ਰੂਲ ਵੀ ਮੈਨਸ਼ਨ ਕੀਤਾ ਹੈ। ਸਰ, ਕੱਲ੍ਹ ਬਜਟ ਪੇਸ਼ ਹੋਇਆ ਹੈ, ਸਾਡੇ ਕੋਲ ਸਮਾਂ ਕਦੋਂ ਹੋਵੇਗਾ? ਸਮਾਂ ਤਾਂ ਤੁਸੀਂ ਤਾਂ ਕਹਿੰਦੇ ਜੇ ਅਸੀਂ ਅੱਜ ਪੇਸ਼ ਕੀਤੇ ਹੁੰਦੇ। ਅਸੀਂ ਕੱਲ੍ਹ ਪੇਸ਼ ਕੀਤੇ ਹਨ, ਕੱਲ੍ਹ ਹੀ ਸਾਨੂੰ ਪਤਾ ਲੱਗਾ ਹੈ। ਸਰ, ਗੱਲ ਇਹ ਹੈ ਕਿ ਇਸ ਤੇ ਦੁਬਾਰਾ ਵਿਚਾਰ ਕਰੋ। ਜੇ ਅਸੀਂ ਨਾ ਦਿੱਤੇ ਹੁੰਦੇ ਤਾਂ ਤੁਸੀਂ ਕਹਿੰਦੇ। ਕੱਲ੍ਹ ਬਜਟ ਪੇਸ਼ ਹੋਇਆ ਹੈ, ਕੱਲ ਹੀ ਅਸੀਂ ਕੱਟ ਮੋਸ਼ਨ ਦੇ ਦਿੱਤੇ। ** ** ਜੇਕਰ ਬਜਟ 5 ਨੂੰ ਪੇਸ਼ ਕੀਤਾ ਹੁੰਦਾ ਅਤੇ ਅੱਜ ਅਸੀਂ ਕੱਟ ਮੋਸ਼ਨ ਪੇਸ਼ ਕੀਤੇ ਹੁੰਦੇ ਤਾਂ ਤੁਸੀਂ ਇਹ ਗੱਲ ਕਹਿੰਦੇ।

--------

## LEGISLATIVE BUSINESS

### 1. THE AMITY UNIVERSITY, PUNJAB BILL, 2021

**ਮਾਨਯੋਗ ਸਪੀਕਰ:** ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਉਚੇਰੀ ਸਿੱਖਿਆ ਮੰਤਰੀ ਬਿਲ ਪੇਸ਼ ਕਰਨ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ)**: ਸ਼੍ਰੀਮਾਨ ਜੀ, ਮੈਂ ਐਮਿਟੀ ਯੂਨੀਵਰਸਿਟੀ ਪੰਜਾਬ ਬਿਲ, 2021 ਪੇਸ਼ ਕਰਦਾ ਹਾਂ।

ਸ੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਐਮਿਟੀ ਯੂਨੀਵਰਸਿਟੀ, ਪੰਜਾਬ ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਐਮਿਟੀ ਯੂਨੀਵਰਸਿਟੀ, ਪੰਜਾਬ ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ (ਸਨੌਰ):** ਸਰ, ਮਾਨਯੋਗ ਮੰਤਰੀ ਜੀ ਨੇ ਜਿਹੜਾ ਐਮਿਟੀ ਯੂਨੀਵਰਸਿਟੀ ਦਾ ਬਿਲ ਪੇਸ਼ ਕੀਤਾ ਹੈ, ਸਰ, ਆਪਾਂ ਨੂੰ ਪਤਾ ਹੈ ਕਿ ਵੈਸੇ ਹੀ ਸਟੂਡੈਂਟਸ ਬੜੇ ਘੱਟ ਰਹੇ ਹਨ ਤੇ ਪੰਜਾਬੀ ਯੂਨੀਵਰਸਿਟੀ ਦੀ ਗੱਲ ਮਾਨਯੋਗ ਸ਼੍ਰੀ ਮਦਨ ਲਾਲ ਜਲਾਲਪੁਰ ਜੀ ਨੇ ਵੀ ਕੀਤੀ ਸੀ ਤੇ ਮੈਂ ਵੀ ਜ਼ੀਰੋ ਆਵਰ ਵਿੱਚ ਇਹ ਗੱਲ ਚੁੱਕੀ ਸੀ ਕਿ ਸਾਡੀਆਂ ਜਿਹੜੀਆਂ ਐਗਜ਼ਿਸਟਿੰਗ ਯੂਨੀਵਰਸਿਟੀਆਂ ਹਨ, ਉਨ੍ਹਾਂ ਦੀ ਹਾਲਤ ਬੜੀ ਮਾੜੀ ਹੋਈ ਪਈ ਹੈ। ਅੱਜ ਪ੍ਰਾਈਵੇਟ ਖੇਤਰ ਵਿੱਚ ਐਸੀ ਯੂਨੀਵਰਸਿਟੀ ਨੂੰ ਹਾਊਸ ਪੇਸ਼ ਕਰੇ ਜਦੋਂ ਸਾਡੀਆਂ ਆਪਣੀਆਂ ਯੂਨੀਵਰਸਿਟੀਆਂ ਬਹੁਤ ਵੱਡੇ ਕ੍ਰਾਈਸਿਜ਼ ਵਿੱਚੋਂ ਗੁਜ਼ਰ ਰਹੀਆਂ ਹਨ ਤਾਂ ਮੈਂ ਸਮਝਦਾ ਹਾਂ ਕਿ ਇਹ ਕਿਸੇ ਤਰੀਕੇ ਨਾਲ ਵਾਜ਼ਿਬ ਨਹੀਂ ਹੈ ਤੇ ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਤੇ ਦੁਬਾਰਾ ਗੌਰ ਕਰੋ, ਕੋਈ ਕਮੇਟੀ ਬਿਠਾਓ, ਗੌਰ ਕਰਕੇ ਫਿਰ ਬਿਲ ਪਾਸ ਕਰੋ। ਪਹਿਲਾਂ ਅਸੀਂ ਆਪਣੀਆਂ ਯੂਨੀਵਰਸਿਟੀਆਂ ਦੀ ਹਾਲਤ ਦੇਖ ਲਈਏ, ਜਿਵੇਂ ਹੁਣ ਦੇਖੋ ਮਹਾਰਾਜਾ ਭੁਪਿੰਦਰ ਸਿੰਘ ਜੀ ਦੇ ਨਾਂ ਤੇ ਵੀ ਯੂਨੀਵਰਸਿਟੀ ਬਣੀ, ਉਨ੍ਹਾਂ ਦੀ ਸਪੋਰਟਸ ਨੂੰ ਬਹੁਤ ਵੱਡੀ ਦੇਣ ਸੀ, ਪਰ ਆਲਰੈਡੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਇੱਕ

ਬਹੁਤ ਵਧੀਆ ਸਪੋਰਟਸ ਡਿਪਾਰਟਮੈਂਟ ਹੈ, ਆਪਾਂ ਉਸ ਨੂੰ ਫੰਡਿੰਗ ਕਰ ਸਕਦੇ ਸੀ ਕਿਉਂਕਿ ਮਾਕਾ ਟ੍ਰੌਫੀ ਪੰਜਾਬੀ ਯੂਨੀਵਰਸਿਟੀ ਹਮੇਸ਼ਾ ਜਿੱਤਦੀ ਰਹੀ ਹੈ।

**ਮਾਨਯੋਗ ਸਪੀਕਰ:** ਚਲੋ, ਤੁਹਾਡਾ ਵਿਊ ਆ ਗਿਆ ਹੈ, ਤੁਹਾਡ ਵਿਊ ਆ ਗਿਆ ਹੈ। ਹਾਂ ਜੀ, ਚੀਮਾ ਜੀ।

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.):** ਸਪੀਕਰ ਸਾਹਿਬ, ਜਿਸ ਤਰ੍ਹਾਂ ਚੰਦੂਮਾਜਰਾ ਸਾਹਿਬ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਗੱਲ ਕੀਤੀ ਹੈ, ਅੰਮ੍ਰਿਤਸਰ ਯੂਨੀਵਰਸਿਟੀ ਤੇ ਲੁਧਿਆਣਾ ਦੀ ਜਿਹੜੀ ਪੀ.ਏ.ਯੂ. ਹੈ, ਇਹ ਸਾਰੀਆਂ ਯੂਨੀਵਰਸਿਟੀਆਂ ਬੰਦ ਹੋਣ ਦੇ ਕਿਨਾਰੇ ਤੇ ਹਨ। ਜਿਹੜੀ ਲੁਧਿਆਣਾ ਦੀ ਯੂਨੀਵਰਸਿਟੀ ਹੈ, ਜਿਸ ਨੇ ਗ੍ਰੀਨ ਰੈਵੋਲਿਊਸ਼ਨ ਲਿਆਂਦਾ, ਜਿਸ ਨੇ ਅੱਜ ਪੰਜਾਬ ਦੇ ਅੰਨ੍ਹਦਾਤੇ ਨੂੰ ਆਪਣੇ ਪੈਰਾਂ ਸਿਰਾਂ ਤੇ ਖੜ੍ਹਾ ਕੀਤਾ ਹੈ ਔਰ ਪੰਜਾਬੀ ਯੂਨੀਵਰਸਿਟੀ ਨੇ ਬੜੇ ਅੱਛੇ-ਅੱਛੇ ਲੇਖਕ ਤੇ ਅੱਛੇ ਲੋਕ ਪੈਦਾ ਕੀਤੇ ਹਨ ਜੋ ਪੂਰੀ ਦੁਨੀਆਂ ਵਿੱਚ ਵਸੇ ਹੋਏ ਹਨ। ਇਸੇ ਤਰ੍ਹਾਂ ਹੀ ਅੰਮ੍ਰਿਤਸਰ ਯੂਨੀਵਰਸਿਟੀ ਹੈ। ਇਹ ਤਿੰਨੋਂ ਯੂਨੀਵਰਸਿਟੀਆਂ ਬੰਦ ਹੋਣ ਦੇ ਕਿਨਾਰੇ ਤੇ ਹਨ, ਇਨ੍ਹਾਂ ਤੇ ਬਹੁਤ ਵੱਡਾ ਕਰਜ਼ ਚੜ੍ਹ ਚੁੱਕਿਆ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਵੱਲ ਧਿਆਨ ਦੇਣ। ਅਸੀਂ ਨਵੀਆਂ ਯੂਨੀਵਰਸਿਟੀਆਂ ਦੀਆਂ ਅਨਾਊਂਸਮੈਂਟਾਂ ਤਾਂ ਬਹੁਤ ਕਰੀ ਜਾ ਰਹੇ ਹਾਂ ਲੇਕਿਨ ਪੁਰਾਣੀਆਂ ਯੂਨੀਵਰਸਿਟੀਆਂ ਬੰਦ ਹੋ ਰਹੀਆਂ ਹਨ। ਨਵੀਆਂ ਯੂਨੀਵਰਸਿਟੀਆਂ ਖੋਲ੍ਹਣ ਦੀ ਬਜਾਏ ਪੁਰਾਣੀਆਂ ਯੂਨੀਵਰਸਿਟੀਆਂ ਦੇ ਇਨਫਰਾਸਟ੍ਰਕਚਰ ਨੂੰ ਤਕੜਾ ਕਰਨਾ ਚਾਹੀਦਾ ਹੈ।

**ਸ਼੍ਰੀ ਪਵਨ ਕੁਮਾਰ ਟੀਨੂ (ਆਦਮਪੁਰ, ਐਸ.ਸੀ.):** ਥੈਂਕਿਊ, ਸਪੀਕਰ ਸਾਹਿਬ, ਮੇਰੀ ਤਾਂ ਇੰਨੀ ਕੁ ਬੇਨਤੀ ਹੈ ਕਿ ਪ੍ਰਾਈਵੇਟ ਸਿਸਟਮ ਦੀ ਵੀ ਲੋੜ ਹੈ ਪਰ ਜਿਹੜੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਬਣ ਰਹੀਆਂ ਹਨ, ਉਨ੍ਹਾਂ ਵਾਸਤੇ ਪਿਛਲੀ ਵਾਰ ਵੀ ਅਸੀਂ ਮੰਗ ਕਰਦੇ ਰਹੇ ਹਾਂ ਕਿ ਕੋਈ ਐਸੀ ਕਮੇਟੀ ਜ਼ਰੂਰ ਹੋਣੀ ਚਾਹੀਦੀ ਹੈ ਜਿਹੜੀ ਇਨ੍ਹਾਂ ਦੇ ਉਤੇ ਕੋਈ ਚੈੱਕ ਰੱਖ ਸਕੇ। ਕੋਈ ਐਮ.ਐਲ.ਏਜ਼ ਦੀ ਕਮੇਟੀ ਹੋਵੇ, ਸਰਕਾਰ ਦੀ ਕੋਈ ਪ੍ਰਾਈਵੇਟ ਨੁਮਾਇੰਦਿਆਂ ਦੀ ਕਮੇਟੀ ਹੋਵੇ ਜਿਹੜੀ ਫੀਸਾਂ ਦੇ ਉਤੇ ਜਾਂ ਕੁਆਲਿਟੀ ਐਜੂਕੇਸ਼ਨ ਤੇ ਚੈੱਕ ਰੱਖੇ, ਉਹ ਕਮੇਟੀ ਜ਼ਰੂਰ ਹੋਣੀ ਚਾਹੀਦੀ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਤੁਹਾਡੀ ਪਾਰਟੀ ਦਾ ਵਿਊ ਆ ਗਿਆ ਹੈ। ਜਦੋਂ ਲੀਡਰ ਆਫ ਦਿ ਆਪੋਜ਼ੀਸ਼ਨ ਬੋਲ ਲਏ ਹਨ ਤਾਂ ਫਿਰ ਮੈਂ ਨਹੀਂ ਸਮਝਦਾ ਹਾਂ ਕਿ ਇਹ ਮੁਨਾਸਿਬ ਹੈ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਐਮਿਟੀ ਯੂਨੀਵਰਸਿਟੀ ਪੰਜਾਬ ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼ ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 37**

**ਮਾਨਯੋਗ ਸਪੀਕਰ:** ਕਿਉਂਜੋ ਕਲਾਜ਼ਾਂ 2 ਤੋਂ 37 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 37 ਬਿੱਲ ਦਾ ਹਿੱਸਾ ਹਨ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ)**: ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਐਮਿਟੀ ਯੂਨੀਵਰਸਿਟੀ, ਪੰਜਾਬ ਬਿਲ, 2021 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਐਮਿਟੀ ਯੂਨੀਵਰਸਿਟੀ, ਪੰਜਾਬ ਬਿਲ, 2021 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਐਮਿਟੀ ਯੂਨੀਵਰਸਿਟੀ, ਪੰਜਾਬ ਬਿਲ, 2021 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-----------

## 2. THE INDIAN PARTNERSHIP (PUNJAB AMENDMENT) BILL, 2021

**ਮਾਨਯੋਗ ਸਪੀਕਰ:** ਸ਼੍ਰੀ ਸੁੰਦਰ ਸ਼ਾਮ ਅਰੋੜਾ, ਉਦਯੋਗ ਤੇ ਕਮਰਸ ਮੰਤਰੀ ਬਿਲ ਪੇਸ਼ ਕਰਨ।

**ਉਦਯੋਗ ਤੇ ਕਮਰਸ ਮੰਤਰੀ (ਸ਼੍ਰੀ ਸੁੰਦਰ ਸ਼ਾਮ ਅਰੋੜਾ)**: ਸ਼੍ਰੀਮਾਨ ਜੀ, ਮੈਂ ਇੰਡੀਅਨ ਪਾਰਟਨਰਸ਼ਿਪ (ਪੰਜਾਬ ਸੋਧਨਾ) ਬਿਲ, 2021 ਪੇਸ਼ ਕਰਦਾ ਹਾਂ।

ਸ੍ਰੀਮਾਨ ਜੀ ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਇੰਡੀਅਨ ਪਾਰਟਨਰਸ਼ਿਪ (ਪੰਜਾਬ ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਇੰਡੀਅਨ ਪਾਰਟਨਰਸ਼ਿਪ (ਪੰਜਾਬ ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੈ।

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.):** ਸਪੀਕਰ ਸਾਹਿਬ, ਬੇਸ਼ਕ ਇਹ ਪਾਰਟਨਰਸ਼ਿਪ ਐਕਟ, 1932 ਬੜੇ ਲੰਮੇ ਅਰਸੇ ਬਾਅਦ ਅਮੈਂਡ ਹੋ ਰਿਹਾ ਹੈ ਪਰ ਬਹੁਤ ਜ਼ਿਆਦਾ ਬਰਡਨ ਜਿਹੜੀਆਂ ਪੰਜ-ਪੰਜ ਸੌ ਗੁਣਾ ਫੀਸਾਂ ਵਧਾ ਦਿੱਤੀਆਂ ਗਈਆਂ ਹਨ, ਇਸ ਨਾਲ ਮੈਂ ਸਮਝਦਾ ਹਾਂ ਕਿ ਆਮ ਲੋਕਾਂ ਦੇ ਜਨ-ਜੀਵਨ ਤੇ ਬਹੁਤ ਭਾਰੀ ਅਸਰ ਪਵੇਗਾ। ਇਹ ਫੀਸਾਂ ਬਹੁਤ ਵੱਡੀ ਪੱਧਰ ਤੇ ਵਧਾਈਆਂ ਹਨ ਕਿਉਂਕਿ ਤੁਹਾਨੂੰ ਪਤਾ ਹੈ ਕਿ ਪਾਰਟਨਰਸ਼ਿਪ ਐਕਟ ਕੋਰਟਾਂ ਵਿਚ ਲਾਗੂ ਹੁੰਦਾ ਹੈ ਜਾਂ ਐਗਰੀਮੈਂਟ ਵਿਚ ਲਾਗੂ ਹੁੰਦਾ ਹੈ। ਮੈਂ ਸਮਝਦਾ ਹਾਂ ਕਿ ਇਸ ਨਾਲ ਪੰਜਾਬ ਦੇ ਲੋਕਾਂ ਤੇ ਬਹੁਤ ਭਾਰੀ ਬੋਝ ਪੰਜਾਬ ਸਰਕਾਰ ਨੇ ਪਾਇਆ ਹੈ, ਬਹੁਤ ਵੱਡਾ ਬਰਡਨ ਪੰਜਾਬ ਦੇ ਆਮ ਲੋਕਾਂ ਤੇ ਆਮ ਜਨ-ਜੀਵਨ ਤੇ ਪਵੇਗਾ। ਸੋ, ਇਹ ਐਕਟ ਵਾਪਸ ਲੈਣਾ ਚਾਹੀਦਾ ਹੈ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇੰਡੀਅਨ ਪਾਰਟਰਸ਼ਿਪ (ਪੰਜਾਬ ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**<u>ਕਲਾਜ਼ 2 ਸ਼ਡਿਊਲ ਸਮੇਤ</u>**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸ਼ਡਿਊਲ ਸਮੇਤ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**<u>ਕਲਾਜ਼ 1 ਦੀ ਸਬ ਕਲਾਜ਼ (1)</u>**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**<u>ਸਿਰਲੇਖ</u>**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਉਦਯੋਗ ਤੇ ਕਮਰਸ ਮੰਤਰੀ (ਸ਼੍ਰੀ ਸੁੰਦਰ ਸ਼ਾਮ ਅਰੋੜਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇੰਡੀਅਨ ਪਾਰਟਰਸ਼ਿਪ (ਪੰਜਾਬ ਸੋਧਨਾ) ਬਿਲ, 2021 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਇੰਡੀਅਨ ਪਾਰਟਰਸ਼ਿਪ (ਪੰਜਾਬ ਸੋਧਨਾ) ਬਿਲ, 2021 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਇੰਡੀਅਨ ਪਾਰਟਰਸ਼ਿਪ (ਪੰਜਾਬ ਸੋਧਨਾ) ਬਿਲ, 2021 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-------

## 3. THE PUNJAB BUREAU OF INVESTMENT PROMOTION (AMENDMENT) BILL, 2021

**ਮਾਨਯੋਗ ਸਪੀਕਰ:** ਸ਼੍ਰੀ ਸੁੰਦਰ ਸ਼ਾਮ ਅਰੋੜਾ, ਉਦਯੋਗ ਤੇ ਕਮਰਸ ਮੰਤਰੀ ਜੀ ਬਿਲ ਪੇਸ਼ ਕਰਨ।

**ਉਦਯੋਗ ਤੇ ਕਮਰਸ ਮੰਤਰੀ (ਸ਼੍ਰੀ ਸੁੰਦਰ ਸ਼ਾਮ ਅਰੋੜਾ) :** ਸ਼੍ਰੀਮਾਨ ਜੀ ਮੈਂ ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰੋਮੋਸ਼ਨ (ਸੋਧਨਾ) ਬਿਲ, 2021 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰੋਮੋਸ਼ਨ (ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰੋਮੋਸ਼ਨ (ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰੋਮੋਸ਼ਨ (ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 3**

**ਮਾਨਯੋਗ ਸਪੀਕਰ:** ਕਿਉਂਜੋ ਕਲਾਜ਼ਾਂ 2 ਤੋਂ 3 ਵਿੱਚ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਉਦਯੋਗ ਤੇ ਕਮਰਸ ਮੰਤਰੀ (ਸ਼੍ਰੀ ਸੁੰਦਰ ਸ਼ਾਮ ਅਰੋੜਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰੋਮੋਸ਼ਨ (ਸੋਧਨਾ) ਬਿਲ, 2021 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰੋਮੋਸ਼ਨ (ਸੋਧਨਾ) ਬਿਲ, 2021 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰੋਮੋਸ਼ਨ (ਸੋਧਨਾ) ਬਿਲ, 2021 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-----------

## 4. THE PRISONS (PUNJAB AMENDMENT) BILL, 2021

**ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ):** ਸ਼੍ਰੀਮਾਨ ਜੀ, ਮੈਂ ਜੇਲ੍ਹਾਂ (ਪੰਜਾਬ ਸੋਧਨਾ) ਬਿਲ, 2021 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਜੇਲ੍ਹਾਂ (ਪੰਜਾਬ ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਜੇਲ੍ਹਾਂ (ਪੰਜਾਬ ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਸਰਵਜੀਤ ਕੌਰ ਮਾਣੂਕੇ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬਿਲ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਜੇਲ੍ਹ ਦੇ ਬਾਹਰ ਸੁਧਾਰ ਘਰ ਲਿਖਿਆ ਹੁੰਦਾ ਹੈ ਪਰ ਜੇਲ੍ਹ ਦੇ ਅੰਦਰ ਸੁਧਾਰ ਕਰਨ ਦਾ ਕੋਈ ਵੀ ਪ੍ਰੋਗਰਾਮ ਨਹੀਂ ਹੈ, ਜਿਹੜਾ ਜੇਲ੍ਹਰ ਕੈਦੀਆਂ ਤੋਂ ਖੇਤੀ ਦਾ ਅਤੇ ਹੱਥੀਂ ਦਾ ਕੰਮ ਕਰਵਾਉਂਦਾ ਹੈ, ਉਹ ਕੰਮ ਕੈਦੀਆਂ ਦੀ ਜ਼ਿੰਦਗੀ ਨੂੰ ਪੁਨਰਵਾਸ ਕਰਨ ਵਾਸਤੇ ਹੁੰਦਾ ਹੈ। ਉਨ੍ਹਾਂ ਦੀ ਗੁਜ਼ਰ-ਬਸਰ ਦੇ ਲਈ ਹੁੰਦਾ ਹੈ ਤਾਂ ਕਿ ਜਦੋਂ ਉਹ ਬਾਹਰ ਆਉਣ ਤਾਂ ਆਪਣੇ ਹੱਥੀ ਕਿਰਤ ਕਰ ਸਕਣ। ਲੇਕਿਨ ਇੱਕ ਕ੍ਰਿਮੀਨਲ ਦੀ mind psychology ਨੂੰ ਸੈੱਟ ਕਰਨ ਦੇ ਲਈ, ਚੇਂਜ ਕਰਨ ਦੇ ਲਈ ਅੰਦਰ ਕੈਦੀਆਂ ਦੀ ਕੋਈ ਕਾਊਂਸਲਿੰਗ ਹੋਣੀ ਚਾਹੀਦੀ ਹੈ। ਕਾਊਂਸਲਿੰਗ ਪ੍ਰੋਗਰਾਮ ਹੋਣੇ ਚਾਹੀਦੇ ਹਨ।

**ਮਾਨਯੋਗ ਸਪੀਕਰ:** ਤੁਸੀਂ ਅਮੈਂਡਮੈਂਟ ਤੇ ਬੋਲੋ। ਤੁਸੀਂ ਅਮੈਂਡਮੈਂਟ ਤੇ ਬੋਲੋ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਐਂਡ ਵਿੱਚ ਆ ਕੇ ਅਮੈਂਡਮੈਂਟ ਤੇ ਹੀ ਬੋਲਾਂਗੀ। ਜਦੋਂ ਕੈਦੀਆਂ ਨੂੰ ਅੰਦਰ ਹੱਥੀਂ ਕਿਰਤ ਤੋਂ ਬਾਅਦ ਕੁਝ ਨਹੀਂ ਮਿਲਦਾ ਤਾਂ ਉਹ ਛੋਟਾ-ਮੋਟਾ ਕ੍ਰਿਮੀਨਲ ਜਦੋਂ ਇੱਕ ਵੱਡੇ ਗੈਂਗਸਟਰ ਨੂੰ ਮਿਲ ਜਾਂਦਾ ਹੈ, ਇਸ ਲਈ reformation ਦੇ ਪ੍ਰੋਗਰਾਮ ਅੰਦਰ ਹੋਣੇ ਚਾਹੀਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਆਪਣੀ ਗਲਤੀ ਦਾ ਵਾਰ-ਵਾਰ ਅਹਿਸਾਸ ਹੋਵੇ ਅਤੇ ਜਦੋਂ ਉਹ ਜੇਲ੍ਹ ਤੋਂ ਬਾਹਰ ਜਾਣ ਤਾਂ ਇੱਕ ਅੱਛੇ ਸਿਟੀਜ਼ਨ ਬਣ ਕੇ ਬਾਹਰ ਜਾਣ। ਪਿੱਛੇ ਮੀਡੀਆ ਦੇ ਰਾਹੀਂ ਸਾਡੀਆਂ ਜੇਲ੍ਹਾਂ ਤੇ ਉੱਤੇ ਬਹੁਤ ਕੁਐਸਚਨ ਉੱਠੇ ਹਨ, ਇਹ ਤੁਹਾਨੂੰ ਵੀ ਪਤਾ ਹੈ। ਜਿੱਥੇ ਇੱਕ ਮੈਚਿਓਰ ਲੜਕੇ ਨੇ ਕਿਹਾ ਕਿ ਜੇਲ੍ਹ ਦੇ ਅੰਦਰ ਜੇਲ੍ਹ ਆਫੀਸਰ ਨੇ ਮੇਰੇ ਪ੍ਰਾਈਵੇਟ ਪਾਰਟਸ ਨਾਲ ਖਿਲਵਾੜ ਕੀਤਾ ਹੈ। ਸਮੇਂ-ਸਮੇਂ ਤੇ ਅਜਿਹੀਆਂ ਅਣ-ਮਨੁੱਖੀ ਘਟਨਾਵਾਂ ਦਾ ਹੋਣਾ, ਸਾਡੇ ਮੱਥੇ ਤੇ ਇੱਕ ਚਿੰਨ ਹੈ। ਸਪੀਕਰ ਸਾਹਿਬ, ਦੂਸਰੀ ਗੱਲ, ਜੇਲ੍ਹ ਦੇ ਵਿੱਚ ਜਿਹੜੀਆਂ ਇਸ ਤਰ੍ਹਾਂ ਦੀਆਂ ਘਟਨਾਵਾਂ ਹੁੰਦੀਆਂ ਹਨ, ਸਜ਼ਾਵਾਂ ਰੱਖਣਾ, ਜੁਰਮਾਨਾ ਰੱਖਣਾ ਬਿਲਕੁਲ ਜਾਇਜ਼ ਹੈ ਪਰ ਮੈਨੂੰ ਲੱਗਦਾ ਹੈ ਕਿ ਮਨੁੱਖੀ ਅਧਿਕਾਰ ਕਮਿਸ਼ਨ ਦਾ ਇੱਕ ਹੈਲਪ ਲਾਈਨ ਨੰਬਰ ਦੇ ਦੇਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨੂੰ ਗਾਈਡ ਵੀ ਕਰਨ ਅਤੇ ਉਨ੍ਹਾਂ ਨੂੰ ਸਮੇਂ-ਸਮੇਂ ਤੇ ਕਾਊਂਸਲਿੰਗ ਵੀ ਦੇਣ ਅਤੇ ਜਦੋਂ ਉਹ ਜੇਲ੍ਹ ਤੋਂ ਬਾਹਰ ਆਉਣ ਤਾਂ ਇੱਕ ਅੱਛੇ ਸਿਟੀਜ਼ਨ ਬਣ ਕੇ ਗੁਜ਼ਰ-ਬਸਰ ਕਰਨ। ਬਹੁਤ-ਬਹੁਤ ਧੰਨਵਾਦ ਜੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ (ਸਨੌਰ):** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਜਿਹੜਾ ਮੰਤਰੀ ਜੀ ਬਿਲ ਲੈ ਕੇ ਆਏ ਹਨ, ਤੁਸੀਂ ਮੈਨੂੰ ਬਿਲ ਉੱਤੇ ਬੋਲਣ ਲਈ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਰਾਜਸਥਾਨ ਵਿੱਚ ਇੱਕ ਪਰਮਾਨੈਂਟ ਪੈਰੋਲ ਦਾ ਸਿਸਟਮ ਹੈ, ਜਿਹੜੇ 14 ਸਾਲਾਂ ਦੀ ਕੈਦ ਕੱਟ ਚੁੱਕੇ ਹੁੰਦੇ ਹਨ, 14 ਸਾਲ ਕਵਰ ਕਰ ਚੁੱਕੇ ਹੁੰਦੇ ਹਨ ਅਤੇ ਤਿੰਨ ਪੈਰੋਲ Good conduct ਉਨ੍ਹਾਂ ਨੇ ਕਵਰ ਕੀਤੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਪਰਮਾਨੈਂਟ ਪੈਰੋਲ ਮਿਲ ਸਕਦੀ ਹੈ। ਜਿਵੇਂ ਮੈਡਮ ਮਾਣੂਕੇ ਜੀ ਨੇ ਕਿਹਾ ਹੈ ਕਿ ਇਹ ਜੇਲ੍ਹਾਂ ਸੁਧਾਰ ਘਰ ਹੁੰਦੀਆਂ ਹਨ। ਜੇਕਰ ਉਸ ਦਾ ਕੰਡਕਟ ਠੀਕ ਹੈ ਤਾਂ ਉਸ ਨੂੰ ਪਰਮਾਨੈਂਟ ਪੈਰੋਲ ਦਿੱਤੀ ਜਾ ਸਕਦੀ ਹੈ।

**ਮਾਨਯੋਗ ਸਪੀਕਰ:** ਤੁਸੀਂ ਅਮੈਂਡਮੈਂਟ ਤੇ ਬੋਲੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਇਹ ਅਮੈਂਡਮੈਂਟ ਤੇ ਹੀ ਗੱਲ ਕਰ ਰਿਹਾ ਹਾਂ। ਜੇਲ੍ਹਾਂ ਬਾਰੇ ਗੱਲ ਹੋ ਰਹੀ ਹੈ, ਆਪਾਂ ਇਸ ਤਰ੍ਹਾਂ ਦੇ ਕਾਨੂੰਨ ਐਡ ਕਰ ਸਕਦੇ ਹਾਂ। ਸੈਕਿੰਡ, ਕਈ ਕੈਦੀ ਅਜਿਹੇ ਹਨ, ਜਿਨ੍ਹਾਂ ਦੀ ਉਮਰ ਪ੍ਰੀ-ਮੈਚਿਓਰ ਵਾਸਤੇ ਆਰਡਰ ਵੀ ਹੋ ਚੁੱਕੇ ਹੁੰਦੇ ਹਨ ਪਰ ਉਨ੍ਹਾਂ ਨੂੰ

ਡੀ.ਸੀ. ਕੋਲ ਜਾ ਕੇ ਆਪਣਾ ਜ਼ਮਾਨਤੀ ਬੌਂਡ ਭਰਵਾਉਣਾ ਪੈਂਦਾ ਹੈ ਪਰ ਖਾਸ ਤੌਰ ਤੇ ਦੂਸਰੀ ਸਟੇਟ ਦੇ ਕਈ ਕੈਦੀ ਅਜਿਹੇ ਹੁੰਦੇ ਹਨ, ਜਿਨ੍ਹਾਂ ਕੋਲ ਕੋਈ ਜ਼ਮਾਨਤੀ ਨਹੀਂ ਹੁੰਦਾ ਹੈ। ਜਿਹੜੇ ਕ੍ਰਿਮੀਨਲ ਨਾ ਹੋਣ, ਉਨ੍ਹਾਂ ਕੈਦੀਆਂ ਦਾ ਕਲਾਸੀਫਿਕੇਸ਼ਨ ਦੇਖ ਕੇ, ਉਨ੍ਹਾਂ ਦਾ ਕੰਡਕਟ ਦੇਖ ਕੇ, ਸੈਲਫ ਬੌਂਡ ਦੇ ਉੱਤੇ ਕਿਸੇ ਤਰੀਕੇ ਦੇ ਨਾਲ, ਕੋਈ ਕੰਡੀਸ਼ਨ ਰੱਖ ਕੇ, ਉਨ੍ਹਾਂ ਦੀ ਰਿਹਾਈ ਵਾਸਤੇ ਸਰਕਾਰ ਕੁਝ ਕਰੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਜੇਲ੍ਹਾਂ (ਪੰਜਾਬ ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 4**

**ਮਾਨਯੋਗ ਸਪੀਕਰ:** ਕਿਉਂਜੋ ਕਲਾਜ਼ਾਂ 2 ਤੋਂ 4 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਸਹਿਮਤ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਆਵਾਜ਼ਾਂ: ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

## ਕਲਾਜ਼ 1 ਦੀ ਸਬ-ਕਲਾਜ਼ (1)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

## ਸਿਰਲੇਖ

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਜੇਲ੍ਹਾਂ (ਪੰਜਾਬ ਸੋਧਨਾ) ਬਿਲ, 2021 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਜੇਲ੍ਹਾਂ (ਪੰਜਾਬ ਸੋਧਨਾ) ਬਿਲ, 2021 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਜੇਲ੍ਹਾਂ (ਪੰਜਾਬ ਸੋਧਨਾ) ਬਿਲ, 2021 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-----------

## 5. THE PUNJAB FISCAL RESPONSIBILITY AND BUDGET MANAGEMENT (AMENDMENT) BILL, 2021

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧਨਾ) ਬਿਲ, 2021 ਪੇਸ਼ ਕਰਦਾ ਹਾਂ-

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ ਜੇਕਰ ਕੋਈ ਹੋਵੇ?

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਅਸੀਂ ਸਾਰੇ ਇੰਨੇ ਬੇਵੱਸ ਹੋਏ ਹਾਂ ਕਿ ਤੁਹਾਡੇ ਵਾਰ ਵਾਰ ਕਹਿਣ ਤੇ ਵੀ ਸਾਨੂੰ 15 ਦਿਨ ਪਹਿਲਾਂ ਬਿਲ ਨਹੀਂ ਮਿਲਦੇ। ਇਹ ਇੰਨੇ ਇੰਪਾਰਟੈਂਟ ਬਿਲ ਹਨ, ਅਸੀਂ ਇੰਨਾ ਇੰਪਾਰਟੈਂਟ ਕੰਮ ਕਰ ਰਹੇ ਹਾਂ ਜਿਸ ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਨਿਸ਼ਚਿਤ ਹੋਣਾ ਹੈ। ਮੰਤਰੀ ਜੀ, ਇੱਥੇ FRBM ਸੋਧਨਾ ਬਿਲ ਲੈ ਕੇ ਆਏ ਹਨ ਮੈਂ ਇਹ ਸਮਝ ਸਕਦਾ ਹਾਂ ਕਿ ਇਹ ਮਜਬੂਰੀ ਹੈ ਪਰ ਕੀ ਇਸ ਵਿੱਚ ਰੈਵੀਨਿਊ ਜੈਨਰੇਸ਼ਨ ਦੀ ਗੱਲ ਵੀ ਇਸ ਵਿੱਚ ਕੀਤੀ ਹੈ? ਇਹ ਕਿੱਥੋਂ ਤੱਕ ਲੈ ਕੇ ਜਾਵਾਂਗੇ। ਅਖੀਰ ਵਿੱਚ ਇਨ੍ਹਾਂ ਨੇ ਇਸ ਤੇ ਇਹ ਸ਼ਰਤ ਲਗਾਈ ਹੈ ਕਿ ਜਿਵੇਂ ਐਗਰੀਕਲਚਰ ਰੀਫਾਰਮਜ਼ ਕਰਕੇ ਸਾਡੇ ਗਲਾ ਘੁੱਟਣ ਦੀ ਗੱਲ ਕੀਤੀ ਗਈ। ਉਸ ਦੇ ਨਾਲ ਊਰਜਾ ਖੇਤਰ ਵਿੱਚ ਸੁਧਾਰ ਦੀ ਸ਼ਰਤ ਵੀ ਹੈ? ਕਿਸਾਨਾਂ ਨੂੰ ਜੋ ਵੀ ਬਿਜਲੀ ਦਿੰਦੇ ਹਾਂ ਜਾਂ ਗਰੀਬਾਂ ਨੂੰ ਸਸਤੀ ਬਿਜਲੀ ਦਿੰਦੇ ਹਾਂ ਕੀ ਇਹ ਸ਼ਰਤਾਂ ਵੀ ਅਸੀਂ ਨਾਲ ਹੀ ਮੰਨ ਲਈਆਂ। ਫਿਰ ਅਸੀਂ ਕਿੱਥੇ ਜਾਵਾਂਗੇ। ਪਤਾ ਨਹੀਂ ਅਸੀਂ ਪੰਜਾਬ ਦੀ ਕਿਹੜੀ ਰਿਸਪਾਂਸੀਬਿਲਟੀ ਕਰ ਰਹੇ ਹਾਂ। ਕਿਸ ਤਰੀਕੇ ਨਾਲ ਪੰਜਾਬ ਨੂੰ ਅੱਗੇ ਲੈ ਕੇ ਜਾ ਰਹੇ ਹਾਂ। ਮੈਂ ਉਸ ਬੰਦੇ ਨੂੰ ਸਿਆਣਾ ਨਹੀਂ ਸਮਝਦਾ, ਉਹ ਲਾਣੇਦਾਰ ਸਿਆਣਾ ਨਹੀਂ ਹੈ ਜਿਹੜਾ

ਘਰ ਵੇਚ ਕੇ ਗੱਡੀ ਲਿਆ ਕੇ ਖੜ੍ਹੀ ਕਰ ਦੇਵੇ। ਘਰ ਵੇਚ ਕੇ ਕੁਝ ਲਿਆ ਕੇ ਦੇਵੇ। ਸਪੀਕਰ ਸਾਹਿਬ, ਅਸੀਂ ਇਸ ਸੋਧਨਾ ਦੇ ਬਿਲਕੁਲ ਹੀ ਖਿਲਾਫ ਹਾਂ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ**_ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ ਕਲਾਜ਼ (1)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼(1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨਗੇ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧਨਾ) ਬਿਲ, 2021 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧਨਾ) ਬਿਲ, 2021 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧਨਾ) ਬਿਲ, 2021 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---------

## 6. THE PUNJAB CO-OPERATIVE SOCIETIES (AMENDMENT) BILL, 2021

**ਸਹਿਕਾਰਤਾ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ)** : ਸ਼੍ਰੀਮਾਨ ਜੀ, ਮੈਂ ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2021 ਪੇਸ਼ ਕਰਦਾ ਹਾਂ-

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -
ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ –

ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ ਜੇਕਰ ਕੋਈ ਹੋਵੇ?

**ਸ਼੍ਰੀ ਬੁੱਧ ਰਾਮ (ਬੁਢਲਾਡਾ, ਐਸ.ਸੀ.):** ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਕੋਆਪ੍ਰੇਟਿਵ ਸੁਸਾਇਟੀ ਕਿਸਾਨਾਂ ਵਾਸਤੇ ਬਹੁਤ ਲਾਹੇਵੰਦ ਸਿੱਧ ਹੁੰਦੀ ਹੈ। ਇਨ੍ਹਾਂ ਕੋਲ ਕਾਫੀ ਪਾਵਰਾਂ ਵੀ ਹਨ। ਪਰ ਕੁਝ ਪਾਵਰਾਂ ਇਨ੍ਹਾਂ ਕੋਲ ਅਜਿਹੀਆਂ ਹਨ ਜਿਨ੍ਹਾਂ ਦੀ AR ਜਾਂ DR ਤੋਂ ਮਨਜ਼ੂਰੀ ਲੈਣੀ ਪੈਂਦੀ ਹੈ। ਇਸ ਦਾ ਅਖਤਿਆਰ ਇਨ੍ਹਾਂ ਕੋਲ ਖੁਦ ਹੋਣਾ ਚਾਹੀਦਾ ਹੈ ਕਿ ਜਿਵੇਂ ਕਿਸੇ ਨੇ ਪਲਾਟ ਖਰੀਦ ਲਿਆ।ਉਨ੍ਹਾਂ ਨੇ ਗੋਦਾਮ ਬਣਾਉਣਾ ਹੈ ਤਾਂ 4-5 ਲੱਖ ਦੀ ਪਾਵਰ ਸੁਸਾਇਟੀਆਂ ਦੇ ਪ੍ਰਧਾਨ ਕੋਲ, ਸੈਕਟਰੀ ਕੋਲ ਪਾਵਰ ਹੋਣੀ ਚਾਹੀਦੀ ਹੈ। ਇੱਕ ਗੱਲ ਹੋਰ ਕਿ ਇਨ੍ਹਾਂ ਸੁਸਾਇਟੀਆਂ ਦੇ ਵਿੱਚ ਕੁਰੱਪਸ਼ਨ ਬਹੁਤ ਹੈ। ਜਿਹੜੇ ਮੁਲਾਜ਼ਮ ਹਨ, ਜੇ ਇਨ੍ਹਾਂ ਦੇ ਵਿੱਚ ਕਮਿਊਨੀਕੇਟਰ ਹੋਵੇ ਤਾਂ ਕੁਰੱਪਸ਼ਨ ਘਟ ਸਕਦੀ ਹੈ। ਜਿਹੜਾ ਕੋਆਪਰੇਟਿਵ ਸੁਸਾਇਟੀ ਦਾ ਜਿਹੜਾ ਸੈਕਟਰੀ ਹੈ, ਉਹ ਸਾਰੀ ਉਮਰ ਉਹ ਹੀ ਸੈਕਟਰੀ ਰਹਿੰਦਾ ਹੈ ਅਤੇ ਉੱਥੇ ਹੀ ਬੈਠਾ ਰਹਿੰਦਾ ਹੈ। ਜੇ ਮੁਲਾਜ਼ਮਾਂ ਦਾ ਕਮਿਊਨੀਕੇਟਰ ਬਣ ਜਾਵੇ ਜਾਂ ਮੁਲਾਜ਼ਮ ਚੇਂਜ ਹੋਣ ਲੱਗ ਜਾਣ ਤਾਂ ਮੈਨੂੰ ਲਗਦਾ ਹੈ ਕਿ ਜਿਹੜੀ ਕੁਰੱਪਸ਼ਨ ਹੈ, ਉਹ ਕਾਫੀ ਘਟ ਸਕਦੀ ਹੈ ਅਤੇ ਕਮੇਟੀ ਦਾ ਕੰਮ ਠੀਕ ਤਰ੍ਹਾਂ ਨਾਲ ਚੱਲ ਸਕਦਾ ਹੈ।

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.)** : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਜੀ। ਸਰ, ਪੰਜਾਬ ਦੇ ਵਿੱਚ ਕੋਆਪਰੇਟਿਵ ਸੁਸਾਇਟੀਜ਼ ਦੇ ਅੰਡਰ ਜਿਹੜੇ ਸ਼ਡਿਊਲ ਕਾਸਟ, ਸ਼ਡਿਊਲ ਟ੍ਰਾਈਬਜ਼ ਕਮੇਟੀਆਂ ਰਜਿਸਟਰਡ ਹਨ, ਪੁਰਾਣੀ ਸਰਕਾਰ ਉਨ੍ਹਾਂ ਨੂੰ ਮਾਲਕਾਨਾ ਹੱਕ ਦੇ ਚੁੱਕੀ ਸੀ। ਜਦੋਂ ਕੈਪਟਨ ਸਾਹਿਬ, 2017 ਵਿੱਚ ਆ ਗਏ ਤਾਂ ਇਸ ਤੇ ਬੈਨ ਲਗਾ ਦਿੱਤਾ ਕਿ ਪੰਜਾਬ ਵਿੱਚ ਕੋਈ ਵੀ ਮਾਲਕੀ ਚੇਂਜ ਨਹੀਂ ਹੋਵੇਗੀ। ਇਹ ਪੂਰੇ ਪੰਜਾਬ ਵਿੱਚ ਅਤੇ ਮੇਰੇ ਹਲਕੇ ਦੇ ਵਿੱਚ ਵੱਡੇ ਪੱਧਰ ਤੇ ਸਮੱਸਿਆ ਹੈ। ਮੇਰੇ ਹਲਕੇ ਦੇ ਪਿੰਡ ਰਾਇਧਰਾਣਾ ਦੇ ਵਿੱਚ ਬਹੁਤ ਵੱਡੀ ਸਮੱਸਿਆ ਹੈ। ਇਸੇ ਤਰ੍ਹਾਂ ਖੜਿਆਲ ਵਿੱਚ ਬਹੁਤ ਵੱਡੀ ਸਮੱਸਿਆ ਹੈ। ਮੈਂ ਮੰਤਰੀ ਸਾਹਿਬ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਬਿਲ ਵਿੱਚ ਇਸ ਸਮੱਸਿਆ ਸਬੰਧੀ ਅਮੈਂਡਮੈਂਟ ਕੀਤੀ ਜਾਵੇ ਤਾਂ ਕਿ ਜਿਹੜੇ ਉੱਥੇ 70-70, 80-80 ਸਾਲਾਂ ਤੋਂ ਉੱਥੇ ਕਾਬਜ਼ ਹਨ, ਉਨ੍ਹਾਂ ਨੂੰ ਮਾਲਕਾਨਾ ਹੱਕ ਦਿੱਤਾ ਜਾ ਸਕੇ ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਨਕੋਦਰ) :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਰੰਧਾਵਾ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਜਿਹੜੀਆਂ ਪ੍ਰਾਇਮਰੀ ਕੋਆਪਰੇਟਿਵ ਐਗਰੀਕਲਚਰ ਸੁਸਾਇਟੀਜ਼ ਹਨ, ਉਨ੍ਹਾਂ ਦੀਆਂ ਇਲੈਕਸ਼ਨਜ਼ ਬੜੇ ਲੰਮੇ ਸਮੇਂ ਤੋਂ ਡਿਊ ਹਨ। ਤੁਸੀਂ ਆਰਬਿਟਰੇਸ਼ਨ ਵਾਸਤੇ ਇਸ ਵਿੱਚ ਅਮੈਂਡਮੈਂਟ ਲਿਆਂਦੀ ਹੈ ਕਿ ਜੇ ਟਾਈਮ ਲੈਪਸ ਹੋ ਗਿਆ ਤਾਂ ਵੀ ਆਪਾਂ ਆਰਬਿਟਰੇਸ਼ਨ ਵਿੱਚ ਜਾ ਸਕਦੇ ਹਾਂ । ਰੰਧਾਵਾ ਜੀ ਤੁਸੀਂ ਬੜੇ ਸਿਆਣੇ ਹੋ, ਜਿਹੜਾ ਪੰਜਾਬ ਦਾ ਕੋਆਪਰੇਟਿਵ ਮਹਿਕਮਾ ਹੈ, ਇਹ ਬੜਾ ਇੰਪਾਟੈਂਟ ਸੈਗਮੈਂਟ ਹੈ। ਇਸ ਮਹਿਕਮੇ ਨੇ ਮੰਤਰੀ ਜੀ ਦੀ ਰਹਿਨੁਮਾਈ ਹੇਠ ਬੜੀ ਤਰੱਕੀ ਵੀ ਕੀਤੀ ਹੈ ਪਰ ਇਨ੍ਹਾਂ ਦੀਆਂ ਇਲੈਕਸ਼ਨਾਂ ਤਾਂ ਕਰਵਾਓ। ਵੱਡੀਆਂ-ਵੱਡੀਆਂ ਸੁਸਾਇਟੀਆਂ ਹਨ, ਜਿਨ੍ਹਾਂ ਕੋਲ ਆਪਣੀ ਆਮਦਨ ਦੇ ਰਿਸੋਰਸਿਜ਼ ਵੀ ਹਨ, ਇਨ੍ਹਾਂ ਕੋਲ 5-5 ਕਰੋੜ, 8-8 ਕਰੋੜ, 10-10 ਕਰੋੜ ਦੀਆਂ ਅਮਾਨਤਾਂ ਪਈਆਂ ਹਨ। ਸਪੀਕਰ ਸਾਹਿਬ, ਇਨ੍ਹਾਂ ਦੀਆਂ ਇਲੈਕਸ਼ਨਾਂ ਨਹੀਂ ਹੁੰਦੀਆਂ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

> ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

> ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 10**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 10 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(ਅਵਾਜ਼ਾਂ : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 10 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ- ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਸਹਿਕਾਰਤਾ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2021 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2021 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2021 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

## 7. THE PUNJAB EXCISE (AMENDMENT) BILL, 2021

**ਮਾਨਯੋਗ ਸਪੀਕਰ:** ਸ਼੍ਰੀ ਵਿਜੈ ਇੰਦਰ ਸਿੰਗਲਾ, ਸਿੱਖਿਆ ਮੰਤਰੀ ਬਿਲ ਪੇਸ਼ ਕਰਨ।

**ਸਿੱਖਿਆ ਮੰਤਰੀ (ਸ਼੍ਰੀ ਵਿਜੈ ਇੰਦਰ ਸਿੰਗਲਾ):** ਸ੍ਰੀਮਾਨ ਜੀ, ਮੈਂ ਪੰਜਾਬ ਆਬਕਾਰੀ (ਸੋਧਨਾ) ਬਿਲ, 2021 ਪੇਸ਼ ਕਰਦਾ ਹਾਂ।

ਸ੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਆਬਕਾਰੀ (ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਪੰਜਾਬ ਆਬਕਾਰੀ (ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਸਰਦਾਰ ਅਮਰਜੀਤ ਸਿੰਘ ਸੰਦੋਆ (ਰੂਪਨਗਰ) :** ਸਪੀਕਰ ਸਾਹਿਬ, ਜਿਹੜਾ ਇਹ ਬਿਲ ਵਿਧਾਨ ਸਭਾ ਵਿੱਚ ਲੈ ਕੇ ਆਏ ਹਨ, ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਜਿਸ ਨੇ ਦਾਰੂ ਵੇਚਣੀ ਹੈ ਉਹ ਟੈਕਸ ਦਾ ਸਰਟੀਫਿਕੇਟ ਵੀ ਨਾਲ ਲੈ ਕੇ ਆਏ। ਇਸ ਨੂੰ ਬੜੇ ਵੱਡੇ-ਵੱਡੇ ਲੀਡਰ ਵੀ ਵੇਚਦੇ ਹਨ ਅਤੇ ਅਫਸਰ ਵੀ ਵੇਚਦੇ ਹਨ। ਜਦੋਂ ਕੋਰੋਨਾ ਕਾਲ ਸੀ ਤਾਂ ਉਦੋਂ ਰੋਪੜ ਦੇ ਵਿੱਚ ਦਾਰੂ ਫੜੀ ਗਈ। ਐਸ.ਡੀ.ਐਮ ਸਾਹਿਬ ਉੱਥੇ ਗਏ। ਉਸ ਤੇ ਪਰਚਾ ਵੀ ਦਰਜ ਹੋਇਆ ਪਰੰਤੂ ਅਫਸਰਾਂ ਨੂੰ ਮੰਤਰੀਆਂ ਦਾ ਫੋਨ ਗਿਆ ਤਾਂ ਉਨ੍ਹਾਂ ਨੂੰ ਮਨਾਇਆ ਗਿਆ ਕਿ ਉਸ ਤੇ ਪਰਚਾ ਦਰਜ ਨਾ ਕੀਤਾ ਜਾਵੇ। ਸੋ, ਕਿਹੜਾ ਐਮ.ਐਲ.ਏ. ਨਜਾਇਜ਼ ਸ਼ਰਾਬ ਵਿਕਾਂਦਾ ਸੀ, ਕਿਸ ਨੇ ਸਿਫਾਰਸ਼ ਕੀਤੀ ਸੀ। ਇਹ ਜਾਂਚ ਦਾ ਮੁੱਦਾ ਹੈ। ਜਦੋਂ ਸਰਕਾਰ ਨੇ ਕਿਹਾ ਕਿ ਅਸੀਂ ਪਰਚੇ ਕਰਨੇ ਹਨ, ਐਸ.ਐਸ.ਪੀ. ਸਾਹਿਬ ਕੋਲ ਲਿਸਟ ਚਲੀ ਗਈ ਪਰ ਉਨ੍ਹਾਂ ਵਿਚ ਛੋਟੇ ਕਰਿੰਦਿਆਂ ਤੇ ਪਰਚੇ ਦਰਜ ਕੀਤੇ ਗਏ। ਵੱਡਾ ਬੰਦਾ ਤਾਂ ਕੋਈ ਫੜਿਆ

ਹੀ ਨਹੀਂ ਜਾਂਦਾ। ਜੇਕਰ ਤੁਸੀਂ ਕਿਸੇ ਨੂੰ ਮੌਤ ਦੀ ਸਜ਼ਾ ਦਿਓਗੇਂ, ਸਾਡੇ ਆਪਸ ਵਿਚ ਮਤਭੇਦ ਵੀ ਹੋ ਸਕਦੇ ਹਾਂ, ਝੂਠੇ ਪਰਚੇ ਵੀ ਇਕ ਦੂਜੇ ਦੇ ਖਿਲਾਫ ਹੋ ਸਕਦੇ ਹਨ। ਇਸ ਲਈ ਛੋਟੇ ਬੰਦਿਆਂ ਤੇ ਹੀ ਕਾਰਵਾਈ ਕੀਤੀ ਜਾਂਦੀ ਹੈ ਵੱਡੇ ਅਫਸਰਾਂ ਖਿਲਾਫ ਨਹੀਂ ਕਾਰਵਾਈ ਹੁੰਦੀ। ਮੈਂ ਸ਼ਿਕਾਇਤ ਕੀਤੀ ਸੀ ਕਿ ਉਥੇ ਇਕ ਇੰਸਪੈਕਟਰ ਰਾਜ ਕੁਮਾਰ, ਵੱਡੇ ਲੀਡਰਾਂ ਨਾਂਲ ਮਿਲ ਕੇ ਸ਼ਰਾਬ ਵਿਕਾਂਦਾ ਹੈ ਪਰ ਕਿਸੇ ਨੇ ਕਾਰਵਾਈ ਨਹੀਂ ਕੀਤੀ। ਇਸ ਕਰਕੇ ਇਹ ਤਾਂ ਸਿਫਰ ਛੋਟੇ ਬੰਦਿਆਂ ਤੇ ਹੀ ਕਾਰਵਾਈ ਹੁੰਦੀ ਹੈ। ਸੋ, ਮੈਂ ਇਸ ਬਿਲ ਦਾ ਵਿਰੋਧ ਕਰਦਾ ਹਾਂ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਆਬਕਾਰੀ (ਸੋਧਨਾ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼ ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 4 ਤੱਕ**

**ਮਾਨਯੋਗ ਸਪੀਕਰ** : ਕਿਉਂਜੋ ਕਲਾਜ਼ਾਂ 2 ਤੋਂ 4 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕੀ ਕਲਾਜ਼ 1 ਸਬ ਕਲਾਜ਼ (1) ਬਿੱਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ**: ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਸਿੱਖਿਆ ਮੰਤਰੀ (ਸ਼੍ਰੀ ਵਿਜੈ ਇੰਦਰ ਸਿੰਗਲਾ)** : ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਆਬਕਾਰੀ (ਸੋਧਨਾ) ਬਿਲ, 2021 ਤੇ ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਪੰਜਾਬ ਆਬਕਾਰੀ (ਸੋਧਨਾ) ਬਿਲ, 2021 ਤੇ ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਆਬਕਾਰੀ (ਸੋਧਨਾ) ਬਿਲ, 2021 ਤੇ ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-------

## 8. THE PUNJAB INFRASTRUCTURE (DEVELOPMENT AND REGULATION) AMENDMENT BILL, 2021

**ਮਾਨਯੋਗ ਸਪੀਕਰ:** ਵਿੱਤ ਮੰਤਰੀ ਜੀ, ਬਿਲ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਸਪੀਕਰ ਸਾਹਿਬ, ਜੇ ਤੁਹਾਡੀ ਇਜਾਜ਼ਤ ਹੋਵੇ ਤਾਂ ਇਹ ਬਿਲ ਅੱਜ ਦੀ ਜਗਾ ਕੱਲ੍ਹ ਲੈ ਲਈਏ।

**ਮਾਨਯੋਗ ਸਪੀਕਰ:** ਠੀਕ ਹੈ ਜੀ, ਕੱਲ੍ਹ ਲੈ ਲਵਾਂਗੇ।

---------

## 9. THE PUNJAB EDUCATION (POSTING OF TEACHERS IN DISADVANTAGEOUS AREA) BILL, 2021

**ਮਾਨਯੋਗ ਸਪੀਕਰ :** ਸਿੱਖਿਆ ਮੰਤਰੀ ਜੀ, ਬਿਲ ਪੇਸ਼ ਕਰਨ।

**ਸਿੱਖਿਆ ਮੰਤਰੀ (ਸ਼੍ਰੀ ਵਿਜੈ ਇੰਦਰ ਸਿੰਗਲਾ)** : ਸ਼੍ਰੀਮਾਨ ਜੀ, ਮੈਂ

ਪੰਜਾਬ ਐਜੂਕੇਸ਼ਨ (ਪੋਸਟਿੰਗ ਆਫ ਟੀਚਰਜ਼ ਇੰਨ ਡਿਸਐਡਵਾਂਟੇਜਿਸ ਏਰੀਆ) ਬਿਲ, 2021 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਐਜੂਕੇਸ਼ਨ (ਪੋਸਟਿੰਗ ਆਫ ਟੀਚਰਜ਼ ਇੰਨ ਡਿਸਐਡਵਾਂਟੇਜਿਸ ਏਰੀਆ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੰਜਾਬ ਐਜੂਕੇਸ਼ਨ (ਪੋਸਟਿੰਗ ਆਫ ਟੀਚਰਜ਼ ਇੰਨ ਡਿਸਐਡਵਾਂਟੇਜਿਸ ਏਰੀਆ) ਬਿਲ,

2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

(ਬਹਿਸ, ਜੇਕਰ ਕੋਈ ਹੋਵੇ?)

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.):** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਜਿਹੜੀ ਇੱਥੇ ਟੀਚਰਜ਼ ਦੀ ਗੱਲ ਹੋ ਰਹੀ ਹੈ। ਸਾਨੂੰ ਸਭ ਤੋਂ ਪਹਿਲਾਂ ਇਸ ਗੱਲ ਤੇ ਧਿਆਨ ਦੇਣਾ ਚਾਹੀਦਾ ਹੈ ਕਿ ਜਿਹੜੇ ਵਿਡੋ ਟੀਚਰਜ਼ ਹਨ, ਉਨ੍ਹਾਂ ਦੀ ਟਰਾਂਸਫਰ ਸਾਨੂੰ ਦੂਰ ਨਹੀਂ ਕਰਨੀ ਚਾਹੀਦੀ ਅਤੇ ਜਿਹੜੀਆਂ Newly Married ਕੁੜੀਆਂ ਹਨ, ਉਨ੍ਹਾਂ ਨੂੰ ਵੀ ਸਟੇਸ਼ਨ ਤੋਂ 10 ਕਿਲੋਮੀਟਰ ਤੱਕ ਹੀ ਰੱਖਣਾ ਚਾਹੀਦਾ ਹੈ। ਪਹਿਲਾਂ ਤਾਂ ਟੀਚਰਜ਼ ਕੱਚੇ ਪੱਕੇ ਦੇ ਚੱਕਰਾਂ ਵਿਚ ਧਰਨਿਆਂ ਤੇ ਆਉਂਦੇ ਹਨ। ਪਿੱਛੇ ਜਿਹੇ ਸਰਕਾਰ ਨੇ ਸਰਪਲੱਸ ਪੋਸਟਾਂ ਦੀ ਗੱਲ ਕੀਤੀ ਸੀ। ਠੀਕ ਹੈ ਕਿ ਇਹ ਰੈਸ਼ਨੇਲਾਈਜ਼ ਹੋਣੀ ਚਾਹੀਦੀ ਹੈ ਕਿ ਜਿੱਥੇ ਵੱਧ ਟੀਚਰ ਹਨ, ਉਥੇ ਇੱਧਰ ਉਧਰ ਕਰ ਦੇਣੇ ਚਾਹੀਦੇ ਹਨ। ਪਰ ਸਮੱਸਿਆ ਇਹ ਹੈ ਕਿ ਇਕ ਟੀਚਰ ਨੂੰ ਬਣਦੀ ਪੋਸਟ ਨਾ ਦੇ ਕੇ ਇਕ ਸਾਲ ਦੇ ਵਿਚ ਤਿੰਨ ਚਾਰ ਜਗਾ ਬਦਲ ਦਿੱਤਾ ਜਾਂਦਾ ਹੈ। ਇਸ ਨਾਲ ਟੀਚਰ ਦੀ ਐਫੀਸ਼ੀਐਂਸ ਘੱਟ ਜਾਂਦੀ ਹੈ। ਸੋ, ਤੁਹਾਨੂੰ ਇਸ ਅਮੈਂਡਮੈਂਟ ਵਿਚ ਇਹ ਐਡ ਕਰ ਲੈਣਾ ਚਾਹੀਦਾ ਹੈ ਕਿ ਅਸੀਂ ਜੇਕਰ ਜਗਰਾਓਂ ਵਾਲੇ ਟੀਚਰ ਨੂੰ ਫਾਜ਼ਿਲਕਾ ਸਟੇਸ਼ਨ ਦੇ ਰਹੇ ਹਾਂ ਤਾਂ ਜਗਰਾਓਂ ਵਾਲੇ ਨੂੰ ਲੁਧਿਆਣਾ ਦੇ ਦਿਓ। ਜੈਂਟਸ ਵਾਸਤੇ 20-25 ਕਿਲੋਮੀਟਰ ਦਾ ਏਰੀਆ ਰੱਖ ਲਓ ਅਤੇ ਲੇਡੀਜ਼ ਵਾਸਤੇ 10 ਕਿਲੋਮੀਟਰ ਦਾ ਰੱਖ ਲਓ। ਇਸ ਨਾਲ ਟੀਚਰਜ਼ ਨੂੰ ਇਜ਼ੀ ਕੀਤਾ ਜਾ ਸਕਦਾ ਹੈ ਅਤੇ ਉਹ ਵਧੀਆ ਟੀਚਿੰਗ ਕਰ ਸਕਦੇ ਹਨ।

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ)**: ਸਪੀਕਰ ਸਾਹਿਬ, ਇਸ ਦੇ ਵਿੱਚ ਅਮੈਂਡਮੈਂਟ ਕੀਤੀ ਗਈ ਹੈ ਕਿ ਜਿਹੜਾ ਪ੍ਰਾਬੈਸ਼ਨ ਪੀਰੀਅਡ ਹੈ, ਉਹ ਤਿੰਨ ਸਾਲ ਤੋਂ ਚਾਰ ਸਾਲ ਕਰ ਦਿੱਤਾ ਗਿਆ ਹੈ। ਬਹੁਤ ਮਾੜੀ ਗੱਲ ਹੈ। ਟੀਚਰਜ਼ ਤਾਂ ਵੈਸੇ ਹੀ ਘਰ ਤੋਂ ਬਹੁਤ ਦੂਰ -ਦੂਰ ਕੰਮ ਕਰ ਰਹੇ ਹਨ। ਸਿੰਗਲਾ ਸਾਹਿਬ ਨੂੰ ਪਤਾ ਹੈ ਕਿ ਤਿੰਨ ਤਿੰਨ ਚਾਰ ਚਾਰ ਸਾਲ ਹੋ ਗਏ ਹਨ , ਜਿਨ੍ਹਾਂ ਬੱਚੀਆਂ ਦੇ ਨਵੇਂ ਵਿਆਹ ਹੋਏ ਹਨ, ਉਹ ਆਪਣੇ ਘਰਾਂ ਤੋਂ ਦੂਰ-ਦੂਰ ਕੰਮ ਕਰ ਰਹੇ ਹਨ। ਸੋ, ਇਹ ਬਹੁਤ ਵੱਡਾ ਧੱਕਾ ਸਾਡੇ ਬੱਚਿਆਂ ਦੇ ਨਾਲ ਹੈ। ਜਿਸ ਤਰ੍ਹਾਂ ਮਾਣੂਕੇ ਜੀ ਨੇ ਵੀ ਕਿਹਾ ਹੈ ਕਿ ਜਿਨ੍ਹਾਂ ਬੱਚੀਆਂ ਦੇ ਨਵੇਂ ਵਿਆਹ ਹੁੰਦੇ ਹਨ ਜਾਂ ਕੋਈ ਵਿਡੋਜ਼ ਹਨ ਜਾਂ ਕਿਸੇ ਨੂੰ ਕੋਈ ਡਿਸੀਜ਼ ਹੈ ਜਾਂ ਕਿਸੇ ਦੇ ਬੱਚੇ ਨੂੰ ਕੋਈ ਪ੍ਰਾਬਲਮ ਹੈ, ਉਸ ਸਬੰਧੀ ਇਸ ਵਿੱਚ ਅਮੈਂਡਮੈਂਟ ਕੀਤੀ ਜਾਵੇ ਅਤੇ ਇਸ ਚੀਜ਼ ਦਾ ਧਿਆਨ ਰੱਖਿਆ ਜਾਵੇ। ਮੈਂ ਦੇਖ ਰਿਹਾ ਸੀ ਕਿ ਜਿਸ ਤਰ੍ਹਾਂ ਪੋਰਟਲ ਦੇ ਉੱਤੇ ਪੋਸਟਾਂ ਦਿਖਾਈਆਂ ਜਾਂਦੀਆਂ ਹਨ , ਉਹ

ਬਹੁਤ ਘੱਟ ਖਾਲੀ ਦਿਖਾਈਆਂ ਜਾਂਦੀਆਂ ਹਨ। ਐਕਚੁਅਲ ਦੇ ਵਿੱਚ ਬਹੁਤ ਜ਼ਿਆਦਾ ਹੁੰਦੀਆਂ ਹਨ ਅਤੇ ਬਾਅਦ ਦੇ ਵਿੱਚ ਚੋਰ ਮੋਰੀਆਂ ਰਾਹੀਂ ਕੋਈ ਆਫਿਸ਼ੀਅਲ ਆਰਡਰ ਪਾਸ ਕਰਕੇ ਉਨ੍ਹਾਂ ਸੀਟਾਂ ਤੇ ਆਪਣੇ ਆਪਣੇ ਬੰਦੇ ਅਪੁਆਇੰਟ ਕੀਤੇ ਜਾਂਦੇ ਹਨ।

**ਮਾਨਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਪੰਜਾਬ ਐਜੂਕੇਸ਼ਨ (ਪੋਸਟਿੰਗ ਆਫ ਟੀਚਰਜ਼ ਇੰਨ ਡਿਸਐਡਵਾਂਟੇਜਿਸ ਏਰੀਆ) ਬਿਲ, 2021 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ***।

**ਮਾਨਯੋਗ ਸਪੀਕਰ**: ਹੁਣ ਸਦਨ ਬਿਲ ਤੇ ਕਲਾਜ਼ ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ***।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਸਮੂਹ ਮੈਂਬਰ ਬੋਲਣ ਲਈ ਸਮਾਂ ਨਾ ਦੇਣ ਅਤੇ ਬਿਲ ਦੇ ਵਿੱਚ ਲੋੜੀਂਦੀ ਸੋਧਨਾ ਨਾ ਕਰਨ ਦੇ ਰੋਸ ਵਜੋਂ ਵੈੱਲ ਆਫ਼ ਦਿ ਹਾਊਸ ਵਿੱਚ ਆ ਗਏ ਅਤੇ ** ** ਨਾਅਰੇ ਮਾਰਨ ਲੱਗੇ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ)

**ਮਾਨਯੋਗ ਸਪੀਕਰ**: ਤੁਸੀਂ ਆਪਣੀ ਗੱਲ ਕਹਿ ਲਈ ਹੈ। ਤੁਸੀਂ ਆਪਣੀ ਗੱਲ ਕਹਿ ਲਈ ਹੈ (ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਆਪਣੀਆਂ-ਆਪਣੀਆਂ ਸੀਟਾਂ ਤੇ ਜਾਓ। ** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**<u>ਕਲਾਜ਼ਾਂ 2 ਤੋਂ 8</u>**

**ਮਾਨਯੋਗ ਸਪੀਕਰ**: ਕਿਉਂਜੋ ਕਲਾਜ਼ਾਂ 2 ਤੋਂ 8 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(ਆਵਾਜ਼ਾਂ : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 8 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ*** ।

**<u>ਕਲਾਜ਼ 1 ਦੀ ਸਬ ਕਲਾਜ਼ (1)</u>**

**ਮਾਨਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ 1 ਸਬ ਕਲਾਜ਼ (1) ਬਿੱਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ*** ।

**<u>ਸਿਰਲੇਖ</u>**

**ਮਾਨਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ*** ।

**ਮਾਨਯੋਗ ਸਪੀਕਰ**: ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਸਿੱਖਿਆ ਮੰਤਰੀ (ਸ਼੍ਰੀ ਵਿਜੈ ਇੰਦਰ ਸਿੰਗਲਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਐਜੂਕੇਸ਼ਨ (ਪੋਸਟਿੰਗ ਆਫ਼ ਟੀਚਰਜ਼ ਇੰਨ ਡਿਸਐਡਵਾਂਟੇਜਿਸ ਏਰੀਆ) ਬਿਲ, 2021 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ**: ਪ੍ਰਸਤਾਵ ਕੀਤਾ-

ਕਿ ਪੰਜਾਬ ਐਜੂਕੇਸ਼ਨ (ਪੋਸਟਿੰਗ ਆਫ਼ ਟੀਚਰਜ਼ ਇੰਨ ਡਿਸਐਡਵਾਂਟੇਜਿਸ ਏਰੀਆ) ਬਿਲ, 2021 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਪੰਜਾਬ ਐਜੂਕੇਸ਼ਨ (ਪੋਸਟਿੰਗ ਆਫ਼ ਟੀਚਰਜ਼ ਇੰਨ ਡਿਸਐਡਵਾਂਟੇਜਿਸ ਏਰੀਆ) ਬਿਲ, 2021 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ*** ।

**ਮਾਨਯੋਗ ਸਪੀਕਰ**: ਹੁਣ ਸਦਨ ਬੁੱਧਵਾਰ ਮਿਤੀ 10 ਮਾਰਚ, 2021 ਨੂੰ 10 .00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ।

*3.18 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਦਨ ਬੁੱਧਵਾਰ, ਮਿਤੀ 10 ਮਾਰਚ, 2021 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)

-----------------------